

# ਜੂਠ
## ਤੇ ਹੋਰ ਨਾਟਕ

ਬਲਰਾਮ

# ਜੂਠ

ਤੇ ਹੋਰ ਨਾਟਕ

# ਜੂਠ

## ਤੇ ਹੋਰ ਨਾਟਕ

ਬਲਰਾਮ

Autumn Art

Published by
Autumn Art (India)
V.P.O. Balian, Distt. Sangrur (148001), Mob. 9115872450
E-mail: autumnartpublishers@gmail.com

*all rights reserved.*

Logo of Autumn Art by kafir

© Balram
1st Edition: 2018
ISBN 978-1-7753161-4-5
Hard Cover 145/-

Printed & Bound at:
Twentyfirst Century Printing Press, (Patiala)

---

Juth Ate Hor Natak

By
Balram
E-mail : balrambodhi@gmail.com

# ਮੰਚ ਤੋਂ ਕਿਤਾਬ ਤੱਕ : ਵੀਹ ਸਾਲਾਂ ਦਾ ਸਫ਼ਰ

ਇਹ ਨਾਟਕ ਵੀਹ ਸਾਲ ਪਹਿਲਾਂ ਪਾਠਕਾਂ ਤੱਕ ਪਹੁੰਚ ਸਕਦਾ ਸੀ। ਪਰ ਉਸਨੇ ਇਹ ਪੈਂਡਾ ਤਹਿ ਕਰਨਾ ਸੀ ਤੇ ਉਸਦੇ ਇਸ ਸਫ਼ਰ ਨਾਲ ਕਈ ਹੋਰ ਦਿਲਚਸਪ ਕਿੱਸੇ ਜੁੜਨੇ ਸਨ। ਸ਼ਾਇਦ ਇਹ 1997 ਜਾਂ 98 ਦੀ ਗੱਲ ਹੈ। ਪਹਿਲੀ ਮਈ, ਮਈ ਦਿਹਾੜੇ ਦੀ ਰਾਤ ਨੂੰ ਪੰਜਾਬੀ ਭਵਨ ਲੁਧਿਆਣਾ ਵਿੱਚ ਨਾਟਕ ਖੇਡੇ ਜਾ ਰਹੇ ਸਨ। ਰਾਤ ਦੇ ਦੋ ਵਜੇ ਤੋਂ ਬਾਅਦ 'ਜੂਠ' ਦੀ ਵਾਰੀ ਆਈ। ਮੈਂ ਦਰਸ਼ਕਾਂ ਦੀਆਂ ਪੌੜੀਆਂ ਉੱਪਰ ਸੱਭ ਤੋਂ ਪਿਛਲੀਆਂ ਕਤਾਰਾਂ 'ਚ ਬੈਠਾ ਸੀ। ਸ਼ਾਮ ਤੋਂ ਹੀ ਨਾਟਕ ਦੇਖਦੇ ਹੋਏ ਬਹੁਤੇ ਦਰਸ਼ਕ ਪਿੱਠ ਸਿੱਧੀ ਕਰਨ ਲਈ ਉਹਨਾਂ ਪੌੜੀਆਂ 'ਤੇ ਹੀ ਲੇਟ ਗਏ ਸਨ। ਜੌਹਨ ਸੈਮੁਅਲ ਜੋ ਕਿ ਉਸ ਨਾਟਕ ਦਾ ਨਿਰਦੇਸ਼ਕ ਵੀ ਸੀ ਤੇ ਇਕਲੌਤਾ ਅਦਾਕਾਰ ਵੀ ਉਸਨੇ ਨਾਟਕ ਸ਼ੁਰੂ ਕੀਤਾ ਤਾਂ ਦੋ-ਚਾਰ ਮਿੰਟਾਂ ਅੰਦਰ ਹੀ ਮੈਂ ਦਰਸ਼ਕਾਂ 'ਚ ਇੱਕ ਹਿੱਲਜੁਲ ਜਿਹੀ ਮਹਿਸੂਸ ਕੀਤੀ। ਖੁਸਰ-ਫੁਸਰ ਕਰਦੇ ਕੁਝ ਦਰਸ਼ਕ ਨਾਲ਼ਦਿਆਂ ਨੂੰ ਜਗਾ ਰਹੇ ਸਨ। ਦੇਖਦਿਆਂ ਹੀ ਦੇਖਦਿਆਂ ਦਰਸ਼ਕਾਂ ਵਿੱਚਲਾ ਦ੍ਰਿਸ਼ ਬਦਲ ਗਿਆ, ਕੋਈ ਵੀ ਦਰਸ਼ਕ ਲੇਟਿਆ ਨਜ਼ਰ ਨਹੀਂ ਸੀ ਆ ਰਿਹਾ। ਸੱਭ ਦੀਆਂ ਰੀੜ੍ਹਾਂ ਤਣੀਆਂ ਹੋਈਆਂ ਸਨ। ਮੈਂ ਉਹਨਾਂ ਦੇ ਚਿਹਰੇ ਤਾਂ ਨਹੀਂ ਸੀ ਦੇਖ ਸਕਦਾ ਪਰ ਪਿੱਠਾਂ ਤੋਂ ਹੀ ਸਾਫ਼ ਪੜ੍ਹਿਆ ਜਾ ਸਕਦਾ ਸੀ ਕਿ ਓਮ ਪ੍ਰਕਾਸ਼ ਵਾਲਮੀਕੀ ਦਾ ਦਰਦ; ਜੋ 'ਕੱਲਾ ਉਸੇ ਦਾ ਨਹੀਂ ਸਗੋਂ ਸਮਾਜ ਦੇ ਵੱਡੇ ਹਿੱਸੇ ਦਾ ਸੀ, ਸੈਮੁਅਲ ਦੀ ਅਦਾਕਾਰੀ ਰਾਹੀਂ ਦਰਸ਼ਕਾਂ ਦੇ ਤਨ-ਮਨ ਅੰਦਰ ਸਿੱਧਾ ਉੱਤਰ ਗਿਆ ਸੀ।

ਡੇਢ ਘੰਟੇ ਬਾਅਦ ਜਦ ਨਾਟਕ ਖ਼ਤਮ ਹੋਇਆ। ਰੌਸ਼ਨੀ ਹੋਈ ਤਾਂ ਮੈਂ ਦੇਖਿਆ ਦਰਸ਼ਕਾਂ ਵਾਲੀਆਂ ਸਾਰੀਆਂ ਪੌੜੀਆਂ ਜੋ ਪਹਿਲੋਂ ਅੱਧਿਓਂ ਵੱਧ ਖ਼ਾਲੀ ਸੀ ਹੁਣ ਖਚਾਖਚ ਭਰੀਆਂ ਹੋਈਆਂ ਸਨ। ਨਾਟਕ ਖ਼ਤਮ ਹੁੰਦੇ ਸਾਰ ਹੀ ਗੁਰਸ਼ਰਨ ਭਾਅ ਜੀ ਮੰਚ ਉੱਪਰ ਆ ਗਏ ਤੇ ਉਹਨਾਂ ਨੇ ਦਰਸ਼ਕਾਂ ਨੂੰ ਖੜ੍ਹੇ ਹੋ ਕੇ ਤਾੜੀਆਂ ਨਾਲ ਇਸ ਨਾਟਕ ਦਾ ਹੁੰਘਾਰਾ ਭਰਨ ਲਈ ਕਿਹਾ। ਨਾਟਕ ਦੇ ਲੇਖਕ ਵਜੋਂ ਮੈਨੂੰ

ਵੀ ਮੰਚ 'ਤੇ ਬੁਲਾਇਆ ਗਿਆ। ਸਾਰਾ ਮਾਹੌਲ ਭਾਵਨਾਵਾਂ ਨਾਲ ਪੂਰੀ ਤਰ੍ਹਾਂ ਉਤੇਜਿਤ ਹੋਇਆ ਪਿਆ ਸੀ। ਗੁਰਸ਼ਰਨ ਸਿੰਘ ਜੀ ਦੀ ਭਾਵਨਾਵਾਂ ਨਾਲ ਲਬਰੇਜ਼ ਲੰਮੀ ਤਕਰੀਰ ਨੇ ਨਾਟਕ ਦੇ ਸਿਰਜੇ ਇੱਕ ਅਹਿਸਾਸ ਨੂੰ ਹੋਰ ਵੀ ਤਿੱਖਾ ਕਰ ਦਿੱਤਾ।

ਬਹੁਤ ਲੋਕ ਸੈਮੁਅਲ ਨੂੰ ਵਧਾਈਆਂ ਦੇ ਰਹੇ ਸਨ, ਉਹਨਾਂ ਵਿੱਚੋਂ ਇੱਕ ਲੱਖਾ ਲਹਿਰੀ ਵੀ ਸੀ। ਇਹ ਵਧਾਈਆਂ ਰਸਮੀ ਨਾਂਹ ਹੋ ਕੇ ਉਹਨਾਂ ਵਿੱਚ ਇੱਕ ਤਾਜ਼ਗੀ ਤੇ ਦਿਲੀ ਭਾਵਨਾਵਾਂ ਦੀ ਖ਼ੁਸ਼ਬੋ ਸੀ। ਕਈ ਸਾਰੇ ਕਾਰਨਾਂ ਕਰਕੇ ਲੱਖਾ ਲਹਿਰੀ ਵਰਗੇ ਲੋਕ ਪੰਜਾਬੀ ਰੰਗਮੰਚ ਦੀ ਪਹਿਲੀ 'ਸੋਲੋ' ਪੇਸ਼ਕਾਰੀ ਨੂੰ ਜੀ ਆਇਆਂ ਕਹਿ ਰਹੇ ਸਨ। ਇਹ ਇੱਕ ਸਫ਼ਲ ਤਜਰਬਾ ਸੀ। ਲਾਲ ਸਿੰਘ ਦਿਲ ਤੇ ਪਾਸ਼ ਵਾਲੇ ਇੱਕ-ਪਾਤਰੀ ਨਾਟਕ ਹਾਲੇ ਬਹੁਤ ਬਾਅਦ 'ਚ ਆਉਣੇ ਸਨ। ਪਰ ਬਹੁਤੇ ਦਰਸ਼ਕਾਂ ਲਈ ਖਿੱਚ ਦਾ ਮੁੱਖ ਕਾਰਨ 'ਜੂਠ' ਨਾਟਕ ਦਾ ਵਿਸ਼ਾ ਹੀ ਸੀ। ਭਾਵੇਂ ਪੰਜਾਬੀ ਨਾਟਕਾਂ ਵਿੱਚ ਮਜ਼ਦੂਰਾਂ ਤੇ ਖੇਤ-ਮਜ਼ਦੂਰਾਂ ਦੀ ਕਾਫ਼ੀ ਗੱਲ ਕੀਤੀ ਗਈ ਪਰ ਛੂਤ-ਛਾਤ ਤੇ ਜਾਤਪਾਤ ਦੇ ਦੁਆਲੇ ਹੁੰਦੀ ਹਿੰਸਾ ਨੂੰ ਸ਼ਾਇਦ ਪਹਿਲੀ ਵਾਰ ਨਾਟਕੀ ਰੂਪ ਦਿੱਤਾ ਗਿਆ ਸੀ, ਜਿਸਦਾ ਪ੍ਰੱਤਖ ਦਿਸਦਾ ਅਸਰ ਹਰ ਪਾਸੇ ਨਜ਼ਰ ਆਉਂਦਾ ਸੀ।

ਲੱਗਭਗ ਸਵੇਰ ਹੀ ਹੋਣ ਵਾਲੀ ਸੀ। ਓਪਨ ਏਅਰ ਥਿਏਟਰ 'ਚੋਂ ਬਾਹਰ ਨਿਕਲੇ ਤਾਂ ਚੇਤਨਾ ਪ੍ਰਕਾਸ਼ਨ ਵਾਲੇ ਸਤੀਸ਼ ਗੁਲਾਟੀ ਹੋਰੀਂ ਮੂਹਰਿਓਂ ਆ ਰਹੇ ਸਨ, ਪਹਿਲੀ ਗੱਲ ਹੀ ਉਹਨਾਂ ਨੇ ਨਾਟਕ ਨੂੰ ਛਾਪਣ ਦੀ ਕੀਤੀ। ਪਰ ਮੈਂ ਜੋ ਕੁੱਝ ਉਹਨਾਂ ਨੂੰ ਦੱਸਿਆ ਉਸਦਾ ਉਹਨਾਂ ਨੂੰ ਅੱਜ ਤੱਕ ਵੀ ਯਕੀਨ ਨਹੀਂ ਆਇਆ, ਕਈ ਸਾਂਝੇ ਦੋਸਤਾਂ ਕੋਲ ਉਹ ਸ਼ਿਕਵਾ ਵੀ ਕਰ ਚੁੱਕੇ ਹਨ। ਉਹ ਆਪਣੀ ਜਗ੍ਹਾ ਬਿਲਕੁਲ ਠੀਕ ਨੇ, ਪਰ ਉਹਨਾਂ ਨੂੰ ਜੋ ਮੈਂ ਕਿਹਾ ਸੀ, ਉਹ ਵੀ ਸੌ ਫ਼ੀਸਦੀ ਸਹੀ ਸੀ।

ਨਾਟਕ ਦਾ ਖਰੜਾ ਮੇਰੇ ਕੋਲ ਨਹੀਂ ਸੈਮੁਅਲ ਕੋਲ ਸੀ। ਮੈਂ ਉਸਦੇ ਨਾਲ ਗੱਲ ਕੀਤੀ ਤਾਂ ਉਸਨੇ ਕਈ ਤਰ੍ਹਾਂ ਦੇ ਖਦਸ਼ੇ ਜ਼ਾਹਰ ਕੀਤੇ। ਉਸਦਾ ਕਹਿਣਾ ਸੀ ਕਿ ਨਾਟਕ ਕਿਤਾਬ ਦੀ ਸ਼ਕਲ ਵਿੱਚ ਆ ਜਾਣ ਨਾਲ, ਸਾਡੇ ਵੱਲੋਂ ਤਿਆਰ ਕੀਤੀ ਪੇਸ਼ਕਾਰੀ ਦਾ ਨੁਕਸਾਨ ਹੋ ਸਕਦਾ। ਉਸ ਵੇਲੇ ਮੈਨੂੰ ਵੀ ਗੱਲ ਜਚੀ ਤੇ ਮੈਂ ਉਸ ਨਾਲ ਜ਼ਿੱਦ ਨਹੀਂ ਕੀਤੀ ਤਾਂ ਕਿਤਾਬ ਵਾਲਾ ਮਾਮਲਾ ਅੱਗੇ ਪੈ ਗਿਆ।

ਹੁਣ ਜਦੋਂ ਮੈਨੂੰ ਇਸਦਾ ਅਹਿਸਾਸ ਹੋ ਚੁੱਕਾ ਹੈ ਕਿ ਜੇਬ 'ਚੋਂ ਪੈਸੇ ਖ਼ਰਚੇ ਬਗ਼ੈਰ (ਜੋ ਮੇਰੇ ਕੋਲ ਕਦੇ ਹੋਏ ਨਹੀਂ।) ਪੰਜਾਬੀ ਨਾਟਕ ਦਾ; ਅਤੇ ਉਹ ਵੀ ਤੁਹਾਡੇ ਪਹਿਲੇ ਨਾਟਕ ਦਾ, ਛਪਣਾ ਕਿੰਨਾ ਮੁਸ਼ਕਿਲ ਕੰਮ ਹੈ। ਤਾਂ ਮੈਂ ਹੁਣ ਉਸ ਗੱਲ ਨੂੰ ਇੰਨ-ਬਿੰਨ ਉਵੇਂ ਨਹੀਂ ਦੇਖਦਾ। ਇੱਕ ਤਰ੍ਹਾਂ ਨਾਲ ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਇਹ ਨਾਟਕ ਦੇ ਪਾਠਕਾਂ ਅਤੇ ਹੋਰਨਾਂ ਨਿਰਦੇਸ਼ਕਾਂ ਨਾਲ ਵੀ ਜ਼ਿਆਦਤੀ ਸੀ, ਜਿਹੜੇ ਸਕ੍ਰਿਪਟ ਨਾ ਮਿਲਣ ਤੋਂ ਨਾਰਾਜ਼ ਸਨ।

ਨਾਟਕ ਦੀ ਇਤਿਹਾਸਕਾਰੀ ਦਾ ਜ਼ਿਕਰ ਤਾਂ ਮੈਂ ਨਹੀਂ ਕਰਦਾ, ਜੋ ਮੇਰਾ ਕੰਮ ਨਹੀਂ ਹੈ। ਪਰ ਨਾਟਕਕਾਰ ਵਜੋਂ ਬੇਪਛਾਣੇ ਰਹਿ ਜਾਣ ਲਈ ਮੇਰੇ ਕਿਤਾਬ ਨਾ ਛਪਵਾਉਣ ਦੇ ਨਿਰਣੇ ਨੇ ਵੱਡਾ ਰੋਲ ਨਿਭਾਇਆ ਹੈ। ਮੈਂ ਭਾਵੇਂ 'ਈਗੋ-ਮੁਕਤ' ਹੋਣ ਦਾ ਕਿੱਡਾ ਹੀ ਦਾਅਵਾ ਕਿਉਂ ਨਾ ਕਰਾਂ ਪਰ ਜਦੋਂ ਪੰਜਾਬੀ ਨਾਟਕ ਦੇ ਇਤਿਹਾਸਕਾਰ ਡਾ. ਸਤੀਸ਼ ਵਰਮਾ ਹੋਰੀਂ ਮੇਰੀ ਜਾਣ-ਪਛਾਣ ਰੰਗਮੰਚ ਦੇ ਮਹਿਜ਼ ਇੱਕ ਸੀਨੀਅਰ ਵਿਦਿਆਰਥੀ ਵਜੋਂ ਕਰਵਾਉਂਦੇ ਨੇ ਤਾਂ ਈਗੋ ਨੂੰ ਸੱਟ ਵੱਜਦੀ ਸਾਫ਼ ਦਿਖਦੀ ਹੈ। ਇਸ ਵਿੱਚ ਡਾਕਟਰ ਸਤੀਸ਼ ਵਰਮਾ ਦਾ ਕੋਈ ਕਸੂਰ ਨਹੀਂ ਹੈ। ਇਹ ਕਿਸ ਤਰ੍ਹਾਂ ਹੋਇਆ, ਇਸਦਾ ਪਤਾ ਨਹੀਂ ਪਰ ਇਹ ਹੋਇਆ ਜ਼ਰੂਰ ਹੈ ਕਿ ਇੱਕ ਵੱਡੇ ਸਰਕਲ 'ਚ ਇਹ ਗੱਲ ਚਲੀ ਗਈ ਕਿ "ਜੂਠ" ਦਾ ਨਾਟਕਕਾਰ ਵੀ ਸੈਮੁਅਲ ਹੀ ਹੈ। ਜਦਕਿ ਪਹਿਲੀ ਪੇਸ਼ਕਾਰੀ ਵੇਲੇ ਹੀ ਇਹ ਗੱਲ ਸਾਫ਼ ਹੋ ਚੁੱਕੀ ਸੀ ਅਤੇ ਨਾਟਕਕਾਰ ਦੇ ਵਜੋਂ ਬਲਰਾਜ ਸਾਹਨੀ ਓਪਨ ਥਿਏਟਰ ਦੇ ਮੰਚ ਉੱਪਰ ਸੈਮੁਅਲ, ਗੁਰਸ਼ਰਨ ਭਾਅ ਜੀ ਤੇ ਦੂਜੀਆਂ ਹੋਰ ਸ਼ਖਸੀਅਤਾਂ ਦੇ ਨਾਲ ਮੈਂ ਮੌਜੂਦ ਸੀ। (ਮੈਨੂੰ ਪੱਕੀ ਉਮੀਦ ਹੈ ਕਿ ਕਿਸੇ ਨਾ ਕਿਸੇ ਸੱਜਣ ਕੋਲ ਉਸ ਮੌਕੇ ਦੀਆਂ ਫ਼ੋਟੋਆਂ ਵੀ ਜ਼ਰੂਰ ਹੋਣਗੀਆਂ।) ਪਰ ਬਾਅਦ 'ਚ ਕੁਝ ਅਣਜਾਣੇ ਕਾਰਨਾਂ ਕਰਕੇ ਕੁਝ ਭਰਮ ਵਰਗੀ ਸਥਿਤੀ ਬਣੀ, ਜਿਸਦਾ ਮੈਨੂੰ ਵੀ ਹੁਣੇ ਹੀ ਅਹਿਸਾਸ ਹੋਇਆ ਹੈ।

ਡਾ. ਆਤਮਜੀਤ ਹੋਰਾਂ ਨੇ ਜਦੋਂ 'ਤੈਂ ਕੀ ਦਰਦ ਨਾ ਆਇਆ' ਦੀ ਭੂਮਿਕਾ ਲਿਖਦੇ ਹੋਏ ਨਾਟਕਕਾਰੀ ਦੇ ਜਗਤ ਵਿੱਚ ਮੈਨੂੰ ਜੀ-ਆਇਆਂ ਕਿਹਾ ਤਾਂ ਉਸ ਵੇਲੇ ਮੈਂ ਇਹਨੂੰ ਇੰਨੀ ਸਪੱਸ਼ਟਤਾ ਨਾਲ ਮਹਿਸੂਸ ਨਹੀਂ ਸੀ ਕੀਤਾ। ਇਹ ਡਾਕਟਰ ਸਾਹਿਬ ਦੀ ਜਾਣਕਾਰੀ 'ਚ ਨਹੀਂ ਸੀ ਤੇ ਨਾ ਹੀ ਮੇਰੇ ਜ਼ਿਹਨ ਵਿੱਚ ਉਹਨਾਂ ਨੂੰ ਦੱਸਣ ਦਾ ਖ਼ਿਆਲ ਹੀ ਆਇਆ। ਪਰ ਇਤਿਹਾਸਕ ਤੱਥ ਇਹੋ ਹੈ

ਕਿ 'ਜੂਠ' ਨਾਟਕ 'ਤੈਂ ਕੀ ਦਰਦ ਨਾ ਆਇਆ' ਨਾਲੋਂ ਕੋਈ ਪੰਜ ਛੇ ਸਾਲ ਪਹਿਲੋਂ ਲਿਖਿਆ ਤੇ ਖੇਡਿਆ ਜਾ ਚੁੱਕਾ ਸੀ।

ਖ਼ੈਰ! ਪੰਜਾਬੀ ਦੇ ਪਹਿਲੇ ਇੱਕ-ਪਾਤਰੀ ਨਾਟਕ ਦੀ ਸ਼ਾਇਦ ਇਹ ਹੋਣੀ ਸੀ ਜਾਂ ਇਹ ਗੱਲ ਮੇਰੇ ਅਤੇ ਸੈਮੂਅਲ ਦੇ ਸੁਭਾਵਾਂ ਦੀ ਬਣਤਰ ਵਿੱਚੋਂ ਨਿਕਲੀ ਸੀ। ਪਰ ਅਸਲੀਅਤ ਇਹੋ ਸੀ ਕਿ ਉਸ ਵੇਲੇ ਮੈਂ ਸੈਮੂਅਲ ਦੀ ਗੱਲ ਨੂੰ ਨਹੀਂ ਸੀ ਟਾਲ ਸਕਦਾ। ਇਸਦੀ ਵਜ੍ਹਾ ਸ਼ਾਇਦ ਮਹਿਜ਼ ਸਾਡੀ ਦੋਸਤੀ ਜਾਂ ਫ਼ੋਕੀ ਆਦਰਸ਼ਵਾਦਿਤਾ ਹੀ ਨਹੀਂ ਬਲਕਿ ਇੱਕ 'ਈਗੋ' ਵੀ ਹੋ ਸਕਦੀ ਹੈ (ਬਾਕੀਆਂ ਦਾ ਮੈਨੂੰ ਪਤਾ ਨਹੀਂ, ਪਰ ਮੈਂ ਆਪਣੇ ਆਪ ਨੂੰ ਉਸ 'ਪਵਿਤਰ ਈਗੋ' ਲਈ ਮੁਆਫ਼ ਕਰ ਲਿਆ ਹੈ... ਹਾਹਾ)। ਉਦੋਂ ਲੱਗਦਾ ਸੀ ਕਿ ਕਿਤੇ ਨਾਟਕ 'ਅਨਾੜੀ ਹੱਥਾਂ' ਵਿੱਚ ਪੈ ਸਕਦਾ ਹੈ, ਜਿਹਨਾਂ ਵਿੱਚੋਂ ਬਹੁਤੇ ਲੋਕ ਸ਼ਾਇਦ ਮੰਚ ਦੀ ਸਪੇਸ ਨੂੰ ਪਾਤਰ ਦੇ ਮਨੋ-ਅਕਾਸ਼ ਵਜੋਂ ਵਰਤੇ ਜਾਣ ਦੇ ਪ੍ਰਯੋਗ ਨੂੰ ਇੱਕਦਮ ਨਾ ਫੜ ਸਕਣ।

ਬਹੁਤੀਆਂ ਅਖ਼ਬਾਰੀ ਰਿਪੋਰਟਾਂ ਨੇ ਸਾਡੇ ਇਸ ਖ਼ਦਸ਼ੇ ਨੂੰ ਸਹੀ ਵੀ ਸਾਬਤ ਕੀਤਾ ਸੀ। ਸਾਰੀ ਤਾਰੀਫ਼ ਦੇ ਬਾਵਜੂਦ ਮੰਚ-ਜੜਤ ਅਤੇ ਮੰਚ 'ਤੇ ਪਈ ਸਮੱਗਰੀ ਨੂੰ ਪਾਤਰ ਦੀ ਮਨੋ-ਸਰੰਚਨਾ ਦੇ ਰੂਪ 'ਚ ਦੇਖਣਾ ਜੋ ਕਿ ਉਸ ਲਈ ਪਛਾਣ ਦੀ ਕੈਦ ਬਣ ਗਿਆ ਸੀ; ਜਿਸਤੋਂ ਉਹ ਮੁਕਤ ਹੋਣਾ ਚਾਹੁੰਦਾ ਸੀ, ਬਿਨਾ ਉਸਤੋਂ ਭੱਜਿਓਂ ਤੇ ਬਿਨਾ ਲੁਕਾਇਓਂ। ਇਹ ਉਸ ਨਾਟਕ ਦਾ ਇੱਕ ਰੂਹਾਨੀ ਤੇ ਮਾਨਸਿਕ ਇਨਕਲਾਬ ਵਾਲਾ ਪਹਿਲੂ ਵੀ ਸੀ, ਜਿਹੜਾ ਉਸਨੂੰ ਮਹਿਜ਼ ਇੱਕ ਜੀਵਨੀ ਦੇ ਰੂਪਾਂਤਰਣ ਨਾਲੋਂ ਵਖਰਾਉਂਦਾ ਸੀ।

ਪਰ ਰੰਗਮੰਚੀ ਭਾਸ਼ਾ ਦੀ ਉਚੇਚੀ ਸਿਖਲਾਈ ਤੋਂ ਬਿਨਾ, ਦਰਸ਼ਕਾਂ ਤੇ ਰਿਪੋਰਟਰਾਂ ਤੋਂ ਇੰਨੀ ਮਹੀਨ ਮੰਗ ਕਰਨੀ ਸ਼ਾਇਦ ਇੱਕ ਤਰ੍ਹਾਂ ਦੀ ਜ਼ਿਆਦਤੀ ਵੀ ਸੀ ਅਤੇ ਸ਼ਾਇਦ ਅਸੀਂ ਵੀ ਪਤਾ ਨਹੀਂ ਉਸ 'ਚ ਕਿੰਨਾ ਕੁ ਕਾਮਯਾਬ ਹੋਏ ਸਾਂ। ਇਹ ਇੱਕ ਤਰ੍ਹਾਂ ਦਾ ਪਹਿਲਾ ਤਜਰਬਾ ਸੀ, ਜਿਸਨੂੰ ਬਾਅਦ ਦੀਆਂ ਪੇਸ਼ਕਾਰੀਆਂ ਵਿੱਚ ਸੈਮੂਅਲ ਨੇ ਵੀ ਨਜ਼ਰਅੰਦਾਜ਼ ਕਰ ਦਿੱਤਾ।

ਖ਼ੈਰ! ਇਹ ਤਾਂ ਬਾਅਦ ਦੀ ਗੱਲ ਹੈ ਪਰ ਉਸ ਵੇਲੇ ਮੈਂ ਸੈਮੂਅਲ ਦੀ ਗੱਲ ਨੂੰ ਨਜ਼ਰਅੰਦਾਜ਼ ਨਹੀਂ ਸੀ ਕਰ ਸਕਦਾ ਕਿਉਂਕਿ ਉਹੀ ਸੀ ਜਿਸਨੇ ਨਾਟਕ ਨੂੰ ਇੱਕ ਪਾਤਰੀ ਬਣਾਉਣ ਲਈ ਜ਼ਿੱਦ ਕੀਤੀ ਸੀ। ਨਾਟਕ ਦਾ ਲੱਗਭਗ ਚੌਥਾਈ

ਹਿੱਸਾ ਮੈਂ ਇੱਕ ਰਵਾਇਤੀ ਨਾਟਕ ਵਾਂਗ ਲਿਖ ਵੀ ਲਿਆ ਸੀ। ਪਰ ਦਿਲ 'ਚ ਕੁਝ ਅਜਿਹਾ ਰੜਕਿਆ ਕਿ ਪਾਤਰ ਦੀ ਪੀੜ ਦੀ ਸ਼ਿੱਦਤ ਬਹੁਤੇ ਪਾਤਰਾਂ ਵਿੱਚ ਵੰਡੀ ਜਾ ਕੇ ਪੇਤਲੀ ਪੈ ਰਹੀ ਸੀ। ਇਸ ਗੱਲ ਦਾ ਅਹਿਸਾਸ ਮੈਨੂੰ ਉਸ ਵੇਲੇ ਨਹੀਂ ਸੀ। ਇਸਨੂੰ ਠੀਕ-ਠੀਕ ਤਾਂ ਮੈਂ ਸ਼ਾਇਦ ਹੁਣੇ ਹੀ ਦੇਖਿਆ ਹੈ, ਪਰ ਉਸ ਵੇਲੇ ਵੀ ਇੰਝ ਲੱਗਦਾ ਸੀ ਕਿ ਗੱਲ ਕੁਝ ਬਣ ਨਹੀਂ ਸੀ ਰਹੀ। ਅਜਿਹੇ ਮੌਕਿਆਂ 'ਚ ਮੈਨੂੰ ਬਹੁਤ ਖਿਝ ਚੜ੍ਹਦੀ ਹੈ ਤੇ ਇਸ ਗੱਲੋਂ ਡਰਦਾ ਕਿ ਕਿਸੇ ਨਾਲ ਐਵੇਂ ਲੜ ਹੀ ਨਾ ਪਵਾਂ ਏਧਰ ਓਧਰ ਖਿਸਕ ਜਾਂਦਾ ਹਾਂ। ਉਦੋਂ ਵੀ ਇੰਜ ਹੀ ਹੋਇਆ ਸੀ। ਸੈਮੂਅਲ ਮੇਰੀ ਗ਼ੈਰ-ਹਾਜ਼ਰੀ 'ਚ ਆਇਆ ਤੇ ਲਿਖੇ ਹੋਏ ਕਾਗਜ਼ਾਂ 'ਤੇ ਲੀਕ ਮਾਰ ਕੇ ਚਲਾ ਗਿਆ। ਵਾਪਸ ਆ ਕੇ ਮੈਂ ਵੀ ਉਹਨਾਂ ਨੂੰ ਬਿਨਾ ਮੁੜਕੇ ਦੇਖਿਓਂ ਕੂੜੇ 'ਚ ਸੁੱਟ ਦਿੱਤਾ।

ਹੁਣ ਮੇਰੇ ਅੰਦਰ ਕੁਝ ਸਪਸ਼ਟ ਹੋ ਚੁੱਕਾ ਸੀ। ਸਾਹਮਣੇ ਪਏ ਇੱਕ ਲੈਟਰ-ਪੈਡ ਉੱਤੇ ਇਹ ਸ਼ਬਦ ਉੱਕਰੇ "ਮੈਂ ਓਮ ਪ੍ਰਕਾਸ਼ ਵਾਲਮੀਕੀ..." ਅਤੇ ਇੱਕ-ਪਾਤਰੀ ਨਾਟਕ ਦਾ ਇਹ ਸਫ਼ਰ ਸ਼ੁਰੂ ਹੋਇਆ।

ਨਾਟਕ ਦਾ ਮੋਟਾ ਖਰੜਾ, ਜੀਹਦੇ ਅੰਦਰ ਜੀਵਨੀ ਵਿੱਚਲਾ ਇੱਕ-ਰੇਖਾਈ ਸਮਾਂ ਜਿਸ ਵਿੱਚ ਘਟਨਾਵਾਂ ਤਾਰੀਖ਼ ਜਾਂ ਕੈਲੰਡਰ ਮੁਤਾਬਿਕ ਚੱਲਦੀਆਂ ਹਨ, ਮਨੋਜਗਤ ਦੇ ਸਮੇਂ ਅਨੁਸਾਰ ਢਲ਼ਣ ਲੱਗ ਪਿਆ। ਇਸ ਨਾਟਕੀ ਰੂਪ 'ਚ ਘਟਨਾਵਾਂ ਦੀ ਤਰਤੀਬ ਨੂੰ ਤਾਰੀਖ਼ ਨਹੀਂ ਸਗੋਂ ਮਨ ਉੱਤੇ ਪਈ ਉਹਨਾਂ ਦੀ ਛਾਪ ਦੀ ਡੂੰਘਿਆਈ ਨਿਰਧਾਰਤ ਕਰਦੀ ਹੈ। ਇਸ ਤਰਤੀਬ ਵਿੱਚ ਸਮਾਂ ਇੱਕੋ ਦਿਸ਼ਾ ਵੱਲ ਸਫ਼ਰ ਕਰਦਾ ਹੋਇਆ ਨਜ਼ਰ ਨਹੀਂ ਆਉਂਦਾ, ਬਲਕਿ 'ਸਪੇਸ' ਵਾਂਗੂ ਉੱਪਰ-ਥੱਲੇ ਤੇ ਅੱਗੇ-ਪਿੱਛੇ ਘੁੰਮਣ ਲੱਗਦਾ ਹੈ। ਇੱਥੇ ਸਮੇਂ ਦੀ ਚਾਲ ਜਾਂ ਗਤੀ ਵੀ ਇੱਕਸਾਰ ਨਹੀਂ ਰਹਿੰਦੀ, ਭਾਵਨਾਵਾਂ ਦੀ ਸ਼ਿੱਦਤ ਉਸਨੂੰ ਹੌਲ਼ੀ ਜਾਂ ਤੇਜ਼ ਕਰਦੀਆਂ ਰਹਿੰਦੀ ਹੈ।

ਇਹ ਸਾਰਾ ਕੁਝ ਆਇਨਸਟਾਇਨ ਦੇ ਸਾਪੇਖਕ ਸਮੇਂ ਦੀ ਯਾਦ ਕਰਾਉਂਦਾ ਸੀ, ਜਿੱਥੇ ਸਮਾਂ ਅੱਡ ਨਹੀਂ ਰਹਿ ਜਾਂਦਾ, ਸਗੋਂ ਸਪੇਸ ਦੇ ਹੀ ਵਿਸਥਾਰ ਦਾ ਇੱਕ ਹਿੱਸਾ ਹੋ ਜਾਂਦਾ ਹੈ, ਇਸ ਵਿੱਚ ਅਨੁਭਵਾਂ ਦੀ ਕੈਦ ਤੇ ਉਹਨਾਂ ਦੀ ਜਕੜਨ ਦਾ ਇੱਕ ਅਹਿਸਾਸ ਹੈ। ਇਸ ਧੁੰਦਲੇ ਜਿਹੇ ਅਹਿਸਾਸ ਵਿੱਚ ਹੀ ਨਾਟਕ ਦੀ ਮੰਚ-ਜੜਤ ਅਤੇ ਸਮੱਗਰੀ ਦੀ ਵਰਤੋਂ ਦੀ ਮਹੀਨ ਵਿਉਂਤਬੰਦੀ

ਲੁਕੀ ਹੋਈ ਪਈ ਸੀ। ਪਾਤਰ ਨੇ ਬਾਹਰੀ ਸਪੇਸ ਵਿੱਚ ਭਾਵੇਂ ਬਹੁਤ ਪੈਂਡਾ ਤਹਿ ਕਰ ਲਿਆ; ਪਰ ਅਨੁਭਵਾਂ ਦੀ ਸ਼ਕਲ 'ਚ ਜੋ ਮਾਨਸਿਕ ਸਮਾਂ ਉਸ ਅੰਦਰ ਸਥਾਨ ਵਾਂਗ ਪਸਰ ਗਿਆ ਹੈ, ਉਹ ਤਾਂ ਉਸਦੇ ਨਾਲ ਹੀ ਸਫ਼ਰ ਕਰਦਾ ਹੈ। ਉਸਤੋਂ ਮੁਕਤੀ ਦਾ ਮਾਰਗ ਕੀ ਹੈ? ਕਿਸੇ ਵੀ ਤਰ੍ਹਾਂ ਦੀ ਕੋਈ ਭਾਂਜ ਜਾਂ ਪਰਦਾਪੋਸ਼ੀ; ਇਹ ਮਾਰਗ ਦੀ ਨਹੀਂ ਹੋ ਸਕਦੀ ਕਿਉਂਕਿ ਉਸਦਾ ਪਸਾਰ ਵੀ ਸਿਰਫ਼ ਬਾਹਰਲੇ ਪਾਸੇ ਨੂੰ ਹੀ ਹੋਵੇਗਾ। ਇੰਝ ਉਹ ਸਿਰਫ਼ ਮਾਰਗ ਦਾ ਭਰਮ ਹੀ ਸਿਰਜ ਸਕਦੀ ਹੈ। ਨਾਟਕ ਦੇ ਪਰਮ ਸਿਖ਼ਰ ਉੱਤੇ ਪਹੁੰਚਦੇ-ਪਹੁੰਚਦੇ ਮਨੋ-ਚੇਤਨਾ ਦੀ ਮੁਕਤੀ ਦਾ ਇਹ ਸਵਾਲ ਤਿੱਖਾ ਹੋਣ ਲੱਗਦਾ ਹੈ।

ਆਪਣੀ ਕਥਾ ਵਿੱਚਲੇ ਕਈ ਹੋਰ ਪਾਤਰਾਂ ਵਾਂਗ ਵਾਲਮੀਕੀ ਇਸ ਰਾਹ ਨਹੀਂ ਪੈਂਦੇ; ਉਹ ਆਪਣੀ ਪਛਾਣ ਨੂੰ ਛੁਪਾਉਂਦੇ ਨਹੀਂ, ਜਿਉਂਦੇ ਹਨ।

ਭਾਵੇਂ ਇਹ ਨਾਟਕ ਉਹਨਾਂ ਦੀ ਜੀਵਨੀ ਦਾ ਨਾਟ-ਰੂਪ ਹੈ, ਪਰ ਇਸ ਵਿੱਚਲਾ ਪਾਤਰ ਇਸ ਸਵਾਲ ਨਾਲ ਵੀ ਦੋ-ਚਾਰ ਹੁੰਦਾ ਹੈ ਕਿ ਅਤੀਤ ਤੋਂ ਬਣੀ ਪਛਾਣ (ਜਿਸਦੇ ਪਿੱਛੇ ਮਹੀਨ ਹੀਣ-ਭਾਵਨਾ ਹੀ ਹੁੰਦੀ ਹੈ ਜਾਂ ਸੌਖੇ ਮਾਰਗ ਦੀ ਤਲਾਸ਼।) ਨੂੰ ਛੁਪਾਏ ਤੋਂ ਬਗ਼ੈਰ ਤੇ ਉਸਨੂੰ ਜੱਫ਼ਾ ਪਾਉਣ ਤੋਂ ਬਿਨਾ ਜਿਉਣ ਦਾ ਕੀ ਕੋਈ ਹੋਰ ਮਾਰਗ ਵੀ ਹੈ। ਇਸ ਬਿੰਦੂ ਉੱਤੇ ਨਾਟਕ ਵਿੱਚਲਾ ਪਾਤਰ ਜੀਵਨੀ ਵਾਲੇ ਵਾਲਮੀਕੀ ਹੋਰਾਂ ਨਾਲੋਂ ਹੋ ਸਕਦਾ ਕੁਝ ਭਿੰਨ੍ਹ ਨਜ਼ਰ ਆਵੇ।

...ਪਰ ਇਹ ਪਾਤਰ ਹੁਣ ਮੇਰੇ ਕਾਬੂ ਤੋਂ ਬਾਹਰ ਹੈ। ਸ਼ਾਇਦ ਇਹ ਮੇਰੇ ਅਤੇ ਵਾਲਮੀਕੀ ਹੋਰਾਂ ਦੇ ਸੰਵਾਦ ਦੇ ਕੁੰਡ ਵਿੱਚੋਂ ਪ੍ਰਗਟਿਆ ਹੈ, ਜਿਸ ਵਿੱਚੋਂ ਮੈਂ ਚਾਹੁੰਦੇ ਹੋਏ ਵੀ ਖ਼ੁਦ ਨੂੰ ਖ਼ਾਰਜ ਨਹੀਂ ਕਰ ਸਕਦਾ। ਨਾਟਕ ਵਿੱਚਲਾ ਪਾਤਰ ਕਿਸੇ ਆਤਮਾ ਦੇ ਭਰਮ ਵਿੱਚ ਪਏ ਤੋਂ ਬਿਨਾ ਖ਼ੁਦ ਤੋਂ ਇਹ ਪੁੱਛਦਾ ਹੈ ਕਿ ਉਹਨਾਂ ਅਨੁਭਵਾਂ ਨਾਲ ਉਸਦਾ ਕੀ ਨਾਤਾ ਹੈ, ਕੀ ਉਹ ਉਹਨਾਂ ਤੋਂ ਛੁੱਟ ਵੀ ਕੁਝ ਹੈ?

ਵਾਲਮੀਕੀ ਸਾਹਿਬ ਦੀ ਜੀਵਨੀ ਨੂੰ ਇਸ ਨਾਟਕੀ ਰੂਪ 'ਚ ਢਾਲ਼ਦੇ ਸਮੇਂ ਹੋਏ ਆਪਣੇ ਅਨੁਭਵਾਂ; ਜੋ ਇੱਕ ਵੱਖਰੀ ਹੀ ਦਾਸਤਾਨ ਹੈ, ਨੂੰ ਮੈਂ ਇੱਥੇ ਬਿਆਨ ਨਹੀਂ ਕਰਾਂਗਾ। ਬੱਸ ਇੰਨਾ ਹੀ ਜ਼ਿਕਰ ਕਰਾਂਗਾ ਕਿ ਉਹਨਾਂ ਦੀ ਜੀਵਨੀ ਨੇ ਮੈਨੂੰ ਆਪਣੇ ਬਚਪਨ ਤੇ ਮੁੱਢਲੀ ਜਵਾਨੀ ਦੇ ਕਈ ਅਨੁਭਵਾਂ ਨੂੰ ਮੁੜ ਨਵੇਂ ਹੀ ਸਿਰੇ 'ਤੋਂ ਦੇਖਣ ਲਈ ਮਜ਼ਬੂਰ ਕਰ ਦਿੱਤਾ ਤੇ ਉਹਨਾਂ ਤੋਂ ਮੁਕਤ ਹੋਣ ਲਈ ਇੱਕ ਤੜਫ਼ ਵੀ ਪੈਦਾ ਕੀਤੀ ਸੀ।

ਚਾਹੇ ਨਾਟਕ ਦਾ ਮੁੱਢਲਾ ਖਰੜਾ ਭਾਵੇਂ ਡੀ.ਸੀ.ਡਬਲਿਊ 'ਚ ਹੀ ਪੂਰਾ ਹੋ ਗਿਆ ਸੀ, ਪਰ ਨਾਟਕੀ ਰੂਪ ਉਸਨੇ ਚਮਕੌਰ ਸਾਹਿਬ ਵਿੱਚ ਭੰਗੂ ਸਾਹਿਬ ਦੇ ਘਰ ਅਤੇ ਉਸਦੇ ਸਾਹਮਣੇ ਬਣੀ ਓਪਨ ਏਅਰ ਸਟੇਜ ਉੱਤੇ ਹੁੰਦੀਆਂ ਰਿਹਰਸਲਾਂ ਅੰਦਰ ਹੀ ਧਾਰਣ ਕੀਤਾ ਸੀ। ਸੈਮੁਅਲ ਉਹਨਾਂ ਰਿਹਰਸਲਾਂ ਦਾ ਅਨਿੱਖੜ ਅੰਗ ਸੀ। ਕਿਉਂ ਜੋ ਉਹੀ ਉਹਨਾਂ ਸ਼ਬਦਾਂ ਨੂੰ ਸ਼ਰੀਰ ਦੇ ਰਿਹਾ ਸੀ, ਜਿਹਨਾਂ ਨੂੰ ਮੈਂ ਨਾਟਕੀ ਬਣਤਰ ਵਿੱਚ ਬੰਨ੍ਹਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਕਈ ਵਾਰ ਸਾਰੀ ਰਾਤ ਜਾਗਦੇ ਹੋਏ ਲੰਘਦੀ ਤੇ ਤੜਕਸਾਰ ਅਸੀਂ ਬਾਹਰ ਸੈਰ ਨੂੰ ਚਲੇ ਜਾਂਦੇ; ਜੇ.ਪੀ. ਦੀ ਸੰਗਤ ਤੋਂ ਪਹਿਲੋਂ ਸ਼ਾਇਦ ਇਹਨਾਂ ਦਿਨਾਂ 'ਚ ਹੀ ਮੈਂ ਸਭ ਤੋਂ ਵੱਧ ਵਾਰ ਚੜ੍ਹਦਾ ਸੂਰਜ ਦੇਖਿਆ ਸੀ, ਜਿਸ ਤੋਂ ਥੋੜ੍ਹੀ ਦੇਰ ਮਗਰੋਂ ਅਸੀਂ ਸੌਂ ਜਾਂਦੇ ਸਾਂ। ਇਹ ਜੂਠ ਨਾਟਕ ਦੇ ਜਨਮ ਦਾ ਸਮਾਂ ਸੀ ਤੇ ਅੱਜ ਵੀਹ ਸਾਲਾਂ ਪਿੱਛੋਂ ਉਸਨੂੰ ਕਿਤਾਬ ਦੇ ਰੂਪ 'ਚ ਪਾਠਕਾਂ ਨਾਲ ਸਾਂਝੇ ਕਰਦਿਆਂ ਮੈਨੂੰ ਇੱਕ ਖ਼ਾਸ ਖੁਸ਼ੀ ਤੇ ਰਾਹਤ ਮਹਿਸੂਸ ਹੋ ਰਹੀ ਹੈ।

– ਬਲਰਾਮ

**14**

# ਜੂਠ

16

(ਮੰਚ ਉੱਪਰ ਹਨੇਰਾ ਹੈ। ਉਸ ਹਨੇਰੇ ਵਿੱਚ ਇੱਕ ਸ਼ਖ਼ਸ ਮੰਚ ਦੇ ਵਿੱਚਕਾਰ ਪਿੱਠ ਕਰਕੇ ਬੈਠਾ ਹੈ। ਹੌਲੀ ਹੌਲੀ ਰੌਸ਼ਨੀ ਹੁੰਦੀ ਹੈ ਤੇ ਉਹ ਦਰਸ਼ਕਾਂ ਵੱਲ ਮੁੜਦਾ ਹੈ। ਰੋਸ਼ਨੀ ਹਾਲੇ ਸਿਰਫ਼ ਉਸੇ ਉੱਤੇ ਹੈ। ਉਹ ਆਲੇ-ਦੁਆਲੇ ਨਜ਼ਰ ਮਾਰਦਾ ਹੈ ਤਾਂ ਦੂਸਰੀਆਂ ਚੀਜ਼ਾਂ ਉੱਭਰਨ ਲੱਗਦੀਆਂ ਹਨ, ਜਿਹੜੀਆਂ ਕਿ ਵੱਖੋ-ਵੱਖ ਸਪਾਟਸ ਵਿੱਚ ਹਨ। ਮੰਚ ਦੇ ਸੈਂਟਰ 'ਚ ਕੂੜੇ ਦਾ ਢੇਰ ਹੈ, ਜਿੱਥੇ ਉਹ ਖੜ੍ਹਾ ਹੈ। ਪਿੱਛੇ ਕਿਤਾਬਾਂ ਦਾ ਇੱਕ ਰੈਕ ਹੈ, ਜਿਸਦੇ ਮੂਹਰੇ ਇੱਕ ਬੈਂਚ ਪਿਆ ਹੈ। ਇੱਕ ਥਾਂ ਉੱਪਰ ਟਹਿਣੀਆਂ ਦਾ ਬਣਿਆ ਝਾੜੂ ਪਿਆ ਹੈ, ਇੱਕ ਟੋਕਰੀ ਤੇ ਛੁਰੀ। ਮੰਚ ਦੇ ਚਾਰੇ ਕੋਨਿਆਂ ਤੋਂ ਕਾਲ਼ੇ ਰੰਗ ਦੇ ਜਾਲ਼ ਦੇ ਚਾਰੇ ਸਿਰੇ ਉੱਪਰ ਨੂੰ ਉੱਠੇ ਹੋਏ ਹਨ, ਜਿਸਤੋਂ ਉਸਦੇ ਫਸੇ ਹੋਣ ਦਾ ਆਭਾਸ ਹੁੰਦਾ ਹੈ। ਇਹ ਸਾਰਾ ਪਸਾਰਾ ਉਸਦੇ ਮਨ ਦਾ ਹੈ। ਇੱਕਦਮ ਡਰਕੇ ਉਹ ਸਿਰ ਝਟਕਦਾ ਹੈ ਤੇ ਦਰਸ਼ਕਾਂ ਨੂੰ ਮੁਖ਼ਾਤਬ ਹੁੰਦਾ ਹੈ। ਰੌਸ਼ਨੀ ਹੌਲ਼ੀ-ਹੌਲ਼ੀ ਫ਼ੈਲਦੀ ਹੈ।)

ਵਾਲਮੀਕੀ: ਮੈਂ ਓਮ ਪ੍ਰਕਾਸ਼ ਵਾਲਮੀਕੀ... ਨਾਟਕਕਾਰ... ਕਹਾਣੀਕਾਰ ਅਤੇ ਹੋਰ ਪਤਾ ਨਹੀਂ ਕੀ-ਕੀ...। ਕਿਹੜੇ-ਕਿਹੜੇ ਨਾਵਾਂ ਨਾਲ ਜਾਣਦੇ ਓ ਤੁਸੀਂ ਮੈਨੂੰ। ਮੇਰਾ ਜਨਮ ਜਿੱਥੇ ਹੋਇਆ... ਢੇਰ ਸੀ ਕੂੜੇ ਦਾ... ਸਾਰੀ ਜ਼ਿੰਦਗੀ ਬੱਸ ਉਸੇ ਕੂੜੇ 'ਚੋਂ ਨਿਕਲਣ ਲਈ ਹੱਥ-ਪੈਰ ਮਾਰਦਾ ਰਿਹਾਂ... ਅੰਦਰੋਂ ਵੀ ਤੇ ਬਾਹਰੋਂ ਵੀ...।

(ਆਪਣੇ ਅੰਦਰ ਵੱਲ ਸੁੰਗੜਦਾ ਹੋਇਆ ਗਰਦਨ ਘੁੰਮਾਕੇ ਮੰਚ ਉੱਤੇ ਪਈਆਂ ਚੀਜ਼ਾਂ ਵੱਲ ਦੇਖਦਾ ਹੈ। ਕੂੜੇ ਤੋਂ ਸ਼ੁਰੂ ਹੋ ਕੇ ਉਸਦੀ ਨਿਗ੍ਹਾ ਹਰ ਚੀਜ਼ 'ਤੇ ਹੁੰਦੀ ਹੋਈ ਮੁੜ ਪੈਰਾਂ ਹੇਠ ਪਏ ਕੂੜੇ 'ਤੇ ਪੈਂਦੀ ਹੈ, ਉਹ ਇੰਝ ਤੜਪ ਉੱਠਦਾ ਹੈ ਜਿਵੇਂ ਚੰਗਿਆੜਿਆਂ ਉੱਪਰ ਖੜ੍ਹਾ ਹੋਵੇ।)

ਚਾਰ-ਚੁਫ਼ੇਰੇ ਗੰਦਗੀ ਹੀ ਗੰਦਗੀ ਸੀ, ਬਦਬੋ ਐਸੀ ਕਿ

ਦਮ ਘੁੱਟ ਜਾਏ ਬੰਦੇ ਦਾ। (ਦਰਸ਼ਕਾਂ ਵੱਲ ਵੱਧਦਾ ਹੈ।) ਤੰਗ ਗਲ਼ੀਆਂ, ਅਵਾਰਾ ਘੁੰਮਦੇ ਸੂਰ, ਕੁੱਤੇ ਤੇ... ਰੂੜੀਆਂ ਤੇ ਖੇਡਦੇ ਨੰਗ-ਧੜੰਗੇ ਜੁਆਕ, ਲੜਾਈ-ਝਗੜਾ ਮਾਰ-ਕੁਟਾਈ, ਬੱਸ ਇਹੋ ਜਿਹੇ ਮਹੌਲ ਵਿੱਚ ਮੇਰਾ ਬਚਪਨ ਗੁਜ਼ਰਿਆ।

(ਆਲੇ-ਦੁਆਲੇ ਇੰਝ ਦੇਖਦਾ ਹੈ ਜਿਵੇਂ ਕਿਸੇ ਡੂੰਘੀ ਗੁਫ਼ਾ 'ਚ ਉੱਤਰ ਰਿਹਾ ਹੋਵੇ।)

ਛੱਪੜ ਦੇ ਏਸ ਕੰਢੇ ਚੂੜ੍ਹਿਆਂ ਦਾ ਵਿਹੜਾ ਸੀ ਤੇ ਦੂਜੇ ਪਾਸੇ ਜੱਟਾਂ ਅਤੇ ਬ੍ਰਾਹਮਣਾਂ ਦੇ ਘਰ। ਛੱਪੜ ਵਿੱਚਾਲੇ ਵੰਡ ਦਾ ਕੰਮ ਕਰਦਾ ਸੀ। ਜੱਟ... ਬ੍ਰਾਹਮਣ... ਤੇ ਚੂਹੜੇ।

(ਹੱਥ ਨਾਲ ਪੈਰਾਂ ਮੂਹਰਲੀ ਸਪੇਸ ਨੂੰ ਖ਼ਾਨਿਆਂ ਵਿੱਚ ਵੰਡਣ ਦਾ ਜੈਸਚਰ ਕਰਦਾ ਹੈ, ਚਿਹਰੇ 'ਤੇ ਕੁੜੱਤਣ ਭਰੀ ਮੁਸਕਾਨ ਆਉਂਦੀ ਹੈ। ਗੋਲ ਘੁੰਮਦਾ ਹੋਇਆ।)

ਪਿੰਡ ਦੀਆਂ ਸਾਰੀਆਂ ਕੁੜੀਆਂ-ਬੁੜ੍ਹੀਆਂ ਛੱਪੜ ਦੇ ਕੰਢੇ ਹੀ ਜੰਗਲ-ਪਾਣੀ ਆਉਂਦੀਆਂ। ਇੱਥੋਂ ਤੱਕ ਕਿ ਸੱਜ-ਵਿਆਹੀਆਂ ਘੁੰਡ ਕੱਢੀ, ਦੁਪੱਟੇ ਲਪੇਟੀ... (ਹਾਉਕਾ) ਨੰਗ ਉਘਾੜਕੇ ਬੈਠ ਜਾਂਦੀਆਂ।

(ਚਿਹਰਾ ਪਥਰਾਅ ਜਾਂਦਾ ਹੈ: ਭਾਵਹੀਨ।)

ਵਿਹੜੇ ਦੇ ਲੋਕ ਗੋਹੇ-ਕੂੜੇ ਤੋਂ ਲੈਕੇ ਮਿਹਨਤ ਮਜ਼ੂਰੀ ਤੇ ਦਿਹਾੜੀ-ਦੱਪੇ ਦਾ ਕੰਮ ਕਰਦੇ ਸੀ ਤੇ ਰਾਤ-ਬਰਾਤੇ ਵਗਾਰ ਵੀ ਕਰਨੀ ਪੈਂਦੀ ਸੀ (ਇੱਕੋ ਸਾਹ 'ਚ) ਤੇ ਇਸ ਵਗਾਰ ਦੇ ਬਦਲੇ ਮਿਲਦੀਆਂ ਸੀ ਗਾਲ੍ਹਾਂ ਤੇ ਬੇਜ਼ਤੀ। ਨਾਂਹ-ਨੁੱਕਰ ਦੀ ਤਾਂ ਹਿੰਮਤ ਈ ਕਿਸੇ 'ਚ ਨਹੀਂ ਸੀ, ਨਾ ਕੋਈ ਸੋਚਦਾ! (ਦਰਦ ਨਾਲ ਚੇਹਰਾ ਸੁੰਗੜਦਾ ਹੈ)। ਪਿੰਡ ਦਾ ਇੱਕ ਵੀ ਬੰਦਾ ਵਿਹੜੇ ਆਲਿਆਂ ਦਾ ਨਾਂ ਲੈਕੇ ਨਹੀਂ ਸੀ ਬੁਲਾਉਂਦਾ...। ਸਗੋਂ ਓ... ਚੂੜ੍ਹਿਆ, ਵੇਲੇ ਸਿਰ ਆ ਜੀਂ ਕੰਮ 'ਤੇ। ਇਹੋ ਕੁਝ ਹੀ ਸੁਣਨਾ ਪੈਂਦਾ ਸੀ।

(ਪਿੱਛੇ ਮੁੜਕੇ ਫੇਰ ਕੂੜੇ ਕੋਲ ਆ ਜਾਂਦਾ ਹੈ, ਉਸ ਵੱਲ ਦੇਖਦਾ ਹੈ ਤੇ ਫੇਰ ਦਰਸ਼ਕਾਂ ਵੱਲ।)

ਵਿਹੜੇ ਦੇ ਬਾਕੀ ਜੁਆਕਾਂ ਵਾਂਗੂ ਮੈਂ ਵੀ ਘਰੇ ਬੈਠਾ ਰਹਿੰਦਾ

ਸੀ। ਸਕੂਲ 'ਚ ਤਾਂ ਸਾਨੂੰ ਕੋਈ ਵੜ੍ਹਣ ਨਹੀਂ ਸੀ ਦਿੰਦਾ। (ਉਤਸ਼ਾਹ 'ਚ) ਪਰ ਬਾਪੂ ਮੇਰੇ ਦੀ ਬਹੁਤ ਇੱਛਾ ਸੀ ਮੈਨੂੰ ਪੜ੍ਹਾਉਣ ਦੀ। ਉਹਨਾਂ ਨੇ ਸਕੂਲ ਦੇ ਬਹੁਤ ਗੇੜੇ ਮਾਰੇ, ਮਾਸਟਰਾਂ ਦੇ ਮਿੰਨਤਾਂ ਤਰਲੇ ਕੱਢੇ ਤਾਂ ਆਖਰ ਨੂੰ ਕਰ-ਕਰਾ ਕੇ ਮੈਨੂੰ ਸਕੂਲ ਵਿੱਚ ਦਾਖ਼ਲ ਕਰਵਾਤਾ। (ਵਿਅੰਗ ਭਰਿਆ ਹਾਸਾ)

(ਦਿਮਾਗ਼ 'ਤੇ ਜ਼ੋਰ ਪਾਉਂਦੇ ਹੋਏ)

ਸਕੂਲ ਵਿੱਚ ਬਾਕੀ ਜੁਆਕਾਂ ਤੋਂ (ਹੱਥ ਨਾਲ਼ ਕਿਸੇ ਨੂੰ ਪਰ੍ਹੇ ਹਟਾਉਣ ਦਾ ਜੈਸਚਰ ਕਰਦਾ ਹੈ) ਦੂਰ ਬੈਠਣਾ ਪੈਂਦਾ ਸੀ। ਦੂਰ ਦਰਵਾਜ਼ੇ ਕੋਲ਼। ਸਕੂਲ ਦੇ ਸਾਰੇ ਜੁਆਕ ਹਰ ਵੇਲੇ, 'ਚੂਹੜੇ ਦਾ ਓਏ!' ਕਹਿ-ਕਹਿ ਕੇ ਛੇੜਦੇ ਰਹਿੰਦੇ; ਬਿਨਾ ਗੱਲੋਂ ਕੁੱਟ ਦਿੰਦੇ, ਮਾਸਟਰਾਂ ਤੋਂ ਜਿਹੜੀ ਕੁੱਟ ਪੈਂਦੀ ਉਹ ਵੱਖਰੀ। ਸਬਕ ਜਾਂ ਪੜ੍ਹਾਈ ਕਰਕੇ ਨਹੀਂ ਸਗੋਂ ਇਸ ਕਰਕੇ ਕਿ ਮੈਂ ਪਾਣੀ ਵਾਲ਼ੇ ਨਲ਼ਕੇ ਨੂੰ ਹੱਥ ਲਾ ਦਿੱਤਾ ਸੀ।

(ਲੰਬੀ ਚੁੱਪ)

ਮੈਨੂੰ ਸਕੂਲੋਂ ਕੱਢਣ ਦੇ ਸਾਰੇ ਹੱਥਕੰਡੇ ਵਰਤੇ ਗਏ। ਉਹ ਮੈਨੂੰ ਉਸੇ ਹੀ ਕੰਮ 'ਚ ਲਾ ਦੇਣਾ ਚਾਹੁੰਦੇ ਸੀ ਜੀਹਦੇ 'ਚ ਮੇਰੀਆਂ ਪਿਛਲੀਆਂ ਕਈ ਪੀੜ੍ਹੀਆਂ ਜੰਮੀਆਂ ਤੇ ਮਰ ਗਈਆਂ। ਉਹਨਾਂ ਲਈ ਤਾਂ ਮੇਰਾ ਜਨਮ ਵੀ ਇਸੇ ਵਾਸਤੇ ਹੋਇਆ ਸੀ। (ਚੁੱਪ) ਪਰ ਬਾਪੂ ਜੀ ਵਾਰ-ਵਾਰ ਆਖਦੇ, ਮੁਣਸ਼ੀ ਪੁੱਤ; ਪੜ੍ਹ ਲਿਖਕੇ ਜਾਤ ਸੁਧਾਰਨੀ ਆ। ਤੇ ਇਹ ਗੱਲ (ਮੱਥਾ ਠੋਕਦਾ ਹੈ।) ਮੇਰੇ ਇੱਥੇ ਵੱਜਦੀ ਰਹਿੰਦੀ... ਵੱਜਦੀ ਰਹਿੰਦੀ। ਉਦੋਂ ਕਿਤੇ ਨਾ ਕਿਤੇ ਮੈਨੂੰ ਵੀ ਲੱਗਦਾ ਸੀ ਕਿ ਸ਼ਾਇਦ ਐਂ ਈ ਜਾਤ ਸੁਧਰ ਜੂਗੀ।

ਮੈਲ਼ੇ-ਕੁਚੈਲ਼ੇ ਕੱਪੜੇ ਪਾਕੇ ਸਕੂਲ ਚਲੇ ਜਾਣਾ ਤਾਂ, ਪਰੇ ਮਰ ਓਇ... ਕੇ ਬੋਅ ਮਾਰਦੀ ਆ ਤੇਰੇ 'ਚੋਂ ਅਤੇ ਜੇ ਕਿਤੇ ਧੋਤੇ ਜਾਂ ਮਾਸੀ-ਭੂਆ ਕੋਲੋਂ ਮਿਲੇ ਨਵੇਂ ਪਾ ਲੈਂਦਾ ਤਾਂ ਫਿਰ ਵੀ ਮਸ਼ਕਰੀਆਂ, "ਆ ਭੰਗੀ ਆ ਚੂੜ੍ਹਾ; ਅੱਜ ਤਾਂ ਨਵੇਂ ਪਾਈ ਫਿਰਦਾ ਉਏ!" ਇਹੋ ਜਿਹੇ ਮਹੌਲ ਚ ਪੜਣਾਂ-ਪੁੜਨਾ ਤਾਂ ਕੀ...! ਬਹੁਤ ਔਖਾ ਕੰਮ... ਸੀ।

ਇੱਕ ਦਿਨ ਇੰਸਪੈਕਸ਼ਨ ਸੀ ਸਕੂਲ ਦੀ... ਹੈੱਡ-ਮਾਸਟਰ ਨੇ ਬੁਲਾ ਲਿਆ ਕਮਰੇ 'ਚ... ਵੇਖਦਿਆਂ ਹੀ ਚੀਕਣ ਲੱਗ ਪਿਆ "ਤੂੰ ਚੂਹੜੇ ਦਾ ਓਏ!" (ਦੋਹੇਂ ਪਾਸਿਉਂ ਆਪ ਹੀ ਬੋਲਦਾ ਹੈ)

ਜੀ, ਜੀ... ਹਾਂ ਜੀ।

"ਫੇਰ ਝਾਕਦਾ ਕੀ ਏਂ, ਸਾਹਮਣੇ ਚੜ੍ਹ ਜਾ ਦਰਖ਼ਤ 'ਤੇ।"

"ਜੀਅ...! ਜੀ।"

"ਝਾਕੀ ਕੀ ਜਾਂਦਾਂ, ਟਾਹਣੀਆਂ ਤੋੜਕੇ ਝਾੜੂ ਬਣਾ ਲੈ... ਤੇ ਹੋ ਜਾ ਸ਼ੁਰੂ। ਸਾਰੇ ਦਾ ਸਾਰਾ ਸਕੂਲ ਚੰਗੀ ਤਰ੍ਹਾਂ ਸਾਫ਼ ਕਰਨਾ। ਓਏ ਇਹ ਤਾਂ ਤੁਹਾਡਾ ਖ਼ਾਨਦਾਨੀ ਕੰਮ ਆ ਨਾ।"

(ਝਾੜੂ ਵਾਲੀ ਥਾਂ 'ਤੇ ਜਾਂਦਾ ਹੈ। ਉੱਥੇ ਪਹੁੰਚ ਕੇ ਆਲੇ-ਦੁਆਲੇ ਦੇਖਦਾ ਹੈ ਤੇ ਫੇਰ ਝਾੜੂ ਚੁੱਕ ਕੇ ਠੀਕ ਕਰਦਾ ਹੈ। ਰੌਸ਼ਨੀ ਦਾ ਸਪਾਟ ਹੁਣ ਸਿਰਫ਼ ਉਸੇ ਥਾਂ 'ਤੇ ਹੈ।)

ਮੈਂ ਮਸਾਂ ਦਰਖ਼ਤ 'ਤੇ ਚੜ੍ਹਿਆ, ...ਟਾਹਣੀਆਂ ਤੋੜ ਝਾੜੂ ਬਣਾ ਲਿਆ।

(ਝਾੜੂ ਦੇਣ ਲੱਗਦਾ ਹੈ। ਸਪਾਟ ਦੇ ਅੰਦਰ ਹੀ ਅੰਦਰ ਬੈਠਾ-ਬੈਠਾ ਫਰਸ਼ ਸੁੰਬਰਦਾ ਹੈ ਤੇ ਨਾਲ-ਨਾਲ ਡੁਸਕੀ ਜਾਂਦਾ ਹੈ।)

ਸਕੂਲ ਦੇ ਸਾਰੇ ਜੁਆਕ ਪੜ੍ਹਦੇ ਸੀ, ...ਤੇ ਮੈਂ ਸਕੂਲ ਦੇ ਸਾਰੇ ਕਮਰੇ ਅਤੇ ਬਰਾਂਡੇ ਸਾਫ਼ ਕਰਤੇ। ਪਰ ਮੈਨੂੰ ਕਿਸੇ ਨੇ ਪਾਣੀ ਦੀ ਘੁੱਟ ਤੱਕ ਨਾ ਪੀਣ ਦਿੱਤੀ। ਤੀਜੇ ਦਿਨ ਮੈਂ ਝਾੜੂ ਸੁੱਟ ਕਲਾਸ 'ਚ ਆ ਕੇ ਬੈਠ ਗਿਆ। ਅਚਾਨਕ ਮੇਰੇ ਕੰਨਾਂ 'ਚ ਇੱਕ ਕੜਕਵੀਂ ਅਵਾਜ਼ ਪਈ "ਓ ਚੂਹੜੇ ਦੀਏ ਔਲਾਦੇ ਕਿੱਥੇ ਮਰ ਗਿਆ ...ਝਾੜੂ ਤੇਰਾ ਪਿਓ ਦੇਊਗਾ, ਲਾਅ ਸਾਰੇ ਸਕੂਲ 'ਚ ਝਾੜੂ ਨਹੀਂ ਤਾਂ ਡੰਡਾ ਕਰਦੂੰ ਅੰਦਰ ਮਿਰਚਾਂ ਲਾਕੇ।"

ਮੈਂ ਫਿਰ ਝਾੜੂ ਚੁੱਕ ਲਿਆ ਖਿੜਕੀਆਂ ਤੇ ਦਰਵਾਜ਼ਿਆਂ 'ਚੋਂ ਸਾਰੇ ਦਾ ਸਾਰਾ ਸਕੂਲ ਮੈਨੂੰ ਵੇਖੀ ਜਾਂਦਾ ਸੀ ਤੇ ਮੈਂ ਅੰਦਰੋ-ਅੰਦਰੀ ਗ਼ਰਕ ਹੋਈ ਜਾ ਰਿਹਾ ਸੀ। ਝਾੜੂ ਗੋਡਿਆਂ 'ਚ ਲੈਕੇ ਮੈਂ ਰੋਣ ਲੱਗ ਪਿਆ। ਪਰ ਉੱਥੇ ਕਿਹੜਾ ਮੇਰੀ ਮਾਂ ਬੈਠੀ ਸੀ ਜਿਹੜੀ ਮੈਨੂੰ ਚੁੱਪ

ਕਰਾ ਦਿੰਦੀ।

ਇੱਕ ਦਿਨ ਬਾਪੂ ਜੀ ਸਕੂਲ ਮੂਹਰੋਂ ਦੀ ਲੰਘੇ। ਬਾਪੂ ਨੂੰ ਵੇਖਦਿਆਂ ਹੀ ਮੈਂ ਭੁੱਬੀਂ ਰੋਣ ਲੱਗ ਪਿਆ। "ਬਾਪੂ ਬਾਪੂ ਇਹ ਮੈਥੋਂ ਸਾਰਾ ਦਿਨ ਹੀ ਝਾੜੂ ਮਰਵਾਉਂਦੇ ਰਹਿੰਦੇ ਆ... ਪੜ੍ਹਨ ਨਹੀਂ ਦਿੰਦੇ।"

"ਕਿਹੜਾ ਮਾਸਟਰ ਆ ਉਏ ਦਰੁਣਾਚਾਰੀਆਂ ਦੀ ਔਲਾਦ ਜਿਹੜਾ ਮੇਰੇ ਪੁੱਤ ਤੋਂ ਝਾੜੂ ਮਰਵਾਉਂਦਾ ਰਹਿੰਦਾ ਐ?" ਬਾਪੂ ਦੀ ਆਵਾਜ਼ ਸੁਣਕੇ ਹੈੱਡ-ਮਾਸਟਰ ਸਣੇ ਬਾਕੀ ਸਾਰੇ ਮਾਸਟਰ ਵੀ ਬਾਹਰ ਆ ਗਏ।

ਹੈੱਡ-ਮਾਸਟਰ ਨੇ ਮੇਰੇ ਪਿਤਾ ਨੂੰ ਧਮਕਾਉਣਾ ਚਾਹਿਆ। ਪਰ ਤੀਰ ਦੀ ਕਮਾਨ ਵਾਂਗੂੰ ਝੁਕੇ ਰਹਿਣ ਵਾਲੇ ਪਿਤਾ ਜੀ ਹੈੱਡ-ਮਾਸਟਰ ਸਾਹਮਣੇ ਆਕੜ ਕੇ ਬੋਲੇ... "ਉਏ ਮਾਸਟਰਾ ਇਹ ਚੂਹੜੇ ਦਾ ਪੁੱਤ ਇੱਥੇ ਹੀ ਪੜ੍ਹੂਗਾ, ਇਹ 'ਨੀ ਹੋਰ ਵੀ ਆਉਣਗੇ।" ਪਹਿਲੀ ਵਾਰ ਮੈਂ ਬਾਪੂ ਨੂੰ ਐਂ ਤਣਦੇ ਦੇਖਿਆ ਸੀ, ...ਮੇਰੀ ਖ਼ਾਤਰ..., ਉਨ੍ਹਾਂ ਬੋਲਾਂ ਨੇ ਮੇਰਾ ਜੀਵਨ ਹੀ ਬਦਲ ਦਿੱਤਾ। ਇਹ ਇੱਕ ਨਵਾਂ ਮੋੜ ਸੀ।

(ਚੁੱਪ! ਜਿਵੇਂ ਅਤੀਤ 'ਚ ਡੁੱਬਿਆ ਹੋਵੇ! ਫੇਰ ਸਿਰ ਝਟਕ ਕੇ ਵਰਤਮਾਨ 'ਚ ਆਉਂਦਾ ਹੈ।)

ਇਹੋ ਜਿਹੇ ਕੁਝ ਤੋਂ ਬਾਅਦ ਹੁਣ ਮੈਂ ਚੌਥੀ ਜਮਾਤ ਵਿੱਚ ਹੋ ਗਿਆ ਸੀ। ਸੁੱਖਣ ਤੇ ਰਾਮ ਸਿੰਘ ਇਹ ਮੇਰੇ ਜਮਾਤੀ ਹੁੰਦੇ ਸੀ। ਅਸੀਂ ਤਿੰਨੇ 'ਕੱਠੇ ਹੀ ਬੈਠਦੇ ਸੀ ਤੇ ਕੁੱਟ ਵੀ ਸਾਡੇ ਤਿੰਨਾਂ ਦੇ ਬਹੁਤ ਪੈਂਦੀ ਸੀ। ਇੱਕ ਵਾਰ ਸੁੱਖਣ ਦੇ ਫੋੜਾ ਹੋ ਗਿਆ, "ਐਥੇ ਪੱਸਲੀਆਂ 'ਤੇ। (ਗੱਲ ਕਰਦਾ ਹੋਇਆ ਉਹ ਹਰ ਕਿਰਦਾਰ ਮੁਤਾਬਕ ਢਲ਼ ਜਾਂਦਾ ਹੈ।) ਉਹ ਕਮੀਜ਼ ਨੂੰ 'ਤਾਂਹ ਜਿਹੇ ਚੱਕੀ ਰੱਖਦਾ। ਉਹਦੇ ਫੋੜੇ 'ਚੋਂ ਲਹੂ ਪਾਕ ਜਿਹਾ ਰਿਸਦਾ ਰਹਿੰਦਾ। ਇੱਕ ਦਿਨ ਮਾਸਟਰ ਨੇ ਕੁੱਟਦਿਆਂ-ਕੁੱਟਦਿਆਂ ਇੱਕ ਘਸੁੰਨ ਉਹਦੇ ਫੋੜੇ 'ਤੇ ਜੜਤਾ।" ਹਾਏ! ਮੈਂ ਮਰ ਗਿਆ... ਉਏ।)

(ਚੀਕ ਪੈਂਦਾ ਹੈ ਤੇ ਫੇਰ ਥੋੜ੍ਹੀ ਚੁੱਪ।)

ਸੁੱਖਣ ਦੀ ਚੀਕ ਨਿਕਲਗੀ, ਫੋੜਾ ਫਿਸ ਗਿਆ ਸੀ। ਸੁੱਖਣ ਨੂੰ ਤੜਫ਼ਿਆ ਦੇਖ ਮੇਰਾ ਰੋਣਾ ਨਿਕਲ ਗਿਆ। ਪਰ ਮਾਸਟਰ ਨੂੰ ਮੇਰੇ 'ਤੇ ਪਤਾ ਨਹੀਂ ਕੀ ਗਰਮੀ ਚੜ੍ਹੀ...? ਤੇਰੀ ਉਏ ਭੈਣ ਦੀ, ਹੈਂ..., ਨਾ ਤੈਨੂੰ ਬਾਹਲ਼ਾ ਤਰਸ ਆਉਂਦਾ ਉਏ।

(ਕੁੱਟਣ ਦੀ ਐਕਟਿੰਗ ਕਰਦਾ ਹੈ। ਵਾਲ਼ਾਂ ਤੋਂ ਫੜਕੇ ਖ਼ਿਆਲੀ ਕਿਰਦਾਰ ਨੂੰ ਪੈਰਾਂ 'ਚ ਸੁੱਟ ਲੈਂਦਾ ਹੈ ਤੇ ਫੇਰ ਠੁੱਡਿਆਂ ਨਾਲ ਕੁੱਟਦਾ ਹੈ ਤੇ ਹਫ਼ ਜਾਂਦਾ ਹੈ।)

...ਤੇਰੀ ਉਏ ਮਾਂ ਦੀ, ਤੇਰੀ ਉਏ ਭੈਣ ਦੀ...। ਉਸ ਮਾਸਟਰ ਨੇ ਮੈਨੂੰ ਐਨਾ ਕੁੱਟਿਆ, ਐਨੀਆਂ ਗੰਦੀਆਂ ਗਾਲ੍ਹਾਂ ਕੱਢੀਆਂ... ਕਿ ਉਨ੍ਹਾਂ ਦਾ ਜ਼ਿਕਰ ਵੀ ਮੈਂ ਇੱਥੇ ਨਹੀਂ ਕਰ ਸਕਦਾ। ਹਫ਼ਦਾ ਹੋਇਆ ਵੀ ਉਹ ਸੁੱਖਣ ਦੀ ਜਾਤ ਦਾ ਜ਼ਿਕਰ ਕਰਨਾ ਨਹੀਂ ਸੀ ਭੁੱਲਿਆ, "ਸਾਲਾ ਝੀਰ!"

ਇਹ ਸੀ ਮੇਰੇ ਗੁਰੂਆਂ ਦਾ ਅਸਲੀ ਚਿਹਰਾ ਜੋ ਸਾਨੂੰ ਤਾਂ ਗਾਲ੍ਹਾਂ ਕੱਢਦੇ, ਪਰ ਸੋਹਣੇ ਮੁੰਡਿਆਂ ਦੀਆਂ ਗੱਲ੍ਹਾਂ ਪਲ਼ੋਸਦੇ, ਘਰ ਬੁਲਾਕੇ ਗੰਦੀਆਂ ਹਰਕਤਾਂ ਕਰਦੇ। ਅੱਜ ਵੀ ਜੇ ਕੋਈ ਮੇਰੇ ਸਾਹਮਣੇ ਆਦਰਸ਼ ਅਧਿਆਪਕ ਦੀ ਗੱਲ ਕਰਦਾ ਹੈ ਤਾਂ ਮੇਰਾ ਦਮ ਘੁੱਟਣ ਲਗਦੈ... ਜੀਅ ਕਰਦਾ ਉਹਦੇ ਮੂੰਹ 'ਤੇ ਥੁੱਕ ਦਿਆਂ।

ਖੈਰ! ਕਿਵੇਂ ਨਾ ਕਿਵੇਂ ਮੈਂ ਪੜ੍ਹੀ ਗਿਆ। ਮਾਂ ਸਰਦਾਰਾਂ ਦੇ ਗੋਹਾ-ਕੂੜਾ ਕਰਦੀ ਸੀ ਤੇ ਮਰ-ਖਪ ਕੇ ਸਾਰੇ ਦਿਨ ਦੀ ਕਮਾਈ ਹੁੰਦੀ ਸੀ, 'ਜੂਠ' ਬਚਿਆ ਖੁਚਿਆ। ਏਸੇ ਜੂਠ ਨਾਲ ਹੀ ਸਾਡਾ ਗੁਜ਼ਾਰਾ ਚੱਲਦਾ ਸੀ। ਛੋਟਾ ਸੀ ਤਾਂ ਮੈਂ ਵੀ ਕਦੇ-ਕਦੇ ਮਾਂ ਦੇ ਨਾਲ਼ ਚਲਾ ਜਾਂਦਾ ਸੀ, ਅੱਜ ਸੋਚਦਾਂ ਤਾਂ ਜੀਅ ਕੱਚਾ ਹੁੰਦਾ!

ਸਰਦਾਰਾਂ ਦੇ ਘਰ ਵਿਆਹ ਸੀ। ਸਰਦਾਰ ਸੁਖਦੇਵ ਸਿੰਘ ਦੀ ਕੁੜੀ ਦਾ। ਦਸ-ਬਾਰਾਂ ਦਿਨ ਪਹਿਲਾਂ ਹੀ ਮੇਰੀ ਮਾਂ ਉਹਨਾਂ ਦੇ ਕੰਮ ਧੰਦੇ 'ਚ ਰੁੱਝ ਗਈ, ਮੇਰੇ ਲਈ ਵੀ ਟੈਮ ਨਹੀਂ ਸੀ ਉਸ ਕੋਲ਼।
(ਦੌੜ-ਦੌੜ ਕੇ ਕੰਮ ਕਰਦਾ ਹੈ।)

ਸਰਦਾਰਾਂ ਦੀ ਕੁੜੀ ਦਾ ਵਿਆਹ ਸੀ, ਪਿੰਡ ਦੀ ਇੱਜ਼ਤ

ਦਾ ਸਵਾਲ ਸੀ। ਪਿਤਾ ਜੀ ਨੇ ਸਾਰੇ ਪਿੰਡ 'ਚੋਂ ਮੰਜੇ ਬਿਸਤਰੇ ਇਕੱਠੇ ਕੀਤੇ ਤੇ ਜੰਝਘਰ ਪਹੁੰਚਾਏ। ਬਰਾਤ ਆਈ, ਬਰਾਤ ਰੋਟੀ ਖਾਂਦੀ ਸੀ ਤੇ ਮੇਰੀ ਮਾਂ...

(ਟੋਕਰੇ ਨੂੰ ਬੜੀ ਨੀਝ ਨਾਲ ਦੇਖਦਾ ਉਸ ਵੱਲ ਜਾਂਦਾ ਹੈ, ਜਿਵੇਂ ਅਤੀਤ ਵੱਲ ਜਾ ਰਿਹਾ ਹੋਵੇ। ਟੋਕਰੇ ਨੂੰ ਸਿੱਧਾ ਕਰਕੇ ਮਾਂ ਵਾਂਗ ਬੈਠਦਾ ਹੈ।)

ਮੇਰੀ ਮਾਂ ਬੈਠੀ ਸੀ... ਦਰਵਾਜ਼ੇ 'ਚ ਟੋਕਰਾ ਚੱਕੀ। ਮੈਂ ਤੇ ਮੇਰੀ ਛੋਟੀ ਭੈਣ... ਮਾਇਆ, ਅਸੀਂ ਐਂ ਮਾਂ ਨਾਲ ਚਿੰਬੜੇ ਜਿਹੇ ਬੈਠੇ ਸੀ। ਬਰਾਤ ਰੋਟੀ ਖਾਕੇ ਚਲੀ ਗਈ...।

(ਰਫ਼ਤਾਰ ਘੱਟ ਹੁੰਦੀ ਹੈ। ਲੰਮਾ ਸਾਹ ਭਰ ਕੇ ਦੂਰ ਦੇਖਦਾ ਹੈ ਤੇ ਫੇਰ ਮੁੜਦਾ ਹੈ)

ਸਰਦਾਰ ਨੂੰ ਆਉਂਦੇ ਵੇਖ ਮਾਂ ਬੋਲੀ, "ਸਰਦਾਰ ਜੀ ਬਰਾਤ ਨੇ ਕਦ ਦੀ ਰੋਟੀ ਖਾ ਲਈ, ਹੁਣ ਤਾਂ ਮੇਰੇ ਜੁਆਕਾਂ ਨੂੰ ਵੀ ਕੁਝ ਦੇ ਦਿੰਦੇ।"

(ਝਟਕੇ ਨਾਲ ਤੇਵਰ ਬਦਲਦਾ ਹੈ।)

"ਆਹ 'ਜੂਠ' ਦਾ ਟੋਕਰਾ ਭਰੀ ਤਾਂ ਬੈਠੀ ਆਂ। ਹੋਰ ਤੈਨੂੰ ਕੀ ਥਾਲ ਪਰੋਸ ਕੇ ਦੇ ਦੀਏ! ਸਾਲ਼ੀ ਝੜੰਮ... ਉਈਂ ਸਿਰ 'ਤੇ ਚੜ੍ਹਦੀ ਜਾਂਦੀ ਆ।"

ਮਾਂ ਅਜੇ ਕੁਝ ਬੋਲਣ ਹੀ ਲੱਗੀ ਸੀ।

"ਉਹ ਚੂਹੜੀਏ ਬਾਰ 'ਚੋਂ ਚੱਕ ਆਹ ਟੋਕਰਾ ਤੇ ਤੁਰਦੀ ਬਣ ਏਥੋਂ।"

ਉਹ ਸ਼ਬਦ ਅੱਜ ਵੀ ਮੇਰੇ ਅੰਦਰ ਖੁਣੇ ਪਏ ਆ...। ਮਾਂ ਦੀਆਂ ਅੱਖਾਂ ਵਿੱਚ ਖ਼ੂਨ ਉੱਤਰ ਆਇਆ ਸੀ, ਉਸਨੇ ਟੋਕਰਾ ਚੱਕ ਕੇ ਸਰਦਾਰ ਦੇ ਪੈਰਾਂ 'ਚ ਮੂਧਾ ਮਾਰਿਆ। "ਜਾਹ ਵੇ ਲੈ ਜਾ ਇਹ ਵੀ ਸਵੇਰੇ ਖੁਆ ਦੀਂ ਆਪਣੀ ਬਰਾਤ ਨੂੰ... ਭੁੱਖਿਆ।"

(ਠਠੰਬਰਿਆ ਜਿਹਾ ਖੜ੍ਹਾ ਤੱਕਦਾ ਰਹਿੰਦਾ ਹੈ ਜਿਵੇਂ ਮਾਂ ਮੂਹਰੇ ਖੜ੍ਹੀ ਹੋਵੇ।)

(ਹੌਲ਼ੀ ਜਿਹੇ) ਮਾਂ ਦਾ ਇਹ ਰੂਪ ਮੈਂ ਪਹਿਲੀ ਵਾਰ ਦੇਖਿਆ ਸੀ। ਉਸ ਦਿਨ ਤੋਂ ਬਾਅਦ ਮਾਂ ਕਦੇ ਵੀ ਸਰਦਾਰਾਂ ਦੇ ਘਰੇ ਨਹੀਂ ਗਈ। ਅਤੇ ਜੂਠ ਦਾ ਇਹ ਸਿਲਸਲਾ ਵੀ ਉੱਥੇ ਹੀ ਬੰਦ ਹੋ ਗਿਆ।

ਸੁੱਖਣ ਤੇ ਸਰਵਣ ਇਹ ਮੇਰੇ ਬਹੁਤ ਵਧੀਆ ਮਿੱਤਰ ਰਹੇ ਜਮਾਤੀ ਸਨ, ਕੋਲ-ਕੋਲ ਬੈਠਦੇ। ਪਰ ਸੁੱਖਣ ਕਦੇ ਮੇਰੇ ਘਰ ਨਹੀਂ ਸੀ ਆਉਂਦਾ, ਬੱਸ ਮੈਂ ਈ ਜਾਂਦਾ ਸੀ।

(ਉਦਾਸ ਹੁੰਦਾ ਹੈ। ਸਿਰ ਝਟਕ ਕੇ...)

ਸਰਵਣ ਪੰਡਤਾਂ ਦਾ ਮੁੰਡਾ ਸੀ। ਪਰ ਉਸ ਵਿੱਚ ਸੁੱਖਣ ਵਾਲੀ ਝਿਜਕ ਨਹੀਂ ਸੀ। ਆਹ ਜਾਤ-ਪਾਤ ਦਾ ਮਸਲਾ ਸਾਡੇ ਵਿੱਚ ਕਦੇ ਨਹੀਂ ਆਇਆ। ਸੋਹਣਾ ਮੁੰਡਾ ਸੀ ਸਰਵਣ। ਕੁੜੀਆਂ ਵਰਗਾ ਨਾਜ਼ੁਕ ਕੂਲ਼ਾ ਜਿਆ।

ਸਾਡਾ ਇੱਕ ਹੋਰ ਜਮਾਤੀ ਸੀ... ਚੰਦਰਪਾਲ; ਉੱਚਾ ਲੰਮਾ ਗੁੱਜਰਾਂ ਦਾ ਮੁੰਡਾ, ਹਮੇਸ਼ਾ ਸਰਵਣ ਨੂੰ ਤੰਗ ਕਰਦਾ ਰਹਿੰਦਾ। ਕਿਤੇ ਚੂੰਢੀ ਜਿਹੀ ਵੱਢਤੀ; ਕਿਤੇ ਧੱਕਾ ਜਿਹਾ ਮਾਰਤਾ, ਰੋਜ਼ ਦਾ ਕੰਮ ਫੜ੍ਹ ਰੱਖਿਆ ਸੀ ਉਸਨੇ। ਇੱਕ ਦਿਨ ਜੀ ਉਹਨੇ ਸਰਵਣ ਨੂੰ ਫੜ੍ਹ ਲਿਆ ਤੇ ਜ਼ੋਰ ਦੀ ਉਹਦੀ ਗੱਲ੍ਹ 'ਤੇ ਦੰਦੀ ਵੱਡੀ। ਸਾਰੀ ਜਮਾਤ ਹੱਸ ਪਈ। ਸਰਵਣ ਰੋਣ ਲੱਗ ਪਿਆ। ਮੈਨੂੰ ਚੜ੍ਹ ਗਿਆ ਗੁੱਸਾ। ਮੈਂ ਚੰਦਰਪਾਲ ਨੂੰ ਲਿਆ ਫੜ੍ਹ, ਲੈ ਲਿਆ ਗੋਡਿਆਂ ਥੱਲੇ, ਉਹਨੇ ਬਹੁਤ ਜ਼ੋਰ ਲਾਇਆ... ਪਰ ਮੈਂ ਨਾ ਉਹਨੂੰ ਹਿੱਲਣ ਦਿੱਤਾ। ਸਰਵਣ ਦੇ ਹੰਝੂਆਂ ਨੇ ਪਤਾ ਨੀ ਮੇਰੇ 'ਚ ਕਿੱਥੋਂ ਇੰਨੀ ਜਾਨ ਭਰ ਦਿੱਤੀ ਸੀ।

ਪਰ ਬਾਅਦ ਵਿੱਚ ਚੰਦਰਪਾਲ ਨੇ ਸਰਵਣ ਤੋਂ ਮਾਫੀ ਮੰਗ ਲਈ। ਸਾਡੀ ਦੋਸਤੀ ਹੋਰ ਵੀ ਗੂਹੜੀ ਹੋ ਗਈ। ਚੰਦਰਪਾਲ ਦੀ ਦੋਸਤੀ ਦਾ ਅਸਰ ਹੋਇਆ। ਹੁਣ ਮੈਨੂੰ ਪਾਣੀ ਪੀਣ ਲਈ ਦੂਰ ਖੜ੍ਹਕੇ ਉਡੀਕਣਾ ਨਹੀਂ ਸੀ ਪੈਂਦਾ... ਕਿ ਪਹਿਲੋਂ ਬਾਕੀ ਪੀ ਲੈਣ। ਚੰਦਰਪਾਲ ਦੇ ਮੂਹਰੇ ਸਭ ਦੀ ਮਾਂ ਮਰ ਜਾਂਦੀ। ਉਹ ਜੀਹਨੂੰ ਮਰਜ਼ੀ ਧੌਣੋਂ ਫੜ੍ਹ ਲੈਂਦਾ। ਇਹ ਸਭ ਕੁਝ ਕਿੰਨਾ ਵਧੀਆ ਸੀ, ਕਿੰਨਾ ਵੱਖਰਾ। ਅੱਜ ਵੀ ਜਦੋਂ ਮੈਂ ਇਹ ਸੋਚਦਾ ਹਾਂ ਤਾਂ ਮੇਰੇ ਦਿਲ ਦਾ ਭਾਰ ਹੌਲ਼ਾ ਹੋ ਜਾਂਦਾ

ਹੈ। ਪਰ ਮੇਰੇ ਵਰਗਿਆਂ ਦੀ ਜ਼ਿੰਦਗੀ 'ਚ ਇਹੋ ਜਿਹੇ ਪਲ ਹੁੰਦੇ ਵੀ ਕਿੰਨੇ ਕੁ...

(ਚੁੱਪ)

ਮੈਂ ਛਮਾਹੀ ਪੇਪਰਾਂ 'ਚੋਂ ਫਸਟ ਆ ਗਿਆ। ਮੇਰਾ ਹੌਸਲਾ ਵਧ ਗਿਆ; ਹੁਣ ਮੈਂ ਪਿੱਛੇ ਨਹੀਂ, ਅੱਗੇ ਬੈਠਣ ਲੱਗਾ ਸੀ। ਪਰ ਮੇਰੇ ਮਾਸਟਰਾਂ ਦਾ ਉਹੀ ਵਿਹਾਰ... ਠੁੱਡੇ ਤੇ ਘੁਰਕੀਆਂ।

ਮਾਸਟਰ ਨਰਿੰਦਰ ਸਿੰਘ..., ਨਵੇਂ-ਨਵੇਂ ਆਏ ਸੀ ਸ਼ਹਿਰੋਂ ਪੜ੍ਹਕੇ, ਨਵੀਂ-ਨਵੀਂ ਡਿਗਰੀ ਕੀਤੀ ਸੀ। ਗਰਮੀਆਂ ਦੇ ਦਿਨ, ਪੜ੍ਹਾਉਂਦਿਆਂ-ਪੜ੍ਹਾਉਂਦਿਆਂ ਤ੍ਰੇਹ ਲੱਗੀ, ...ਮੈਨੂੰ ਕਹਿੰਦਾ ਉਏ ਕਾਕਾ ਪਾਣੀ ਲੈਕੇ ਆ। ਸਾਰੀ ਜਮਾਤ ਵਿੱਚ ਲੱਗ ਪਈ ਫੁਸਰ-ਫੁਸਰ ਹੋਣ ...ਚੂਹੜੇ ਤੋਂ ਪਾਣੀ ਮੰਗਾਉਂਦਾ ਉਇ।

(ਜਾਂਦੇ ਹੋਏ)

ਮੈਂ ਪਾਣੀ ਲੈਣ ਤੁਰ ਪਿਆ; ਠੰਡੇ ਪਾਣੀ ਦੇ ਘੜੇ..., ਹੈੱਡ-ਮਾਸਟਰ ਦੇ ਕਮਰੇ ਦੇ ਬਾਹਰ ਪਏ ਹੁੰਦੇ ਸੀ। ਘੜੇ ਨੂੰ ਹੱਥ ਲਾਉਣ ਦੀ ਮੇਰੀ ਹਿੰਮਤ ਨਾ ਪਈ, ...ਮੈਂ ਬਰਾਂਡੇ 'ਚੋਂ ਮੁੜ ਆਇਆ।

"ਮਾਸਟਰ ਜੀ..., ਤੁਸੀਂ ਕਿਸੇ ਹੋਰ ਤੋਂ ਮੰਗਵਾ ਲਓ। ...ਮੈਂ ਘੜੇ ਨੂੰ ਹੱਥ ਲਾਇਆ ਤਾਂ... ਮੇਰੇ ਕੁੱਟ ਪਊਗੀ।" ਉਹ ਮੇਰੇ ਵੱਲ ਹੈਰਾਨੀ ਜਈ ਨਾਲ ਦੇਖਣ ਲੱਗ ਪਿਆ। "ਜੀ ਮੈਂ... ਮੈਂ ਚੂਹੜਿਆਂ ਦਾ ਮੁੰਡਾ ਆਂ।" ਉਹਦੀਆਂ ਅੱਖਾਂ ਟੱਡੀਆਂ ਗਈਆਂ, ਹਾਲਤ ਅਜੀਬ ਹੋ ਗਈ...। "ਫਿਰ ਵੀ ਤੁਸੀਂ ਕਹਿੰਦੇ ਉ ਤਾਂ ਮੈਂ ਲਿਆ ਦਿੰਨਾਂ...।"

(ਮਾਸਟਰ ਵਾਂਗ ਬੌਂਦਲਣ ਦਾ ਅਭਿਨੈ ਕਰਦਾ ਹੈ।)

"ਨਹੀਂ ਨਹੀਂ।"

ਉਹ ਜਿਵੇਂ ਨੀਂਦੋਂ ਉੱਠਿਆ ਹੋਏ, "ਤੂੰ ਰਹਿਣ ਦੇ...।"

ਤੇ ਮਾਸਟਰ ਆਪ ਈ ਪਾਣੀ ਪੀਣ ਚਲਾ ਗਿਆ। ਅੱਜ ਵੀ ਉਹਦੇ ਬਾਰੇ ਸੋਚਦਾ ਹਾਂ ਤਾਂ ਤਰਸ ਆਉਂਦਾ ਐ ਕਿ ਉਹ ਬੰਦਾ, ...ਪੜ੍ਹ-ਲਿਖ ਕੇ ਵੀ ਕਿੰਨਾ ਬੌਣੇ ਦਾ ਬੌਣਾ ਸੀ।

ਇਹੋ ਜਿਹੇ ਮੌਕੇ 'ਤੇ ਸਰਵਣ ਤੇ ਚੰਦਰਪਾਲ ਮੇਰੇ ਹੋਰ ਨੇੜੇ ਆ ਜਾਂਦੇ। ਪੜ੍ਹੇ-ਲਿਖੇ ਤਾਂ ਭਾਵੇਂ ਉਹ ਨਹੀਂ ਸੀ ਪਰ ਉਹਨਾਂ ਅੰਦਰ ਕਿਸੇ ਕਿਸਮ ਦਾ ਡਰ ਨਹੀਂ ਸੀ। ਨਰਿੰਦਰ ਸਿੰਘ ਵਰਗੇ ਮਾਸਟਰ ਪੜ੍ਹਾ ਵੀ ਕੀ ਸਕਦੇ ਸੀ ਉਹਨਾਂ ਨੂੰ... ਡਰ ਤੇ ਛੂਤ-ਛਾਤ ਤੋਂ ਸਿਵਾਏ... (ਵਿਅੰਗ 'ਚ ਹੱਸਦਾ ਹੈ।) ਹੈਂਅ..., ਦੋ ਦੂਣੀ ਚਾਰ ਤੇ ਤਿੰਨ ਤੀਆ ਨੌਂ... ਬੱਸ।

ਬਚਪਨ 'ਚ ਈ ਅੰਦਰ ਇੰਨਾ ਜ਼ਹਿਰ ਭਰ ਗਿਆ... ਕੁੜੱਤਣ... ਜੋ ਦਿਲ ਦੇ ਕਿਸੇ ਨਾ ਕਿਸੇ ਕੋਨੇ ਵਿੱਚ ਹਾਲੇ ਵੀ ਦੱਬੀ ਪਈ ਹੈ, ਮੌਕਾ ਆਉਣ 'ਤੇ ਆਪਣਾ ਰੂਪ ਵਿਖਾ ਜਾਂਦੀ ਏ, ...ਸੁਆਦ। (ਮੂੰਹ ਕੁਸੈਲਾ ਹੁੰਦਾ ਹੈ।)

ਮੈਂ ਪੰਜਵੀਂ 'ਚ ਸੀ, ਮਾਂ ਹੁਣ ਸਰਦਾਰਾਂ ਦੇ ਗੋਹਾ-ਕੂੜਾ ਨਹੀਂ ਸੀ ਕਰਦੀ। ਮੇਰਾ ਇੱਕ ਭਰਾ ਸੀ ਸੁੱਖਾ; ਸੁਖਵੀਰ ਸਿੰਘ, ਉਹ ਜੱਟਾਂ ਦੇ ਸੀਰੀ ਰਲ਼ ਗਿਆ ਤੇ ਬਾਪੂ ਠੇਕੇਦਾਰ ਨਾਲ ਲੱਗ ਗਿਆ। ਘਰ ਦਾ ਗੁਜ਼ਾਰਾ ਕੁਝ ਚੱਲਣ ਲੱਗਿਆ। ਹਾਲਤ ਕੁੱਝ ਸੁਧਰਦੀ ਜਾਪੀ! ...ਇੱਕ ਦਿਨ ਸੁੱਖਾ ਤਾਪ ਚੜ੍ਹੇ-ਚੜ੍ਹਾਏ ਖੇਤੋਂ ਮੁੜ ਆਇਆ ਤੇ ਕਈ ਦਿਨ ਮੰਜੇ 'ਤੇ ਪਿਆ... ਦਵਾਦਾਰੂ ਤੋਂ ਬਿਨਾ ਹੀ...ਚੱਲ ਵਸਿਆ। ਛੋਟੀ ਉਮਰੇ ਹੀ ਭਾਬੀ ਵਿਧਵਾ ਹੋ ਗਈ। ਪਿਤਾ ਜੀ ਅੰਦਰੋਂ ਟੁੱਟ ਗਏ। ਮਾਂ ਨੂੰ ਤਾਂ ਬੈਠੇ-ਬੈਠੇ ਗਸ਼ ਪੈਣ ਲੱਗ ਪਈ। ਘਰ ਦੀ ਹਾਲਤ ਦਿਨੋਂ-ਦਿਨ ਨਿੱਘਰਦੀ ਗਈ।

ਰੋਟੀ ਦੇ ਲਾਲੇ ਪੈ ਗਏ ਸੀ। ਅਜਿਹੀ ਹਾਲਤ 'ਚ ਪੜ੍ਹਾਈ ਬਾਰੇ ਸੋਚਣਾ ਵੀ... ਆਯਾਸ਼ੀ ਸੀ। ਮੈਂ ਪੜ੍ਹਾਈ ਵਿੱਚੇ ਛੱਡ ਦਿੱਤੀ ਤੇ ਦਿਹਾੜੀ-ਦੱਪੇ ਜਾਣ ਲੱਗ ਪਿਆ। ਮੈਂ ਤੇ ਮੈਥੋਂ ਵੱਡਾ ਜਨੇਸਰ ਤੜਕੇ ਈ ਨਿਕਲ ਜਾਂਦੇ ਘਾਹ ਖੋਤਣ। ਨਾਲ ਦਿਆਂ ਨੂੰ ਬਸਤੇ ਲਈ ਸਕੂਲ ਜਾਂਦੇ ਦੇਖਦਾ ਤਾਂ ਮਨ ਭਾਰਾ ਹੋ ਜਾਂਦਾ। ਇੱਕ ਦਿਨ ਮੈਂ ਸੂਰ ਚਾਰ ਕੇ ਮੁੜਿਆ ਆਵਾਂ ਕਿ... ਰਾਹ 'ਚ ਮੈਨੂੰ ਸੁੱਖਣ ਮਿਲ ਗਿਆ ਕਹਿੰਦਾ, "ਉਏ ਤੂੰ ਸਕੂਲ ਜਾਣਾ ਛੱਡ ਤਾ?" ਮੈਂ ਹਾਂ ਵਿੱਚ ਸਿਰ ਹਲਾਤਾ ਤੇ ਫੇਰ ਅਸੀਂ ਕਿੰਨੀ ਦੇਰ ਬੈਠੇ ਸਕੂਲ ਬਾਰੇ ਗੱਲਾਂ ਕਰਦੇ ਰਹੇ।

ਉਹ ਹੁਣ ਵੱਡੇ ਸਕੂਲ ਜਾਂਦਾ ਸੀ। ਮੈਨੂੰ ਕਹਿੰਦਾ, "ਉਏ ਉੱਥੇ ਤੱਪੜਾਂ 'ਤੇ 'ਨੀ ਬੈਠਣਾ ਪੈਂਦਾ। ਡੈਸਕ ਤੇ ਕੁਰਸੀਆਂ ਨੇ। ਨਾਲ਼ੇ ਮਾਸਟਰ ਵੀ ਘੱਟ ਕੁੱਟਦੇ ਆ।"

ਮੇਰਾ ਵੀ ਸਕੂਲ ਜਾਣ ਨੂੰ ਬਹੁਤ ਦਿਲ ਕਰਦਾ ਸੀ, ਮੈਂ ਉਥੋਂ ਭੱਜ ਲਿਆ। ਅੰਦਰ ਕੁਝ ਪੰਘਰਦਾ ਜਾ ਰਿਹਾ ਸੀ। ਘਰ ਆ ਕੇ ਮੈਂ ਮਾਂ ਨਾਲ ਗੱਲ ਕੀਤੀ, "ਮੈਂ ਸਕੂਲ ਜਾਣਾ, ਮੈਨੂੰ ਸਕੂਲ ਲਾ ਦਿਉ।" ਮੇਰੀਆਂ ਭੁੱਬਾਂ ਨਿਕਲ ਗਈਆਂ। ਮਾਂ ਮੈਨੂੰ ਗਲ਼ ਨਾਲ ਲਾ ਕੇ ਰੋਣ ਲੱਗ ਪਈ, ਪਤਾ ਨਹੀਂ ਕੀ ਕੁਝ ਦੱਬੀ ਬੈਠੀ ਸੀ ਆਪਣੇ ਅੰਦਰ।

(ਚੁੱਪ)

ਗਹਿਣਿਆਂ ਦੇ ਨਾਂ 'ਤੇ ਘਰੇ ਇੱਕੋ ਇੱਕ ਚਾਂਦੀ ਦੀ ਝਾਂਜਰ ਬਚੀ ਸੀ, ਭਾਬੀ ਕੋਲ... ਵੱਡੇ ਭਰਾ ਦੀ ਨਿਸ਼ਾਨੀ। ਉਸਨੂੰ ਮਾਂ ਦੇ ਹੱਥ ਫੜਾਂਦਿਆਂ... ਉਹ ਬੋਲੀ, "ਇਸਨੂੰ ਪੜ੍ਹਨ ਲਾ ਦਿਓ... ਰੱਬ ਦੇ ਵਾਸਤੇ!" ਬਾਪੂ ਨੇ ਬਥੇਰਾ ਸਮਝਾਇਆ ਪਰ ਉਹ ਜਿੱਦ ਫੜ ਗਈ ਤੇ ਉਹ ਝਾਂਜਰ ਵੀ ਪੰਡਿਤ ਸੱਤਿਆ ਨਰਾਇਣ ਦੀ ਤਜੌਰੀ 'ਚ ਚਲੀ ਗਈ।

(ਹੰਝੂ ਪੂੰਝਦਾ ਹੈ।)

ਮੈਂ ਹਾਈ ਸਕੂਲ ਜਾਣ ਲੱਗ ਪਿਆ। (ਖੁਸ਼ੀ) ਨੇੜੇ-ਤੇੜੇ ਦੇ ਪਿੰਡਾਂ ਵਿੱਚ ਇੱਕੋ ਹੀ ਹਾਈ ਸਕੂਲ ਸੀ ਤੇ ਗਰੀਬ-ਗੁਰਬਾ ਤਾਂ ਇੱਥੇ ਇੱਕਾ-ਦੁੱਕਾ ਹੀ ਪਹੁੰਚਦਾ ਸੀ। ਘਰ ਤੋਂ 6 ਕੁ ਮੀਲ ਦੂਰ ਤਾਂ ਹੋਣਾ ਈ ਐ। ਪਰ ਇਹ ਪੈਂਡਾ ਮੈਨੂੰ ਕਦੇ ਵੀ ਲੰਬਾ ਨਹੀਂ ਸੀ ਲੱਗਿਆ। ਘਰੋਂ ਸਵੇਰੇ-ਸਵੇਰੇ ਹੀ ਤੁਰ ਪੈਂਦਾ ਸੀ। ਘੜੀ-ਘੁੜੀ ਤਾਂ ਘਰ 'ਚ ਹੋਣੀ ਕੀ ਸੀ ਬੱਸ ਅੰਦਾਜ਼ੇ ਨਾਲ ਹੀ ਨਿੱਕਲ ਪੈਂਦਾ ਸੀ।

(ਥੈਲਾ ਘੁੰਮਾਉਂਦਾ ਜਾਂਦਾ ਹੈ।)

ਪੜ੍ਹਾਈ 'ਚ ਮੈਂ ਚੰਗਾ ਸੀ, ਪਰ ਪੜ੍ਹਾਈ-ਲਿਖਾਈ ਦੇ ਆਵਦੇ ਹੀ ਖ਼ਤਰੇ ਸੀ। ਅੱਜ ਤੱਕ ਮੈਨੂੰ ਸਮਝ ਨਹੀਂ ਆਈ ਕਿ ਉਹਨਾਂ ਦੀ ਖੁੰਦਕ ਕੀ ਐ ਸਾਡੇ ਨਾਲ। ਹੋਇਆ ਕੀ; ਮੈਂ ਇੱਕ ਦਿਨ ਜਾਂਦਾ ਸੀ ਮਗਰ ਇੱਕ ਜੱਟਾਂ ਦਾ ਮੁੰਡਾ ਲੱਗ ਗਿਆ। ਡਾਂਗ ਉਹਦੇ

ਕੋਲ... ਉੱਚਾ ਲੰਮਾ, ਤੁਰਿਆ ਆਵੇ ਮਗਰੋਂ 'ਵਾਜ਼ਾਂ ਮਾਰਦਾ, "ਉਏ ਝੜੰਮੇ", ਮੈਂ ਪਿੱਛਾ ਮੁੜਕੇ ਵੇਖਿਆ।

"ਆ ਬੜੇ ਖੰਭ ਲੱਗ ਗਏ ਤੇਰੇ ਉਏ ਹੈਂਅ..., ਨਾ..., ਤੋਰ ਈ ਨੀ ਸੰਭਲਦੀ ਕਿਤੇ ਲਾਟ ਦੀ।"

ਮੈਂ ਚੁੱਪ ਕਰਕੇ 'ਗਾਂਹ ਨੂੰ ਤੁਰ ਗਿਆ। ਉਹ ਮੇਰੇ ਮੂਹਰ ਦੀ ਹੋ ਗਿਆ। ਡਾਂਗ ਦੀ ਹੁੱਝ ਮੇਰੇ ਢਿੱਡ 'ਚ ਮਾਰੀ। (ਦਰਦ ਨਾਲ ਦੂਹਰਾ ਹੋਇਆ ਉੱਪਰ ਨੂੰ ਦੇਖਦਾ ਹੈ ਤੇ ਫੇਰ ਸਿੱਧਾ ਹੋ ਕੇ।) "ਪੜ੍ਹਣ-ਪੁੜ੍ਹਣ ਨੂੰ ਤਾਂ ਸੁਣਿਆ ਚੰਗਾ ਐਂ, ਨਾ ਸਾਲਿਆ ਪੜ੍ਹਕੇ ਕੀ ਡੀ.ਸੀ. ਲੱਗ ਜੇਂਗਾ। ਰਹਿਣਾ ਤਾਂ ਚੂਹੜੇ ਦਾ ਚੂਹੜਾ ਈ ਆ।" ਮੈਂ ਫਿਰ ਵੀ ਕੁਝ ਨਹੀਂ ਬੋਲਿਆ। ਉਹਨੇ ਮੇਰਾ ਝੋਲ਼ਾ ਖੋਹ ਲਿਆ ਤੇ ਟੰਗ ਲਿਆ ਡਾਂਗ 'ਤੇ, ਲੱਗ ਪਿਆ ਘੁੰਮਾਉਣ...।

(ਉੱਪਰ ਵੱਲ ਨੂੰ ਮੂੰਹ ਕਰਕੇ ਬੇਬਸੀ 'ਚ ਰੋਣਹੱਕਾ ਹੋਇਆ ਮੰਚ 'ਤੇ ਘੁੰਮਦਾ ਹੈ, ਜਿਵੇਂ ਝੋਲ਼ਾ ਘੁੰਮਦਾ ਦੇਖ ਰਿਹਾ ਹੋਵੇ। ਫੇਰ ਆਪ ਹੀ ਦੂਜੇ ਪਾਤਰ ਦਾ ਵੀ ਰੋਲ ਕਰਦਾ ਹੈ, ਜਿਹੜਾ ਉਸਨੂੰ ਚਿੜਾਅ ਰਿਹਾ ਹੈ ਤੇ ਝੋਲ਼ਾ ਆਸਮਾਨ ਵੱਲ ਉਛਾਲ ਦਿੰਦਾ ਹੈ। ...ਤੇ ਮੁੜ ਕਾਪੀਆਂ ਇਕੱਠੀਆਂ ਕਰਦੇ ਹੋਏ ਬੋਲਦਾ ਹੈ।)

ਮੈਂ ਬਹੁਤ ਮਿੰਨਤਾਂ ਕੀਤੀਆਂ ਬਈ, ...ਬਸਤਾ ਦੇ-ਦੇ, ਮੇਰੀਆਂ ਕਿਤਾਬਾਂ ਕਾਪੀਆਂ ਪਾਟ ਜਾਣਗੀਆਂ। ਉਹਨੇ ਮੇਰੀ ਇੱਕ ਨਾ ਸੁਣੀ ਝੋਲ਼ਾ ਚੱਕ ਕੇ ਟੋਏ 'ਚ ਠੋਕਿਆ। ...ਮੇਰੀਆਂ ਸਾਰੀਆਂ ਕਾਪੀਆਂ ਕਿਤਾਬਾਂ ਚਿੱਕੜ ਨਾਲ ਲਿੱਬੜ ਗਈਆਂ। ਤੇ ਉਹ ...ਹੱਸੀ ਜਾ ਰਿਹਾ ਸੀ। (ਆਲੇ-ਦੁਆਲੇ ਦੇਖਦਾ ਹੈ ਤੇ ਉੱਠਦਾ ਹੈ।)

(ਚੁੱਪ)

ਉਸ ਦਿਨ ਸਕੂਲ ਵਿੱਚ ਮੇਰਾ ਜੀਅ ਨਾ ਲੱਗਿਆ। ਬੱਸ ਇਹੋ ਆਉਂਦਾ ਮਨ 'ਚ ਵਾਰ-ਵਾਰ ਕਿ ਹੈ ਨੀ ਪੜ੍ਹਾਈ ਮੇਰੀ ਕਿਸਮਤ 'ਚ। ਫੇਰ ਬਾਪੂ ਦੀ ਕਹੀ ਗੱਲ ਯਾਦ ਆਉਂਦੀ, "ਮੁਨਸ਼ੀ ਪੁੱਤ ਪੜ੍ਹ ਲਿਖਕੇ ਜਾਤ ਸੁਧਾਰਣੀ ਆ।"

(ਚੁੱਪ। ਤੇ ਫੇਰ ਕੁੜੱਤਣ ਭਰੀ ਮੁਸਕਾਨ ਚਿਹਰੇ 'ਤੇ ਆਉਂਦੀ ਹੈ।)

ਸ਼ਾਇਦ ਏਸੇ ਗੱਲ ਨੇ ਮੈਨੂੰ ਸਕੂਲ ਨੀ ਛੱਡਣ ਦਿੱਤਾ। ਸਾਰੇ ਮਾਸਟਰ ਵੀ ਨਾਲੇ ਇੱਕੋ ਜਿਹੇ ਥੋੜ੍ਹੇ ਸਨ; ਉਹ... ਰਾਮ ਸਹਾਏ ਵੀ ਤਾਂ ਸੀ, ਹਿੰਦੀ ਵਾਲਾ। (ਜਿਵੇਂ ਸ਼ੁਕਰਾਨੇ ਨਾਲ ਭਰ ਜਾਂਦਾ ਹੈ।) ਉਹਨੇ ਬੜਾ ਸਾਥ ਦਿੱਤਾ। ਬਹੁਤ ਹੌਸਲਾ ਵਧਾਇਆ। ਅੱਜ ਮੈਂ ਜੋ ਵੀ ਆਂ, ਉਹਨਾਂ ਦੀ ਬਦੌਲਤ ਆਂ। ਭਾਸ਼ਾ 'ਚ ਜੋ ਮੇਰੀ ਰੁਚੀ ਐ..., ਸਾਰਾ ਸਿਹਰਾ ਉਹਨਾਂ ਨੂੰ ਜਾਂਦੈ।

ਸਕੂਲ ਵਿੱਚ ਲਾਇਬ੍ਰੇਰੀ ਵੀ ਸੀ। ਪਰ ਕਿਤਾਬਾਂ ਉੱਪਰ ਤਾਂ ਅਕਸਰ ਧੂੜ ਈ ਜੰਮੀ ਰਹਿੰਦੀ ਸੀ। ਕਿਤਾਬਾਂ ਨਾਲ ਵਾਹ ਮੇਰਾ ਪਹਿਲੀ ਵਾਰ ਇੱਥੇ ਹੀ ਪਿਆ। ਮੈਂ ਟੈਗੋਰ, ਮੁਨਸ਼ੀ ਪ੍ਰੇਮ ਚੰਦ, ਸ਼ਰਤ ਚੰਦਰ ਦੀਆਂ ਕਿਤਾਬਾਂ ਇੱਥੇ ਹੀ ਪੜ੍ਹੀਆਂ। ਉਹਨਾਂ ਦੇ ਪਾਤਰ ਮੇਰਾ ਹਿੱਸਾ ਬਣ ਗਏ, ਉਹ ਛੂਤ-ਛਾਤ ਨਹੀਂ ਸੀ ਕਰਦੇ। (ਉਤਸ਼ਾਹ ਨਾਲ ਭਰਿਆ) ਮੈਂ ਕਿਤਾਬਾਂ ਘਰ ਲੈ ਜਾਂਦਾ ਤੇ... ਮਿੱਟੀ ਦੇ ਦੀਵੇ ਦੀ ਲੋਅ 'ਚ ਪੜ੍ਹਦਾ... ਤੇ ਮਾਂ ਨੂੰ ਪੜ੍ਹ-ਪੜ੍ਹ ਸੁਣਾਉਂਦਾ...। ਉਹਨਾਂ ਪਾਤਰਾਂ ਨੇ ਸਾਨੂੰ ਮਾਂ-ਪੁੱਤ ਨੂੰ ਕਈ ਵਾਰ ਰੁਵਾਇਆ। (ਖ਼ਾਬਾਂ 'ਚ ਗੁਆਚਿਆ) ਉਹ ਦੁਨੀਆ ਈ ਵੱਖਰੀ ਸੀ।

ਉਦੋਂ ਮੈਨੂੰ ਉਹਦੀ ਅਹਿਮੀਅਤ ਦਾ ਪਤਾ ਨਹੀਂ ਸੀ, ਪਰ ਪਿਛਲੇ ਦਿਨੀਂ 'ਹੰਸ' ਰਸਾਲੇ ਦੇ ਸੰਪਾਦਕ ਰਾਜਿੰਦਰ ਯਾਦਵ ਹੋਰਾਂ ਨੇ ਜਦੋਂ ਮੈਨੂੰ ਕਹਾਣੀ ਪੜ੍ਹਣ ਲਈ ਬੁਲਾਇਆ ਤਾਂ ਮਾਂ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਗਰੀਬ ਆਦਮੀ ਸਾਹਿਤ ਨਹੀਂ ਪੜ੍ਹ ਸਕਦਾ। ਜੇ ਪੜ੍ਹ ਸਕਦਾ ਹੈ ਤਾਂ ਖ਼ਰੀਦ ਨਹੀਂ ਸਕਦਾ। ਉਦੋਂ ਮੈਨੂੰ ਇਸ ਘਾਟ ਦਾ ਅਹਿਸਾਸ ਨਈਂ ਸੀ।

...ਇੱਕ ਅਛੂਤ ਤੇ ਅਨਪੜ੍ਹ ਪਰਿਵਾਰ 'ਚ ਪੈਦਾ ਹੋਏ ਜੁਆਕ ਨੇ ਮਾਂ ਨੂੰ ਪਤਾ ਨਹੀਂ ਕੀ-ਕੀ ਪੜ੍ਹਕੇ ਸੁਣਾਇਆ: ਰਾਮਾਇਣ, ਮਹਾਭਾਰਤ, ਸੁਖ-ਸਾਗਰ, ਤੋਤਾ-ਮੈਨਾ...। (ਹਾਉਕਾ ਭਰਦਾ ਹੈ।) ਖ਼ੈਰ! ਅੱਜ ਮੈਂ ਪੜ੍ਹੇ-ਲਿਖੇ ਲੋਕਾਂ 'ਚ ਆਪਣੀ ਕਹਾਣੀ "ਸਲਾਮ"

ਸੁਣਾਈ। ਸਾਹਿਤ ਤੇ ਲੋਕਾਂ ਵਿੱਚਲੇ ਪਾੜੇ ਨੂੰ ਪੂਰਨ ਦਾ ਏਸ ਤੋਂ ਵਧੀਆ ਤਰੀਕਾ ਕੋਈ ਨਹੀਂ।

ਕਹਾਣੀ ਸੀ ਵਿਆਹ ਦੀ ਇੱਕ ਰਸਮ ਬਾਰੇ, ਜੋ ਸਾਡੇ ਲੋਕਾਂ ਵਿੱਚ ਇਹ ਆਮ ਸੀ। ਤੇ ਕਹਾਣੀ ਦਾ ਹੀਰੋ ਵੀ ਮੇਰਾ ਈ ਜਮਾਤੀ ਸੀ ਸੁੱਖਣ। ਮੈਂ ਨੌਵੀਂ 'ਚ ਸੀ ਜਦੋਂ ਉਹਦਾ ਵਿਆਹ ਹੋ ਗਿਆ। ਬਾਪੂ ਦੇ ਨਾਲ ਮੈਂ ਵੀ ਬਰਾਤੇ ਗਿਆ ਸੀ। ਵਿਆਹ ਦੀ ਹਰ ਰਸਮ ਵਿੱਚ ਮੈਂ ਸੁੱਖਣ ਦੇ ਨਾਲ-ਨਾਲ ਸਾਂ, ...ਬਰਾਦਰੀ ਵਿੱਚੋਂ ਸੱਭ ਤੋਂ ਵੱਧ ਪੜ੍ਹਿਆ ਲਿਖਿਆ ਮੁੰਡਾ ਮੈਂ ਹੀ ਸੀ। ਖਾਣ ਨੂੰ ਤਾਂ ਭਾਵੇਂ ਬੇਹੇ ਦਾਲ਼-ਚੌਲ ਹੀ ਸੀ, ਪਰ ਨਵੇਂ ਕੱਪੜੇ ਪਾਕੇ ਬਰਾਤ ਜਾਣ ਦਾ ਸੁਆਦ ਹੀ ਵੱਖਰਾ ਹੁੰਦਾ ਏ। ਕੁੜੀਆਂ ਦੇ ਝੁੰਡ ਨੇ ਸਾਨੂੰ ਘੇਰ ਲਿਆ। ਮੈਂ ਪੂਰਾ ਚੁਕੰਨਾ। ਬੁੜ੍ਹਿਆਂ ਨੇ ਮੈਨੂੰ ਬੜੇ ਤਰੀਕੇ ਦੱਸੇ ਸੀ ਕੁੜੀਆਂ ਦੀਆਂ ਮਸ਼ਕਰੀਆਂ ਨਾਲ ਨਜਿੱਠਣ ਦੇ। ਹਾਸਾ-ਠੱਠਾ ਪਤਾ ਨਹੀਂ ਕਿੰਨੀ ਦੇਰ ਚੱਲੀ ਗਿਆ ਪਰ ਮੈਂ ਦੇਖਿਆ ਮੈਂ 'ਕੱਲਾ ਈ ਰਹਿ ਗਿਆ ਸਾਂ, ਤੇ... ਸੁੱਖਣ...।

(ਫੇਰ ਦੂਜੇ ਪਾਸੇ ਧਿਆਨ ਜਾਂਦਾ ਹੈ। ਗ਼ੌਰ ਨਾਲ ਦੇਖਦਾ ਹੈ ਤੇ ਢਿੱਲਾ ਪੈ ਜਾਂਦਾ ਹੈ।)

ਸਾਹਮਣੇ ਇੱਕ ਆਦਮੀ ਗਲ਼ 'ਚ ਢੋਲ ਪਾਈ ਬੈਠਾ ਸੀ। ਹੁਣ ਸੁੱਖਣ ਅਤੇ ਉਹਦੀ ਨਵੀਂ-ਨਵੇਲੀ ਬਹੂ ਨੇ ਉਹਨਾਂ ਘਰਾਂ 'ਚ ਜਾਣਾ ਸੀ; ਸਲਾਮ ਕਰਨ ਵਾਸਤੇ, ਜਿੱਥੇ ਸੁੱਖਣ ਦੀ ਸੱਸ ਕੰਮ-ਧੰਦਾ ਕਰਦੀ ਸੀ। ਜੋ ...ਰਸਮ ਸੀ।

ਸਲਾਮ ਕਰਨ ਵਾਸਤੇ ਮੈਂ ...ਨਾਂਹ ਕਰਤੀ ਨਾਲ ਜਾਣ ਤੋਂ। ਮੈਨੂੰ ਇਹ ਰਸਮ ਕਦੇ ਵੀ ਚੰਗੀ ਨਹੀਂ ਸੀ ਲੱਗੀ। ਜਦੋਂ ਉਹ ਸਾਡੇ ਘਰਾਂ ਵਿੱਚ 'ਨੀ ਆਉਂਦੇ, ਅਸੀਂ ਕਿਉਂ ਜਾ-ਜਾ ਸਲਾਮ ਕਰਦੇ ਫਿਰੀਏ। ਸੁੱਖਣ ਨਾਲ ਥੋੜ੍ਹੀ ਕਿਹਾ-ਸੁਣੀ ਵੀ ਹੋ ਗਈ। ਪਰ ਸੁੱਖਣ ਮੇਰਾ ਯਾਰ... ਜਿੱਦੀ। ਮੇਰਾ ਹੱਥ ਫੜਕੇ ਕਹਿਣ ਲੱਗਾ,'ਯਾਰ ਤੂੰ ਵੀ ਮੇਰਾ ਸਾਥ ਛੱਡ ਜੇਂਗਾ?' ਮੈਨੂੰ ਨਾਲ ਈ ਜਾਣਾ ਪਿਆ। ਗਰਮੀਆਂ ਦੇ ਦਿਨ, ਸਿਖਰ ਦੁਪਹਿਰਾ, ਵਰ੍ਹਦੀ ਅੱਗ ਚੰਗਾ ਖਾਸਾ ਜਲੂਸ ਹੋ ਗਿਆ

ਸੀ। ਸੁੱਖਣ ਦੀ ਸੱਸ ਨੇ ਇਸ਼ਾਰਾ ਕੀਤਾ ਤਾਂ ਢੋਲ ਵੱਜਣਾ ਸ਼ੁਰੂ ਹੋ ਗਿਆ।

(ਪਿੱਛਿਓਂ ਢੋਲ ਦੀ ਆਵਾਜ਼ ਉੱਭਰਦੀ ਹੈ। ਜੈਸਚਰਜ਼ ਨਾਲ ਚਿੱਤਰ ਉਸਾਰਦਾ ਹੈ।)

ਅੱਗੇ ਲਾੜਾ ਤੇ ਲਾੜੀ, ਨਾਲ ਉਸਦੀ ਮਾਂ, ਪਿੱਛੇ-ਪਿੱਛੇ ਕੁੜੀਆਂ-ਬੁੜ੍ਹੀਆਂ। ਸੱਭ ਤੋਂ ਮੂਹਰੇ-ਮੂਹਰੇ ਢੋਲ ਵਾਲਾ ਤੇ ਜੁਆਕਾਂ ਦੀ ਭੀੜ। ਹਰ ਘਰ ਮੂਹਰੇ ਖਲੋਕੇ ਢੋਲ ਵਜਾਉਣਾ ਪੈਂਦਾ। ਢੋਲ ਦੀ ਆਵਾਜ਼ ਸੁਣਕੇ ਕੁੜੀਆਂ-ਬੁੜ੍ਹੀਆਂ ਘਰੋਂ ਬਾਹਰ ਆ ਜਾਂਦੀਆਂ। ਸੁੱਖਣ ਸਲਾਮ ਕਰਦਾ ਤੇ ਘੁੰਡ ਪਿੱਛੋਂ ਉਹ ਸੁੱਖਣ ਵੱਲ ਇਉਂ ਵੇਂਹਦੀਆਂ ਜਿਵੇਂ ਚਿੜੀਆ ਘਰ ਚੋਂ ਛੁੱਟਿਆ ਕੋਈ ਜਾਨਵਰ ਹੋਵੇ। ਸੁੱਖਣ ਦੀ ਸੱਸ ਨੂੰ ਲੈਣ-ਦੇਣ ਵਾਸਤੇ ਬਹੁਤ ਮਿੰਨਤਾਂ ਤਰਲੇ ਕਰਨੇ ਪੈਂਦੇ।

"ਸਰਦਾਰਨੀਏ ਮੇਰੇ ਕਿਹੜਾ ਪੰਜ ਸੱਤ ਧੀਆਂ ਨੇ ਜਿਹੜੇ ਮੇਰੇ ਜੁਆਈ ਹਰ ਰੋਜ਼ ਤੇਰੇ ਦਰ 'ਤੇ ਖੜ੍ਹੇ ਰਹਿਣਗੇ। ਇੱਕੋ ਇੱਕ ਧੀ ਐ, ਇਹਦੀ ਤਾਂ ਝੋਲੀ ਕੁਝ ਪਾ ਦਿਓ।" ਪਰ ਛੇਤੀ ਕਿਤੇ ਕਿਸੇ ਦੇ ਹੱਥੋਂ ਕੁਝ ਨਾ ਨਿਕਲਦਾ। ਕੋਈ ਕੋਈ ਤਾਂ ਨੱਕ ਬੁੱਲ੍ਹ ਚੜ੍ਹਾਕੇ ਆਖਦੀ, "ਇਹਨਾਂ ਚੂਹੜਿਆਂ ਦਾ ਢਿੱਡ ਤਾਂ ਭਰਨਾ ਈ ਨੀ।" ਕਿਤੇ ਕਿਤੇ ਤਾਂ ਬਾਹਲੀ ਥੂ-ਥੂ ਹੁੰਦੀ। ਸ਼ਰਮ ਤੇ ਤੇਹ ਨਾਲ ਮੇਰਾ ਬੁਰਾ ਹਾਲ ਸੀ। ਮੈਂ ਢੋਲ ਵਾਲੇ ਨੂੰ ਸੈਨਤ ਮਾਰੀ, "ਯਾਰ ਪਾਣੀ ਪੂਣੀ!" ਉਹ ਮੇਰੇ ਵੱਲ ਵੇਖਕੇ ਹੱਸ ਪਿਆ। ਆਂਹਦਾ ਪਾਣੀ ਪੂਣੀ ਤਾਂ ਬਾਈ ਵੇਹੜੇ 'ਚ ਜਾਕੇ ਈ ਮਿਲੂ। ਅੱਜ ਜਦੋਂ ਕਿਸੇ ਨੂੰ ਹੇਰਵਾ ਕਰਦਾ ਸੁਣਦਾਂ, "ਕਦੇ ਪਿੰਡ ਦੀ ਬਰਾਤ ਸਾਰੇ ਪਿੰਡ ਦੀ ਸਾਂਝੀ ਹੁੰਦੀ ਸੀ!" ਤਾਂ ਦਿਲ ਕੱਚਾ ਹੋਣ ਲਗਦੈ। (ਸਿਰ ਝਟਕਦਾ ਹੈ।)

ਇੱਕ ਜ਼ਨਾਨੀ ਨੇ ਸੁੱਖਣ ਦੀ ਸੱਸ ਦੇ ਹੱਥ 'ਤੇ ਰੁਪਈਆ ਧਰਦੇ ਕਿਹਾ, "ਜਵਾਈ ਤਾਂ ਤੇਰਾ ਸੋਹਣਾ, ਕੀ ਕਰਦੈ?" "ਪੜ੍ਹਦੈ..., ਇਮਤਿਹਾਨ ਦਿੱਤੇ ਨੇ ਅੱਠਵੀਂ ਦੇ।" ਸੁੱਖਣ ਦੀ ਸੱਸ ਨੇ ਹੁੱਬਕੇ ਕਿਹਾ।

(ਕੁਝ ਯਾਦ ਕਰਦੇ ਹੋਏ ਸਿਰ ਜਿਹਾ ਖੁਰਕਦਾ ਹੈ।)

ਉਹ ਜ਼ਨਾਨੀ ਤਾਂ ਸੁੱਖਣ ਵੱਲ ਟਿਕਟਿਕੀ ਲਾ ਕੇ ਖੜ੍ਹ ਗਈ, ਫੇਰ ਮੇਰੇ ਵੱਲ ਹੋ ਲੀ, "ਤੇ ਤੂੰ ਵੇ?" 'ਮੈਂ ਨੌਵੀਂ ਦੇ ਪਰਚੇ ਦਿੱਤੇ ਨੇ।' ਉਹਨੂੰ ਜਿਵੇਂ ਇਹ ਪਸੰਦ ਨਹੀਂ ਸੀ ਆਇਆ, ਸਾਡਾ ਪੜ੍ਹਣਾ। ਫਿਰ ਉਹੋ ਬੋਲ ਜਿੰਨਾਂ ਦਾ ਮੈਂ ਆਦੀ ਹੋ ਗਿਆ ਸਾਂ, "ਜਿੰਨਾ ਮਰਜ਼ੀ ਪੜ੍ਹ ਲਓ..., ਰਹਿਣਾ ਤਾਂ ਉਹੋ ਐ ਨਾ ਚੂਹੜੇ।" ਅਸੀਂ ਘਰ ਮੁੜ ਆਏ। ਮੈਂ ਰੱਜਕੇ ਪਾਣੀ ਪੀਤਾ ਜਿਵੇਂ ਜਨਮਾਂ ਦਾ ਤਿਹਾਇਆ ਹੋਵਾਂ। ਮਜ਼ਾ ਤਾਂ ਕਿਰਕਿਰਾ ਹੋ ਈ ਚੁੱਕਾ ਸੀ। ਵਿਆਹ ਦੇ ਪਹਿਲੇ ਈ ਦਿਨ ਇਹੋ ਜਿਹੀ ਹੀਣ-ਭਾਵਨਾ ਅੰਦਰ ਭਰ ਦਿੱਤੀ ਜਾਂਦੀ... ਜਿਹੜੀ ਸਾਰੀ ਉਮਰ ਪਿੱਛਾ ਨਹੀਂ ਸੀ ਛੱਡਦੀ।

ਕਹਾਣੀ ਪਸੰਦ ਕੀਤੀ ਗਈ। ਕਈ ਲੋਕਾਂ ਨੇ ਖੁੱਲ੍ਹਕੇ ਤਾਰੀਫ਼ ਵੀ ਕੀਤੀ। ਮੈਂ ਉਹਨਾਂ ਸਾਹਿਤਕਾਰਾਂ ਦੀ ਗੱਲ ਨੀ ਕਰਦਾ। ਜਿਹੜੇ ਸਿਆਣੀਆਂ ਗੱਲਾਂ ਕਰਦੇ ਤੇ ਜਿਨ੍ਹਾਂ ਨੂੰ ਮੇਰੇ 'ਚੋਂ ਲਾਊਡਨੈੱਸ ਤੇ ਹੋਰ ਪਤਾ ਨਹੀਂ ਕੀ ਕੀ ਨਜ਼ਰ ਆਉਂਦਾ। ਮੈਂ ਜੋ ਆਪਣੀ ਜ਼ਿੰਦਗੀ 'ਚ ਹੰਡਾਇਆ ਜੇ ਉਹਦੇ 'ਚ ਗੰਦ ਈ ਗੰਦ ਐ ਤਾਂ ਇਹਦੇ ਚ ਮੇਰਾ ਕੀ ਕਸੂਰ? (ਦਮ ਜਿਹਾ ਲੈਂਦਾ ਹੈ।)

ਚੁੱਪ!

ਮੈਂ ਕੁੜੱਤਣ ਨਾਲ ਭਰਿਆ ਪਿਆਂ, (ਤੜਫ਼ਦਾ ਹੈ।) ਖਾਲੀ ਹੋਣਾਂ ਚਾਹੁੰਦਾਂ..., ਪਰ ਕੀ ਕਰਾਂ..., ਕਿੱਥੇ ਸੁੱਟਾਂ ਇਸਨੂੰ, ਇਹ ਤਾਂ ਰਗ-ਰਗ 'ਚ ਰਿਸ ਗਈ ਏ..., ਮੈਂ ਕਿੱਥੋਂ ਲਿਆਵਾਂ ਖੁਸ਼ਬੂਆਂ ਰੂਹਾਨੀਅਤ ਦੀਆਂ! (ਸਾਹੋ-ਸਾਹੀ ਹੋ ਜਾਂਦਾ ਹੈ।) ਇਸ ਸੱਚਾਈ 'ਚ ਨਾ ਕੁਝ 'ਸ਼ਿਵ' ਹੈ ਨਾ 'ਸੁੰਦਰ'। ਇਸ ਸਭ ਕੁਝ ਨੂੰ ਜੀਣਾ ਤੇ ਵਾਰ-ਵਾਰ ਜੀਣਾ ... ਇਹ ਕੋਈ ਸ਼ੌਕ ਨਹੀਂ ਮੇਰਾ।

(ਚੁੱਪ)

(ਖ਼ੁਦ ਨੂੰ ਸ਼ਾਂਤ ਕਰਦੇ ਹੋਏ) ਸਾਹਿਤ ਉਹਨਾਂ ਲਈ ਕੋਈ ਰੂਹਾਨੀ ਸਾਧਨਾ ਹੋਏਗੀ, ਮੇਰੇ ਲਈ ਤਾਂ ਜ਼ਖਮ ਦਰ ਜ਼ਖਮ ਉਧੜਨਾ ਹੈ... ਯਾਦਾਂ ਦਾ, ਭੁਗਤੇ ਤਸੀਹਿਆਂ ਨੂੰ ਮੁੜ-ਮੁੜ ਭੁਗਤਣਾ ਹੈ, ਮੁਕਤੀ ਦੀ ਆਸ 'ਚ, ਤਾਂ ਜੋ ਕਿਤੇ ਪੱਲਾ ਛੁੱਟੇ ...ਬਸ, ਇਹੋ ਹੈ ਮੇਰੇ ਪੱਲੇ!

(ਚੁੱਪ, ਖ਼ੁਦ ਨੂੰ ਟੋਂਹਦਾ ਹੈ।)

ਉਹਨਾਂ ਲਈ ਮੈਂ ਅੱਜ ਵੀ ਬੱਸ ਇੱਕ "ਐਸ.ਸੀ." ਆਂ, ਦਰਵਾਜ਼ੇ ਤੋਂ ਬਾਹਰ ਖੜ੍ਹਾ ਰਹਿਣ ਵਾਲਾ ਅਛੂਤ... ਜਿਸਨੂੰ ਪਿੰਡ ਵੜਨ ਤੋਂ ਪਹਿਲਾਂ ਢੋਲ ਵਜਾਉਣਾ ਪੈਂਦਾ ਤਾਂ ਜੋ ਉਹ ਲਾਂਭੇ ਹੋ ਜਾਣ..., ਆਪਣੀ ਸੁੱਚ ਨੂੰ ਲੈ ਕੇ। ਮੇਰੇ ਲਫ਼ਜ਼ ਭਿੱਟ ਦਿੰਦੇ ਆ ਉਹਨਾਂ ਦੀ "ਐਸਥੈਟਿਕਸ"..., ਸੁੰਦਰਤਾ... ਤੇ ਸ਼ੁਭ! ਕੀ ਕਰਾਂ ਮੈਂ ਉਹਨਾਂ ਦੀ ਕੋਮਲਤਾ ਦਾ... ਮੇਰਾ ਤਾਂ ਪੂਰੇ ਦਾ ਪੂਰਾ ਵਜੂਦ ਈ ਖਰਵਾ ਐ, ਖੁਰਦਰਾ, ਕਿੱਥੇ ਸੁੱਟਾਂ ਇਸਨੂੰ !

(ਦਰਸ਼ਕਾਂ ਵੱਲ ਦੇਖਕੇ) ਗੱਪ ਨੀ ਮਾਰਦਾ, ਜੀਹਦੇ 'ਤੇ ਬੀਤਦੀ ਐ ਉਹੋ ਸਮਝਦਾ। ਪ੍ਰੈੱਸ ਕੀਤੇ ਹੋਏ ਕੱਪੜੇ..., ਕਿੱਡੀ ਕੁ ਗੱਲ ਹੁੰਦੀ ਐ। ਪਰ ਕਿਸੇ ਲਈ ਉਹ ਸੁਫ਼ਨਾ ਈ ਰਹਿ ਜਾਂਦੈ। ...ਇੱਕ ਬਜ਼ੁਰਗ ਸੀ ਸਾਡੇ ਪਿੰਡ 'ਚ, (ਪਿਛਲੇ ਪਾਸਿਓਂ ਸਿਰ ਖੁਰਕਦਾ ਹੈ।) ਸਾਰੇ ਪਿੰਡ ਦੇ ਕੱਪੜੇ ਧੋਂਦਾ, ਪ੍ਰੈੱਸ ਕਰਦੈ। ਮੇਰੇ ਵੀ ਮਨ 'ਚ ਰੀਝ ਉੱਠੀ, ਮੈਂ ਵੀ ਲੈ ਗਿਆ, ਵਰਦੀ ਸੀ ਸਕੂਲ ਦੀ!

(ਅਚਾਨਕ ਧੋਬੀ ਦੇ ਕਿਰਦਾਰ 'ਚ ਆ ਜਾਂਦਾ ਹੈ।) "ਓਇ... ਓਇ... ਕਿੱਧਰ ਚੜ੍ਹਿਆ ਆਉਨਾਂ..., ਅਸੀਂ ਨੀ ਧੋਂਦੇ ਚੂਹੜੇ ਚਮਾਰਾਂ ਦੇ। (ਚੋਰਾਂ ਵਾਂਗ ਏਧਰ ਓਧਰ ਦੇਖਦਾ ਹੈ।) ਕਿਸੇ ਨੇ ਦੇਖ ਲਿਆ ਤੇ... ਤੂੰ ਤਾਂ ਧੰਦਾ ਈ ਬੰਦ ਕਰਵਾਏਂਗਾ। ਨਾ ਤੂੰ ਮੁਕਲਾਵਾ ਲੈਣ ਜਾਣਾ ...ਕਿਹੜਾ ...ਪ੍ਰੈੱਸ ਕੀਤੇ ਪਾਕੇ। ਸਾਲੀਏ ਝੜੰਮੇ।"

(ਚੁੱਪ)

ਮੈਂ ...ਕੱਪੜੇ ਕੱਛ 'ਚ ਲੈ ਕੇ (ਜਿਵੇਂ ਬਹੁਤ ਥੱਕ ਗਿਆ ਹੋਵੇ।) ਮੁੜ ਆਇਆ ਘਰੇ। ਮੇਰੇ ਅੰਦਰ ਐਨੀ ਬੋਅ ਭਰੀ ਐ, ਕਿੱਥੇ ਸੁੱਟਾਂ ਇਹਨੂੰ। ਕਿਵੇਂ ਹੋ ਜਾਵਾਂ ਚੀਕਨੇ ਘੜੇ ਵਰਗਾ। ਮਰੇ ਡੰਗਰ ਨੂੰ ਢੋਣਾ... ਸਿਰ 'ਤੇ, ...ਗੁਲਦਸਤਿਆਂ 'ਚ ਫੁੱਲ ਲਾਉਣ ਵਾਲੀ ਗੱਲ ਨਹੀਂ। (ਹਾਉਕਾ ਭਰਕੇ ਆਸਮਾਨ ਵੱਲ ਦੇਖਦਾ ਹੈ।) ਇਹ ਤਾਂ ਸ਼ੁਕਰ ਹੈ ਕਿ ...ਸ਼ਬਦ ਹੈ ਨੇ!

(ਛੁਰੀ ਵਾਲੀ ਥਾਂ ਵੱਲ ਵਧਦਾ ਹੈ ਤੇ ਅਚੇਤ ਹੀ ਛੁਰੀ ਨਾਲ

ਖੇਡਣ ਲੱਗਦਾ ਹੈ।) ਜਦੋਂ ਸਕੂਲ ਪੜ੍ਹਦੇ ਜੁਆਕ ਨੂੰ ਪਸ਼ੂਆਂ ਦੀ ਖੱਲ ਲਾਹੁਣੀ ਪਵੇ ਨਾ... ਤਾਂ ਖ਼ੂਨ ਤੇ ਚਰਬੀ ਚੋਂਦੀ ਐ, ਖੁਸ਼ਬੋਆਂ ਨਹੀਂ ਉਠਦੀਆਂ, ਵਲੂੰਦਰਿਆ ਜਾਂਦਾ ਹੈ ਅੰਦਰ। ਡੰਗਰ ਚੁਕਾਉਣ ਵਾਲਿਆਂ ਨੂੰ ਤਾਂ ਕਾਹਲੀ ਹੁੰਦੀ ਸੀ। ਜੇ ਕਿਤੇ ਮਾੜੀ ਮੋਟੀ ਦੇਰ ਹੋ ਜਾਏ ਤਾਂ ਉਪਰੋਂ ਗਾਲ਼ਾਂ :

(ਨੱਕ ਬੰਦ ਕਰਦੇ ਹੋਏ।) 'ਉਇ ਕਮਜਾਤੇ ਕਿਹਾ ਨੀ ਸੀ ਛੇਤੀਂ ਆ ਮਰ ਜੀਂ, ਮੁਸ਼ਕ ਉੱਠਣ ਲੱਗ ਪੀ।'

ਮਰੇ ਡੰਗਰ ਚੁੱਕਣਾ ਬੜਾ ਨਾਮੁਰਾਦ ਕੰਮ ਹੈ।

(ਜੈਸਚਰਜ਼ ਨਾਲ ਦ੍ਰਿਸ਼ ਸਿਰਜਦਾ ਹੈ।)

ਅਗਲੇ-ਪਿਛਲੇ ਖੁਰਾਂ ਨੂੰ ਰੱਸੀ ਨਾਲ ਬੰਨ੍ਹਕੇ ਮੋਟੀਆਂ-ਮੋਟੀਆਂ ਬਾਹੀਆਂ ਨਾਲ ਨੂੜਨਾ ਪੈਂਦਾ, ਕਸ ਕੇ, ਤੇ ਫੇਰ ਢੋਵੋ... ਜਾਂ ਧੂਓ... ਪਿੰਡ ਦੇ ਬਾਹਰ। ਸਾਨੂੰ ਈ ਕਰਨਾ ਪੈਂਦਾ ਸੀ ਇਹ ਕੰਮ। ਤੇ ਮਿਲਦਾ ਕੁਝ ਨਹੀਂ ਸੀ, ਸ਼ਹਿਰ ਲੈ ਜਾਂਦੇ ਤਾਂ ਮਸਾਂ, ਉਹ ਖੱਲ ਵੀਹਾਂ-ਪੱਚੀਆਂ ਦੀ ਵਿਕਦੀ ਸੀ, ਉਹ ਵੀ ਮਰ ਕੇ। ਭਾੜਾ ਕਿਰਾਇਆ ਕੱਢਕੇ ਦਸ-ਪੰਦਰਾਂ ਬਚ ਜਾਂਦੇ, ਤੇ ਜਦ ਦਿਨ ਮਾੜੇ ਹੋਣ ਤਾਂ ਦਸ-ਪੰਦਰਾਂ ਵੀ ਬਹੁਤ ਹੁੰਦੇ ਨੇ, ਨਹੀਂ!

(ਵਿਅੰਗ 'ਚ ਹੱਸਦਾ ਹੈ।)

ਖੱਲ ਲਾਹ ਕੇ ਨਾਲ ਦੀ ਨਾਲ ਲੂਣ ਲਾਕੇ ਰੱਖਣੀ ਪੈਂਦੀ। ਨਹੀਂ ਤਾਂ ਮੁਸ਼ਕ ਬਰਦਾਸ਼ਤ ਕਰਨੀ ਔਖੀ ਹੋ ਜਾਂਦੀ। ਤੇ ਜੇ ਲਾਹੁੰਦਿਆਂ ਖੱਲ ਨੂੰ ਟੱਕ ਲੱਗ ਜਾਵੇ ਤਾਂ ਵੱਖਰੀ ਮੁਸੀਬਤ, ਵਪਾਰੀ ਖ਼ਰੀਦਣੋਂ ਨਾਂਹ ਕਰ ਦਿੰਦਾ, "ਲੈ ਜੋ ਚੱਕ ਕੇ ਘਰ ਨੂੰ ਉਇ।" ਕਿਹੋ ਜਿਹਾ ਜ਼ਾਲਮ ਸਮਾਜ ਐ ਇਹ। ਇੰਨਾ ਨਾਸ਼ੁਕਰਾ ਕੰਮ ਤੇ ਨਾ ਕੋਈ ਮੁੱਲ, ਨਾ ਕਦਰ।

(ਛੁਰੀ ਨਾਲ ਸਿਰ ਖੁਰਕਦਾ ਹੈ।)

ਇੱਕ ਦਿਨ ਮਾਂ ਨੇ ਮੈਨੂੰ ਸਕੂਲੋਂ ਹੀ ਬੁਲਾ ਲਿਆ। ਨੰਬਰਦਾਰਾਂ ਦਾ ਬਲਦ ਮਰ ਗਿਆ ਸੀ, ਮੌਲਾ ਜਿਆ। ਵੱਡਾ ਭਾਈ ਤੇ ਬਾਪੂ ਕਿਸੇ ਰਿਸ਼ਤੇਦਾਰੀ 'ਚ ਗਏ ਸੀ, ਘਰੇ ਕੱਲੀਆਂ ਬੁੜ੍ਹੀਆਂ ਸੀ। ਮਾਂ ਨੇ ਚਾਚੇ

ਨਾਲ ਗੱਲ ਕੀਤੀ, ਪਰ 'ਕੱਲੇ ਦੇ ਵੱਸ ਦਾ ਨਹੀਂ ਸੀ, ਕੋਈ ਦੂਜਾ ਵੀ ਤਾਂ ਚਾਹੀਦਾ ਸੀ ਨਾਲ।

(ਘਬਰਾਇਆ ਜਿਹਾ ਖੜ੍ਹਾ ਹੈ ਜਿਵੇਂ ਮੂਹਰੇ ਪਏ ਮੋਏ ਡੰਗਰ ਨੂੰ ਦੇਖ ਰਿਹਾ ਹੋਵੇ।)

ਮੈਂ ਕਦੇ ...ਕੀਤਾ ਨਹੀਂ ਸੀ... ਇਹ ਕੰਮ। ਮੇਰੀ ਮਾਂ ਨੇ ਵੀ ਕਦੇ ਨਹੀਂ ਸੀ ਚਾਹਿਆ। ਪਰ ਮਜਬੂਰੀ ...ਦਸ-ਪੰਦਰਾਂ ਰੁਪੈ ਛੱਡਣ ਦੀ ਹਾਲਤ ਨਹੀਂ ਸੀ ਸਾਡੀ। ਮੈਂ ਸਕੂਲੋਂ ਆ ਗਿਆ ਤੇ ਇਹ ਛੁਰੀ ਫੜ ਤੁਰ ਪਿਆ ਚਾਚੇ ਦੇ ਮਗਰ-ਮਗਰ। ਇਹ ਛੁਰੀ... ਓਦਣ ਦੀ ਖੁੱਬੀ ਪਈ ਆ ਮੇਰੇ ਅੰਦਰ।

ਅੱਗੇ ਅੱਗੇ ਚਾਚਾ ਤੇ ਮਗਰ ਮਗਰ ਮੈਂ। ਮਾਂ ਨੂੰ ਹੋਰ ਈ ਡਰ ਸੀ (ਖਰਵੀਂ ਜਿਹੀ ਹਾਸੀ ਹੱਸਦਾ ਹੈ।) ਕਿ ਕਿਤੇ ਸਾਥੋਂ ਪਹਿਲਾਂ ਗਿਰਝਾਂ ਈ ਨਾ ਪੈ ਜਾਣ ਉਸ ਬਲਦ ਨੂੰ। ਚਾਚਾ ਖੱਲ ਲਾਹੁਣ ਲੱਗ ਪਿਆ। ਪਰ ਉਹਦੇ 'ਚ ਬਾਪੂ ਵਰਗੀ ਫੁਰਤੀ ਹੈ 'ਨੀਂ ਸੀ। ਥੋੜ੍ਹੀ ਦੇਰ ਬਾਅਦ ਹੀ ਉਹ ਬਹਿ ਗਿਆ ਬੀੜੀ ਪੀਣ ਤੇ... (ਹਫਣ ਲਗਦਾ ਹੈ।) ...ਛੁਰੀ ਫੜਾ ਤੀ ਮੇਰੇ ਹੱਥ 'ਚ। ਮੇਰੇ ਹੱਥ ਕੰਬੀ ਜਾਣ। ਮੈਂ ਇਹ ਕਦੇ ਨਹੀਂ ਸੀ ਕੀਤਾ। ਚਾਚੇ ਨੇ ਛੁਰੀ ਚਲਾਉਣੀ ਸਿਖਾਈ। ਮੈਂ ਜਿਹੜੀ ਦਲਦਲ 'ਚੋਂ ਨਿਕਲਣਾ ਚਾਹੁੰਦਾ ਸੀ, ਉਸੇ 'ਚ ਧਸੀ ਜਾ ਰਿਹਾ ਸੀ। ਹਾਲਾਤ ਮੈਨੂੰ ਧੱਕੀ ਜਾ ਰਹੇ ਸੀ। ਜਿਉਂ ਜਿਉਂ ਖੱਲ ਉਤਰਦੀ ਗਈ...., ਮੇਰੇ ਅੰਦਰਲਾ ਖ਼ੂਨ ਜੰਮਦਾ ਰਿਹਾ.., ਪਰ ਮੈਂ ਲੱਗਿਆ ਰਿਹਾ, ਲੱਗਿਆ ਰਿਹਾ... ਤੇ ਇਹ ਸਿਲਸਿਲਾ ਪਤਾ ਨਹੀਂ ਕਿੰਨੇ ਘੰਟੇ ਚੱਲਦਾ ਰਿਹਾ ... ਉਹ ਸਮਾਂ ਅਨੰਤ ਸੀ।

(ਲੰਮੇ-ਲੰਮੇ ਸਾਹ ਲੈਂਦਾ ਹੈ। ਤੇ ਸਾਹਮਣੇ ਦੀ ਜ਼ਮੀਨ ਵੱਲ ਇੱਕ ਟੱਕ ਦੇਖਦਾ ਹੈ।)

ਚਾਚੇ ਨੇ ਖੱਲ ਜ਼ਮੀਨ 'ਤੇ ਵਿਛਾ ਦਿੱਤੀ ਤੇ ਖੁਸ਼ਕ ਜ਼ਮੀਨ ਨੇ ਖੱਲ ਦਾ ਸਾਰਾ ਖ਼ੂਨ ਚੂਸ ਲਿਆ। ਉਹਨੇ ਗੰਢ ਬੰਨੀ, ਸਿਰ ਉੱਤੇ ਰੱਖੀ ਤੇ ਚੱਲ ਪਿਆ, ਮਗਰ-ਮਗਰ ਛੁਰੀ ਲਈ ਮੈਂ। ਪਿੰਡ ਦੇ ਬਾਹਰ-ਵਾਰ ਅੱਡੇ 'ਤੇ ... ਉਹਨੇ ਗੰਢ ਲਾਹ ਕੇ ਰੱਖ ਦਿੱਤੀ ਤੇ ਬੀੜੀ

ਪੀਣ ਬਹਿ ਗਿਆ। ਲੈਅ ਬਈ ਭਤੀਜ ਅੱਗੇ ਹੁਣ ਤੂੰ ਲੈ ਜਾ, ਪੱਕੀ ਸੜਕ ਐ। ਮੈਂ ਬਥੇਰਾ ਕਿਹਾ, ਮਿਨਤਾਂ ਕੀਤੀਆਂ ਚਾਚਾ ਅੱਡਾ ਟਪਾ ਦੇ, ਸਕੂਲ ਦੀ ਛੁੱਟੀ ਦਾ ਟੈਮ ਐ, ਜੇ ਕਿਸੇ ਨੇ ਦੇਖ ਲਿਆ, ਜੀਣਾ ਔਖਾ ਹੋ ਜਾਊ। ਪਰ ਉਹਨੇ ਮੇਰੀ ਇੱਕ ਨਾ ਸੁਣੀ ਬੈਠਾ ਬੀੜੀ ਪੀਈ ਗਿਆ।

ਮਜਬੂਰੀ ਵੱਸ ਮੈਨੂੰ ਉਹ ਪੰਡ ਚੱਕਣੀ ਪਈ। ਗੰਢ ਦਾ ਭਾਰ ਮੇਰੇ ਵਜੂਦ ਨਾਲੋਂ ਵੀ ਜ਼ਿਆਦਾ ਸੀ।

(ਪੰਡ ਚੁੱਕ ਕੇ ਚੋਰੀ-ਚੋਰੀ ਏਧਰ ਓਧਰ ਝਾਕਦਾ ਮੰਚ 'ਤੇ ਗੋਲ-ਗੋਲ ਦੌੜਦਾ ਹੈ।)

ਜੇ ਕਿਸੇ ਨੇ ਵੇਖ ਲਿਆ, ਜੇ ਕਿਸੇ ਨੇ ਪੁੱਛ ਲਿਆ। ਇਹ ਭੈਅ ਲਗਾਤਾਰ ਮੇਰਾ ਪਿੱਛਾ ਕਰ ਰਿਹਾ ਸੀ। ਚਰਬੀ ਤੇ ਖ਼ੂਨ ਨਾਲ ਮੇਰਾ ਸਾਰਾ ਸਰੀਰ ਲੱਥ-ਪੱਥ ਸੀ। ਮੈਂ ਪਿੰਡ ਦੇ ਬਾਹਰ-ਬਾਹਰ ਦੀ ਲੰਬਾ ਚੱਕਰ ਪਾਕੇ ਘਰ ਪਹੁੰਚਿਆ, ਮੇਰੀਆਂ ਲੱਤਾਂ ਜਵਾਬ ਦੇ ਗਈਆਂ, ਤੇ ਮੈਂ ਖੂੰਜੇ 'ਚ ਈ ਢਹਿ ਗਿਆ।

(ਡਿੱਗ ਪੈਂਦਾ ਹੈ।)

ਮੇਰੀ ਹਾਲਤ ਦੇਖਕੇ ਮੇਰੀ ਮਾਂ ਰੋਣ ਲੱਗ ਪਈ। ਮਗਰੋਂ ਭਾਬੀ ਦੇ ਇਹ ਬੋਲ ਗੂੰਜਦੇ ਆਏ, "ਮਰੇ ਹੋਇਆਂ ਦਾ ਵਾਸਤਾ ਈ ... ਇਹਤੋਂ ਇਹ ਕੰਮ ਨਾ ਕਰਾਉ। ਅਸੀਂ ਭੁੱਖੇ ਰਹਿ ਲਾਂਗੇ ... ਇਹਨੂੰ ਇਸ ਗੰਦਗੀ 'ਚ ਨਾ ਘੜੀਸੋ।"

ਭਾਬੀ ਦੇ ਉਹ ਸ਼ਬਦ ਅੱਜ ਵੀ ਮੇਰੇ ਸਾਹਮਣੇ ਜਾਗਦੇ ਆ..., ਲਾਟੂ ਵਾਂਗ ਰੋਸ਼ਨੀ ਦਿੰਦੇ ਆ!

ਮੈਂ ਉਸ ਗੰਦਗੀ ਚੋਂ ਨਿਕਲ ਆਇਆ, ਪਰ ਅੱਜ ਵੀ ਉੱਥੇ ਹੀ ਆਂ ਜਿੱਥੇ ਲੱਖਾਂ ਲੋਕ ਇਹ ਜ਼ਿੰਦਗੀ ਜਿਉਣ ਲਈ ਮਜਬੂਰ ਨੇ।

ਉਂਝ ਥੋੜ੍ਹੀ-ਬਹੁਤੀ ਹਲਚਲ ਤਾਂ ਉਹਨੀਂ ਦਿਨੀਂ ਵੀ ਹੋਣ ਲੱਗ ਪਈ ਸੀ। ਬਜ਼ੁਰਗ ਬਥੇਰਾ ਰੌਲਾ ਪਾਉਂਦੇ ਪਰ ਵਿਹੜੇ ਦੇ ਨੌਜਵਾਨ ਹੁਣ ਵਗਾਰ ਤੋਂ ਨਾਂਹ-ਨੁੱਕਰ ਕਰਨ ਲੱਗੇ ਸੀ। ਤਰੀਕਾ ਤਾਂ

ਭਾਵੇਂ ਹਾਲੇ ਟਾਲ਼-ਮਟੋਲੇ ਦਾ ਸੀ, ਪਰ ਪਿੰਡ ਆਲਿਆਂ ਨੂੰ ਲੱਗ ਗਿਆ ਪਤਾ ਕਿ ਵਿਹੜੇ ਵਾਲੇ ਵਗਾਰ ਦੇ ਪੈਸੇ ਮੰਗਣ ਲੱਗੇ ਆ। ਉਹਨਾਂ ਦੀਆਂ ਤਿਉੜੀਆਂ ਚੜ੍ਹ ਗਈਆਂ, ਤੇ ਉਹ ਇਹੋ ਜਿਹਾ ਰਾਹ ਲੱਭਣ ਲੱਗੇ ਜੀਹਦੇ ਨਾਲ ਦਾਬਾ ਵੀ ਬਣਿਆ ਰਹੇ ਤੇ ਕਰਨਾ ਵੀ ਕੁਝ ਨਾ ਪਵੇ। ਉਹ ਹੁਣ ਭਾਲਦੇ ਸੀ ਮੌਕਾ।

ਉਹਨਾਂ ਦੀ ਇਹ ਮੁਸੀਬਤ ਹੱਲ ਕਰਤੀ ਥਾਣੇਦਾਰ ਕਰਮ ਸਿੰਘ ਨੇ। ਉਹਦਾ ਤਾਂ ਚੁਟਕੀਆਂ ਦਾ ਕੰਮ ਸੀ, ਕੰਮ ਕੀ ਸ਼ੁਗਲ ਸੀ, ਬਸ। ਨਹਿਰ ਦੇ ਕੰਢੇ ਗੈਸਟ ਹਾਉਸ ਆ ਨਾ, ਉੱਥੇ ਤਸੀਲ ਦੇ ਕੋਈ ਅਫ਼ਸਰ ਆਉਣ ਵਾਲੇ ਸੀ। ਤਸੀਲ ਦਾ ਆਦਮੀ ਵਿਹੜੇ 'ਚ ਆ ਗਿਆ। ਬੰਦੇ ਚਾਹੀਦੇ ਸੀ, ਵਿਹੜੇ ਆਲਿਆਂ ਨੇ ਨਾਂਹ ਕਰਤੀ। ਬਸ... ਉਹ ਗਾਲੀ-ਗਲੋਚ 'ਤੇ ਉੱਤਰ ਆਇਆ।

ਲੋਕੀਂ ਇੱਧਰ-ਉੱਧਰ ਖਿਸਕ ਗਏ ਤੇ ... ਦੂਜੇ ਦਿਨ ਥਾਣੇਦਾਰ ਕਰਮ ਸਿੰਘ ਬਰਾੜ ... ਪੂਰੇ ਦਾ ਪੂਰਾ ਥਾਣਾ ਵਿਹੜੇ 'ਤੇ ਚਾੜ੍ਹ ਲਿਆਇਆ। ਜਿਹੜਾ ਹੱਥ ਆਇਆ ਧਰ ਲਿਆ। ਨਿਆਣੇ, ਬਜ਼ੁਰਗ, ਬੁੜ੍ਹੀਆਂ... ਮੂਧੇ ਪਾ ਪਾ ਲੱਗੇ ਕੁੱਟਣ, ਚੀਕ-ਚਿਹਾੜਾ ਪੈ ਗਿਆ। ਜੁਆਕ ਵੱਖਰੇ ਰੋਈ ਜਾਣ। ਉਹ ਇੱਕੋ ਸਾਹ ਡਾਂਗਾਂ ਵਰ੍ਹਾਈ ਜਾ ਰਹੇ ਸੀ। ਜਿਉਂਦੇ ਸਰੀਰਾਂ ਦੀ ਖੱਲ ਲਾਹੀ ਜਾ ਰਹੀ ਸੀ। ਜਨਾਜਾ ਨਿੱਕਲ ਰਿਹਾ ਸੀ ਲੋਕਰਾਜ ਦਾ, ਸ਼ਰੇਆਮ। ਚੀਕਾਂ ਕੂਕਾਂ ਸੁਣ ... ਦਰਖ਼ਤਾਂ ਤੋਂ ਪੰਛੀ ਵੀ ਉੱਡ ਗਏ। ਪਰ ਕਿਸੇ ਦੀ ਐਨੀ ਹਿੰਮਤ ਨਹੀਂ ਸੀ ਕਿ ਕਸੂਰ ਪੁੱਛ ਲਏ।

ਉਹ ਸਾਡੀਆਂ ਰਗਾਂ ਵਿੱਚ ਵਗਦੇ ਖ਼ੂਨ ਨੂੰ... ਜਿਹੜਾ ਉਬਾਲੇ ਮਾਰਨ ਲੱਗਾ ਸੀ... ਸਦੀਆਂ ਬਾਅਦ, ਮੁੜ ਠੰਡਾ ਕਰ ਦੇਣਾ ਚਾਹੁੰਦੇ ਸੀ, ਕੁੱਟ-ਕੁੱਟ ਕੇ...। (ਆਲੇ-ਦੁਆਲੇ ਦੇਖਦਾ ਹੈ।) ਟੁੱਟੀਆਂ ਹੋਈਆਂ ਜੁੱਤੀਆਂ... ਭੱਜੀਆਂ ਵੰਗਾਂ... ਚੁੰਨੀਆਂ ਤੇ ਪੱਗਾਂ। ਇੰਜ ਲੱਗਦਾ ਸੀ ਜਿਵੇਂ ਕਿਸੇ ਬਾਹਰਲੇ ਮੁਲਕ ਨੇ ਹਮਲਾ ਕਰ ਦਿੱਤਾ ਹੋਵੇ।

(ਚੁੱਪ)

ਲੋਕ ਕੁੱਟ ਖਾ ਖਾ ਕੇ ਘਰਾਂ ਨੂੰ ਜਾ ਰਹੇ ਸੀ, ਸਿਰ ਸੁੱਟੀ।

ਪਿੰਡ ਨਾਲੋਂ ਮੋਹ ਦਾ ਰਿਹਾ-ਸਿਹਾ ਰਿਸ਼ਤਾ... ਉੱਦਣ ਟੁੱਟ ਗਿਆ। ਨਾਲੇ ਜਿੱਥੋਂ ਦੇ ਲੋਕ ਹੀ ਬੁੱਤ ਹੋ ਜਾਣ... ਪੱਥਰ, 'ਫ਼ੇ ਉਹਦੇ ਨਾਲ ਮੋਹ ਕਾਹਦਾ।

...ਪਰ ਉੱਥੇ ਸਕੂਲ 'ਚ... ਵੀ ਮੇਰੇ 'ਤੇ ਇੱਕ ਹੋਰ ਈ ਮੁਸੀਬਤ ਆਣ ਪਈ। ਤੁਸੀਂ ਵੀ ਕਹੋਗੇ ਯਾਰ ਬੰਦਾ ਕਾਹਦਾ ਮੁਸੀਬਤਾਂ ਦੀ ਪੰਡ ਐ। ਹੁਣ ਕੀ ਕਰਾਂ, ਮੇਰੀ ਤਾਂ ਜ਼ਿੰਦਗੀ ਇਹੋ ਜਿਹੀ ਆ। ਇੱਕ ਮਾਸਟਰ ਜੀ ਸੀ, ਨਾਂ ਸੀ ਉਹਨਾਂ ਦਾ "ਮਿਸਟਰ ਤਿਆਗੀ" ਤੇ ਪੜ੍ਹਾਉਂਦੇ ਸੀ ਉਹ ਸਾਇੰਸ।

ਉਦੋਂ ਮੈਂ ਬਾਰ੍ਹਵੀਂ 'ਚ ਹੁੰਦਾ ਸੀ। ਉਹ ਹਰ ਵੇਲੇ, ਜਦੋਂ ਵੀ ਪ੍ਰੈਕਟੀਕਲ ਹੁੰਦਾ, ਕਿਸੇ ਨਾ ਕਿਸੇ ਬਹਾਨੇ ਮੈਨੂੰ ਪ੍ਰਯੋਗਸ਼ਾਲਾ 'ਚੋਂ ਬਾਹਰ ਕੱਢੀ ਰੱਖਦੇ, ਮਹੀਨੇ ਈ ਲੰਘ ਗਏ ਐਂ। ਵਿੱਚਲੀ ਘੁੰਡੀ ਮੈਨੂੰ ਤਾਂ ਸਾਫ਼ ਸੀ। ਪੂਰਾ ਭਵਿੱਖ ਲੱਗਿਆ ਸੀ ਮੇਰਾ ਦਾਅ 'ਤੇ। ਮੈਂ ਆਖਿਆ ਮਾਸਟਰ ਜੀ ਮੈਂਥੋਂ ਗ਼ਲਤੀ ਕੀ ਹੋਗੀ, ਮੇਰਾ ਕਸੂਰ ਤਾਂ ਦੱਸ ਦਿਉ? ਪਰ ਇਹਦਾ ਕੀ ਫਾਇਦਾ ਹੋਣਾ ਸੀ। ਕੋਈ ਅਸਰ ਨਹੀਂ। ਪੇਪਰਾਂ ਨੂੰ ਮਹੀਨਾ ਰਹਿ ਗਿਆ।

ਮੈਂ ਹੈੱਡਮਾਸਟਰ ਨਾਲ ਗੱਲ ਕੀਤੀ। ਉਹਦਾ ਡਿਸਪਲਿਨ ਬਹੁਤ ਮਸ਼ਹੂਰ ਸੀ: "ਕਾਕਾ ਜੀ, ਤੇਰੇ ਨਾਲ ਧੱਕਾ ਨੀ ਹੋਣ ਦਿੰਦੇ। ਪਰਵਾਹ ਨਾ ਮੰਨ।" ਐਨ ਮੇਰੀ ਤਸੱਲੀ ਕਰਾਤੀ ਉਹਨੇ। ਪਰ ਹੋਇਆ ਜਮ੍ਹਾਂ ਉੱਲਟ। ਅੰਦਰ ਜਾਣਾ ਤਾਂ ਦੂਰ ਹੁਣ ਤਾਂ ਲੈਬ ਦੇ ਨੇੜੇ ਵੀ ਫਟਕਣਾ ਔਖਾ ਹੋ ਗਿਆ। ਪੂਰੇ ਦਾ ਪੂਰਾ ਸਾਲ ਐਂ ਈ ਲੰਘ ਗਿਆ, ਬਿਨ੍ਹਾ ਪ੍ਰੈਕਟੀਕਲ ਤੋਂ। ਇਮਤਿਹਾਨ ਹੋਏ ਨਤੀਜਾ ਸਾਫ਼ ਸੀ, ਮੈਂ ਫੇਲ ਹੋ ਗਿਆ। ਘਰ 'ਚ ਮਾਤਮ ਪੈ ਗਿਆ। ਮੈਨੂੰ ਵੀ ਲੱਗਾ ਹੁਣ ਕੁਝ ਨਹੀਂ ਬਣਦਾ ਜ਼ਿੰਦਗੀ ਦਾ। ਬਾਪੂ ਦੀ ਚੁੱਪ ਹੋਰ ਵੀ ਵੱਢਣ ਨੂੰ ਆਉਂਦੀ। ਮਾਂ ਵੀ ਬੱਸ ਕੰਧਾਂ ਕੌਲਿਆਂ ਨਾਲ ਲੱਗ ਰੋਂਦੀ ਰਿਹਾ ਕਰੇ।

ਸਮਝ ਨੀ ਸੀ ਆਉਂਦਾ, ਮੈਂ ਕੀ ਕਰਾਂ! ਕਿੱਥੇ ਜਾਵਾਂ!

ਕੁਦਰਤੀ ਕਿਤੇ ਜਸਵੀਰ ਪਿੰਡ ਆ ਗਿਆ, ਸ਼ਹਿਰ ਨੌਕਰੀ

ਕਰਦਾ ਸੀ ਉਹ। ਉਹਨੂੰ ਮੈਂ ਸਾਰੀ ਗੱਲ ਦੱਸੀ ਤਾਂ ਉਹ ਮੈਨੂੰ ਆਵਦੇ ਨਾਲ ਸ਼ਹਿਰ ਲੈ ਗਿਆ। ਸੋਚਿਆ ਸੀ ਸ਼ਹਿਰ 'ਚੋਂ ਕੋਈ ਰਾਹ ਨਿਕਲੂ। ਪਰ ਸ਼ਹਿਰ ਦੇ ਸਕੂਲਾਂ ਚ ਦਾਖ਼ਲਾ ਮਿਲਣਾ ਕਿਹੜਾ ਸੌਖਾ ਸੀ। ਅਸੀਂ ਹਰ ਸਕੂਲ ਦੇ ਗੇੜੇ ਮਾਰੇ, ਮਾਸਟਰਾਂ ਦੇ ਮਿੰਨਤਾਂ ਤਰਲੇ ਕੱਢੇ, ਕਮਿਸਟਰੀ ਨੂੰ ਛੱਡ ਕੇ ਨੰਬਰ ਮੇਰੇ ਸਾਰਿਆਂ 'ਚੋਂ ਚੰਗੇ ਸੀ, ਪਰ ਫੇਲ ਹੋਣ ਦਾ ਦਾਗ। ਹਰ ਕੋਈ ਨੱਕ-ਬੁੱਲ ਚੜ੍ਹਾਉਂਦਾ। ਹਿੰਮਤ ਤਾਂ ਪਹਿਲੋਂ ਈ ਟੁੱਟੀ ਪਈ ਸੀ, ਹੁਣ ਤਾਂ ਬਸ ਨਿਰਾਸ਼ਾ ਈ ਸੀ... ਨ੍ਹੇਰਾ। ਪਰ ਉਹ ਤਾਂ ਭਲਾ ਹੋਵੇ ਸ਼ਰਮਾ ਜੀ ਦਾ, (ਚਿਹਰੇ 'ਤੇ ਨਰਮ ਭਾਵ ਆਉਂਦੇ ਹਨ।) ਪ੍ਰੇਮ ਕੁਮਾਰ ਸ਼ਰਮਾ, ਮਾਮੇ ਮੇਰੇ ਦਾ ਯਾਰ ਸੀ, ਮਿੰਨਤਾਂ ਤਾਂ ਬਹੁਤ ਕਢਾਈਆਂ, ...ਪਰ ਉਹਨਾਂ ਦੀ ਸਿਫਾਰਸ਼ 'ਤੇ ਮੈਨੂੰ ਦਾਖ਼ਲਾ ਮਿਲ ਗਿਆ ...ਡੀ.ਏ.ਵੀ. ਕਾਲਜ 'ਚ।

ਅਗਲੀ ਮੁਸੀਬਤ ਇਹ ਕਿ ਮੇਰੇ ਕੋਲ ਕਾਲਜ ਵਾਸਤੇ ਲੀੜਾ ਕੱਪੜਾ ਕੋਈ ਨਹੀਂ ਸੀ। ਪਿੰਡ 'ਚ ਤਾਂ ਕੁੜਤੇ ਪਜਾਮੇ ਨਾਲ ਹੀ ਸਰ ਜਾਂਦਾ ਸੀ। ਖ਼ੈਰ! ਮੈਂ ਜਸਵੀਰ ਨੂੰ ਕਿਹਾ ਉਹਨੇ ਮੈਨੂੰ ਆਪਣੀ ਪੈਂਟ ਕਮੀਜ਼ ਦੇ ਦਿੱਤੀ। ਉਹ ਖੁੱਲ੍ਹੀ-ਡੁੱਲੀ ਜਈ ਸੀ ਪਰ, ...ਖ਼ੈਰ ਮੈਂ ਲੋਟ-ਲਾਟ ਜੇ ਕਰ ਲੀ, ਡੰਗਾ ਜਿਹਾ ਤਾਂ ਲਾਹੁੰਦੀ ਸੀ। ਕਾਲਜ ਦੇ ਕੁੜੀਆਂ ਮੁੰਡੇ ਮੇਰੇ ਵੱਲ ਵੇਖ-ਵੇਖ ਹੱਸਣ, ਮਖੌਲ ਕਰਦੇ ਰਿਹਾ ਕਰਨ।

ਇੱਕ ਦਿਨ ਤਾਂ ਹੱਦ ਹੋ ਗਈ। ਬੰਦੇ ਪਤਾ ਨਹੀਂ ਕਿਹੋ ਜਿਹੇ ਆ ਜਾਂਦੇ ਆ ਧਰਤੀ 'ਤੇ...,

(ਸਾਰਾ ਦ੍ਰਿਸ਼ ਆਪਣੇ ਹਾਵ-ਭਾਵ ਤੇ ਬਾਡੀ ਮੂਵਮੈਂਟਸ ਨਾਲ ਸਿਰਜਦਾ ਹੈ।)

ਇੱਕ ਮੁੰਡਾ ਮੇਰੇ ਵੱਲ ਨੂੰ ਐਂ ਸਿੱਧਾ ਤੁਰਿਆ ਆਵੇ, ਤੁਰਿਆ ਆਇਆ, ਤੁਰਿਆ ਆਇਆ ਤੇ ਆਕੇ ਮੇਰੀ ਪੈਂਟ ਫੜ ਲਈ। ਇੱਕ ਹੋਰ ਆ ਗਿਆ, ਉਹਨੇ ਕਮੀਜ਼ ਫੜ ਲਈ। ਇੱਕ ਪੈਂਟ ਖਿੱਚਣ ਲੱਗ ਪਿਆ ਦੂਜਾ ਕਮੀਜ਼। ਕਹਿੰਦੇ, "ਅਹਾ" (ਉਹਨਾਂ ਵਾਂਗ ਅੱਖਾਂ ਮਟਕਾਉਂਦਾ ਹੈ।) "ਉਏ ਟੇਲਰ ਕਿਹੜਾ ਤੇਰਾ, ਕਿਹੜੇ ਦਰਜ਼ੀ

ਤੋਂ ਸਵਾਈ ਆ...?" ਮੈਂ ਆਖਿਆ ਛੱਡ ਦਿਓ ਬਾਈ ਪਾਟ ਜੂਗੀ। ਦੋਵੇਂ ਉੱਚੀ-ਉੱਚੀ ਹੱਸਣ ਲੱਗ ਪਏ। ਜਿਵੇਂ ਮੈਂ ਕੋਈ ਚੁਟਕਲਾ ਸੁਣਾਇਆ ਹੋਵੇ।

(ਹੱਸ ਪੈਂਦਾ ਹੈ।)

ਹਾਸਾ ਤਾਂ ਮੇਰਾ ਹੁਣ ਈ ਨਿਕਲਿਆ ...ਓਦਣ ਤਾਂ ਸੱਚੀਂ ਬੁਰੀ ਹਾਲਤ ਸੀ। ਕਿਆ ਤਮਾਸ਼ਾ ਸੀ, ਕੁੜੀਆਂ ਪਰ੍ਹੇ ਖੜ੍ਹੀਆਂ ਹੱਸੀ ਜਾਣ। ਉਹ ਤਾਂ ਸਾਹਮਣਿਉਂ ਕਿਸੇ ਪ੍ਰੋਫੈਸਰ ਨੂੰ ਆਉਂਦੇ ਦੇਖ ਉਹ ਤਿੱਤਰ ਹੋ ਗਏ। ਨਹੀਂ ਤਾਂ ਪਤਾ ਨਹੀਂ ਕਿੰਨੀ ਦੇਰ ਚੱਲਣਾ ਸੀ... ਇਹ ਤਮਾਸ਼ਾ।

ਖ਼ੈਰ! ਮੇਰੇ ਮਾਮੇ ਦਾ ਮੁੰਡਾ ਸੁਰਜਨ ਵੀ ਪੜ੍ਹਦਾ ਹੁੰਦਾ ਸੀ ਉੱਥੇ; ਉਹਦੀ ਵੀ ਚੰਗੀ ਬਦਮਾਸ਼ੀ ਸੀ, ਉਹਨੂੰ ਪਤਾ ਲੱਗ ਗਿਆ। ਉਹਨੇ ਢਾਹ ਲਏ ਦੋਵੇਂ ਸੁੱਖ ਦੇ ਬੱਕਰੇ ਆਂਗੂ। ਉਹ ਰੇਲ ਬਣਾਈ ਭਈ ਪੁੱਛੋ ਈ ਨਾ..., (ਸੁਆਦ ਲੈ ਕੇ।) ਦੇਹ ਠੁੱਡੇ 'ਤੇ ਠੁੱਡਾ, ਘਸੁੰਨ 'ਤੇ ਘਸੁੰਨ, "ਦੱਸ ਉਏ ਕਿਹੜਾ ਦਰਜ਼ੀ ਐ ਤੇਰਾ?" ਉਹ ਬੋਲਣ ਲੱਗਣ ਤਾਂ ਫੇਰ ਜੜ ਦੇਣ ਦੋ-ਚਾਰ। ਮਾਫੀਆਂ ਮੰਗਣ ਬੁਰੇ ਹਾਲ। ਹਿੰਸਾ-ਹੁੰਸਾ ਦਾ ਨੀ ਪਤਾ... ਜਦੋਂ ਪੈਂਦੀਆਂ ਦੇਖੀਆਂ ਉਹਨਾਂ ਦੇ, ਸੁਆਦ ਬੜਾ ਆਇਆ। ਪਰ ਬਾਅਦ 'ਚ ਮਨ ਬਹੁਤ ਉਦਾਸ ਹੋ ਗਿਆ।

(ਚੁੱਪੀ)

ਖ਼ੈਰ! ਇਹਤੋਂ ਬਾਅਦ ਹੋਰ ਮੇਰੇ ਨਾਲ ਇਹੋ ਜਿਹਾ ਕੁਝ ਨੀ ਹੋਇਆ, ਮੇਰੇ ਵੀ ਬਹੁਤ ਸਾਰੇ ਮਿੱਤਰ ਬਣ ਗਏ। ਅਸੀਂ ਰੋਜ਼ ਮਿਲਦੇ, ਸਮਾਜਿਕ ਕੰਮਾਂ ਦੀ ਚੇਟਕ ਵੀ ਮੈਨੂੰ ਇੱਥੋਂ ਹੀ ਲੱਗੀ। ਡਾਕਟਰ ਅੰਬੇਦਕਰ ਸਾਹਿਬ ਦੇ ਜੀਵਨ ਬਾਰੇ... ਮੈਂ ਇੱਥੋਂ ਹੀ ਪੜ੍ਹਿਆ। ਉਹਨਾਂ ਦੇ ਜੀਵਨ ਸੰਘਰਸ਼ ਨੇ ਮੈਨੂੰ...... ਹਲਾ 'ਤਾ। ਮੇਰੇ ਗੁੰਗੇਪਣ ਨੂੰ ਬੋਲ ਮਿਲ ਗਏ। ਜਿਹੜਾ ਹੜ੍ਹ ਅੰਦਰੋ-ਅੰਦਰ ਘੁੰਮੀ ਜਾ ਰਿਹਾ ਸੀ, ਉਸਨੂੰ ਰਾਹ ਮਿਲ ਗਿਆ। ਵਿਰੋਧ ਤਿੱਖਾ ਹੋਣ ਲੱਗਾ।

(ਦਰਸ਼ਕਾਂ ਵੱਲ ਨੂੰ ਆਉਂਦੇ ਹੋਏ ਤੇ ਆਵਾਜ਼ ਬੁਲੰਦ ਕਰਦੇ ਹੋਏ।) "ਵਾਲਮਿਕੀ" ਸ਼ਬਦ ਵੀ ਮੇਰੇ ਨਾਲ ਇੱਥੋਂ ਹੀ ਜੁੜਿਆ।

ਬੜੇ ਤੂਫ਼ਾਨ ਖੜ੍ਹੇ ਕੀਤੇ ਇਹਨੇ ਮੇਰੀ ਜ਼ਿੰਦਗੀ 'ਚ। ਮੈਂ ਕਈ ਵਾਰ ਸੋਚਿਆ ਇਸ ਤੋਂ ਪਿੱਛਾ ਛੁੜਾਉਣ ਬਾਰੇ, ਪਰ ਨਹੀਂ, ਅੰਤ ਜਿੱਤ ਇਸੇ ਦੀ ਹੁੰਦੀ। ਇਹ ਮੇਰੀ ਪਹਿਚਾਣ ਤੇ ਸੰਘਰਸ਼ ਦਾ ਸਾਥੀ ਹੈ। ਬੜੇ ਖ਼ਤਰੇ ਬੜੀਆਂ ਤਲਖ਼ੀਆਂ ਜੁੜੀਆਂ ਨੇ ਇਸ ਨਾਲ।

(ਇੱਕ ਥਾਂ ਰੁਕ ਜਾਂਦਾ ਹੈ ਤੇ ਵਿਅੰਗ 'ਚ ਚਿਹਰੇ 'ਤੇ ਤਲਖ਼ ਜਿਹੇ ਭਾਵ ਉੱਭਰਦੇ ਹਨ ਤੇ ਗਾਉਣ ਲੱਗਦਾ ਹੈ।) ਏਥੇ ਅਮਲਾਂ ਦੇ ਹੋਣੇ ਨੇ ਨਿਬੇੜੇ... (ਇੱਕਦਮ ਗੀਤ ਵਿੱਚ ਹੀ ਛੱਡ ਦਿੰਦਾ ਹੈ।) ਝੂਠ! 'ਅਮਲਾਂ ਦੇ ਨਿਬੇੜੇ' (ਹੱਸਦਾ ਹੈ।) ਉੱਥੇ ਹੁੰਦੇ ਹੋਣਗੇ; ਇੱਥੇ ਤਾਂ ਤੁਹਾਡਾ ਮਾਨ ਸਨਮਾਨ ਸੱਭ ਜਾਤ ਨਾਲ ਈ ਜੁੜਿਆ ਐ, ਇਹੋ ਜਿਹੇ ਵੇਲੇ ਇਹ ਠੱਪਾ "ਵਾਲਮੀਕੀ" (ਮੱਥੇ ਨੂੰ ਠੁਕੋਰਦੇ ਹੋਏ) ਆਪਣੇ ਮੱਥੇ 'ਤੇ ਲਾਉਣਾ ਤਾਂ ਪਾਗਲਪਣ ਈ ਲੱਗਦਾ। ਹੋਰ ਤਾਂ ਛੱਡੋ... ਇੱਥੋ ਤੱਕ ਕਿ ਮੇਰੀ ਪਤਨੀ ਵੀ ਮੇਰੇ ਨਾਲ ਨਹੀਂ ਖੜ੍ਹੀ। ਕਸੂਰ ਨੀ ਉਹਦਾ, ਪਰ... ਆਪਣਿਆਂ ਨਾਲ ਲੜਨਾ ਹੋਰ ਵੀ ਔਖਾ। ਖ਼ੈਰ! ਉਸਦੇ ਵੀ ਆਪਣੇ ਈ ਤਰਕ ਸੀ। ਇਹੋ ਜਿਹਾ ਸ਼ੁਦਾਅ ਘੋਟਣਾ ਤਾਂ ਝੱਲਣਾ ਤਾਂ ਪੈਂਦਾ ਈ ਏ।

ਅੱਜ ਜਦੋਂ ਲੋਕ ਮੈਨੂੰ ਜਾਣਦੇ ਨੇ, ਚੰਗੀ ਮੇਰੀ ਜਾਣ-ਪਛਾਣ ਹੈ, ਚੰਗਾ ਮੇਰਾ ਨਾਂ ਹੈ। ਪਰ ਮੈਨੂੰ ਲੱਗਦਾ ਹੈ ਕਿ ਮੈਂ ਜਾਤ ਨਹੀਂ ਸੁਧਾਰ ਸਕਿਆ। ਅੰਦਰ ਦੀਆਂ ਉਲਝਣਾਂ ਉਵੇਂ ਦੀਆਂ ਉਵੇਂ ਨੇ। ਬਹੁਤ ਕੁਝ ਉੱਬਲਦਾ ਹੈ ਦਿਲ ਅੰਦਰ..., ਪਰ ਜ਼ੁਬਾਨ ਤੇ ਲਿਆਉਂਦਿਆਂ ਦਰਦ ਬਹੁਤ ਹੁੰਦਾ ਹੈ। ਥੋਨੂੰ ਲੋਕਾਂ ਨੂੰ ਦੁਖੀ ਨਹੀਂ ਕਰਨਾ ਚਾਹੁੰਦਾ, (ਚੁੱਪ) ਇਹ ਉਲਝਣਾਂ ਤਾਂ ਮੇਰੀਆਂ ਆਪਣੀਆਂ ਨੇ। ...ਪਿੱਛੇ ਝਾਤ ਮਾਰਦਾਂ ਤਾਂ ਕਿੰਨਾ ਲੰਬਾ ਪੈਂਡਾ... ਦਿੱਸਦਾ। ਪਿੰਡੋਂ ਸ਼ਹਿਰ ਤੇ ਫਿਰ ਪਤਾ ਨਹੀਂ ਕਿੱਥੇ-ਕਿੱਥੇ। ਪਰ ਹੈ ਹਾਲੇ ਵੀ ਮੈਂ ਉੱਥੇ ਈ ਆਂ। ਅੰਦਰਲਾ ਡਰ ਉੱਥੇ ਈ ਬੈਠਾ, (ਸ਼ਰੀਰ ਛੰਡਦਾ ਹੈ।) ਖੁੱਲ੍ਹਣ ਨਹੀਂ ਦਿੰਦਾ, ਸਹਿਜ ਨਹੀਂ ਹੋਣ ਦਿੰਦਾ। (ਫੇਰ ਤੁਰਨ ਲੱਗਦਾ ਹੈ।) ਮੈਂ ਇੱਕ ਤੋਂ ਦੂਜੇ ਸਿਰੇ ਤੱਕ ਭਟਕਦਾ। ਕਦੇ ਉੱਚੀ-ਉੱਚੀ ਬੋਲਦਾ ਹਾਂ ਤੇ ਕਦੇ ਇੱਕਦਮ ਚੁੱਪ ਹੋ ਜਾਣਾ... ਡਰਿਆ।

(ਝੂਠਾ ਜਿਹਾ ਹੱਸਕੇ ਗੱਲ ਬਦਲਦਾ ਹੈ।)

ਛੱਡੋ! ਮੁਕਦੀ ਗੱਲ ਇਹ ਕਿ ਮਾਮੇ ਨਾਲ ਮੇਰੀ ਬਣੀ 'ਨੀ। ਮੈਂ ਪੜ੍ਹਾਈ ਵਿੱਚੇ ਛੱਡ ਕੇ ਫੈਕਟਰੀ ਜਾਣ ਲੱਗ ਪਿਆ, ਆਰਡੀਨੈਂਸ ਫੈਕਟਰੀ। ਪੜ੍ਹਾਈਆਂ ਨਾਲ ਜਾਤਾਂ ਸੁਧਰਦੀਆਂ... ਇਸ ਗੱਲ ਵਿੱਚ ਹੁਣ ਮੇਰਾ ਕੋਈ ਯਕੀਨ ਨਹੀਂ ਸੀ ਰਿਹਾ। (ਯਾਦਾਂ 'ਚ ਗੁਆਚਿਆ।) ਭੋਲਾ ਸੀ ਬਾਪੂ... ਜਿਹੜਾ ਇੰਜ ਸੋਚਦਾ ਸੀ।

(ਬੋਝਲ ਚੁੱਪ... ਜਿਸਨੂੰ ਉਹ ਝਟਕੇ ਨਾਲ ਤੋੜਦਾ ਹੈ।)

ਫੈਕਟਰੀ ਵਾਲਿਆਂ ਨੇ ਮੈਨੂੰ ਟ੍ਰੇਨਿੰਗ ਲਈ ਜੱਬਲਪੁਰ ਭੇਜ 'ਤਾ। ਜੀਵਨ ਦਾ ਇੱਕ ਨਵਾਂ ਈ ਰਾਹ ਸਾਹਮਣੇ ਸੀ, ਹੋਸਟਲ ਦਾ ਕਮਰਾ... ਤੇ ਤਰ੍ਹਾਂ-ਤਰ੍ਹਾਂ ਦੇ ਲੋਕ। ਕੁਝ ਮਾਰਕਸਵਾਦੀ ਵੀ ਸੀ ਉਹਨਾਂ 'ਚ। ਗੋਰਕੀ ਦੇ 'ਮਾਂ' ਨਾਵਲ ਨੇ ਚੰਗਾ ਹਿਲੂਣਿਆ। ਕਿੰਨੀ ਸਾਂਝ ਸੀ ਸਾਡੇ 'ਚ। ਜਿਵੇਂ ਦੇਸ਼ਾਂ, ਕੌਮਾਂ ਤੇ ਜ਼ੁਬਾਨਾਂ ਦੇ ਪਾੜੇ... ਹੋਣ ਈ ਨਾ। ...ਮੈਂ ਮਾਰਕਸਵਾਦੀ ਲਿਟਰੇਚਰ ਪੜ੍ਹਿਆ ਤੇ ਉਨ੍ਹਾਂ ਮੁੰਡਿਆਂ ਨਾਲ ਮਿਲਕੇ ਇੱਕ ਥਿਏਟਰ ਗਰੁੱਪ ਬਣਾ ਲਿਆ। ਬੜੇ ਚਿਰਾਂ ਦੀ ਤਾਂਘ ਸੀ...।

(ਸੋਚਦਾ ਹੋਇਆ ਅਤੀਤ 'ਚ ਪਹੁੰਚ ਜਾਂਦਾ ਹੈ।)

ਪਿੰਡ ਵਾਲੇ ਸਕੂਲੇ ਜਦੋਂ ਸਲਾਨਾ ਫੰਕਸ਼ਨ ਹੁੰਦਾ ਤਾਂ ਡਰਾਮਾ ਵੀ ਹੁੰਦਾ ਸੀ, ਮੇਰਾ ਵੀ ਬੜਾ ਦਿਲ ਕਰਦਾ। (ਹੱਸ ਪੈਂਦਾ ਹੈ।) ਪਰ ਦਿਲ ਨੂੰ ਕਿਹੜਾ ਪੁੱਛਦਾ। ਮੈਂ ਦਰਵਾਜ਼ੇ ਦੇ ਬਾਹਰ ਖੜ੍ਹਾ ਦੇਖਦਾ ਰਹਿੰਦਾ। ਇਹ ਦਰਦ ਹਰ ਕੋਈ ਨਹੀਂ ਸਮਝ ਸਕਦਾ..., ਦਰਵਾਜ਼ੇ ਦੇ ਬਾਹਰ ਖੜ੍ਹੇ ਰਹਿਣ ਦਾ ਦਰਦ। ਖ਼ੈਰ! ਇੱਥੇ ਇਹੋ ਜਿਹਾ ਕੁਝ ਨਹੀਂ ਸੀ। ਬਹੁਤਿਆਂ ਨੂੰ ਤਾਂ "ਵਾਲਮੀਕ" ਨਾਂ ਦਾ ਪਿਛੋਕੜ ਵੀ ਨਹੀਂ ਸੀ ਪਤਾ। ਟਰੇਨਿੰਗ ਖ਼ਤਮ ਹੋਈ ਤਾਂ ਮੈਂ ਅਗਲੀ ਟਰੇਨਿੰਗ ਵਾਸਤੇ ਬੰਬਈ ਆ ਗਿਆ। ਆ ਕੀ ਗਿਆ, ਯਾਰਾਂ-ਮਿੱਤਰਾਂ ਨੇ ਪੈਸੇ 'ਕੱਠੇ ਕਰਕੇ ਭੇਜਤਾ।

ਇਹ ਮਸਤੀ ਦੇ ਦਿਨ ਸੀ। ਹੋਸਟਲ ਸੋਹਣਾ ਸੀ, ਆਲੇ-ਦੁਆਲੇ ਖ਼ੂਬਸੂਰਤ ਪਹਾੜੀਆਂ, ਸ਼ਾਮ ਤਾਂ ਬਹੁਤ ਹੀ ਗ਼ਜ਼ਬ ਦੀ ਹੁੰਦੀ,

ਸਵਿਮਿੰਗ ਪੂਲ ਸੀ, ਲਾਇਬ੍ਰੇਰੀ ਵੀ। ਤਾਲਸਤਾਏ, ਪਾਸਤਰਨਾਕ, ਕਾਲੀਦਾਸ, ਹਿਊਗੋ, ਆਸਕਰ ਵਾਈਲਡ, ਜੋਲਾਂ..., ਜੋ ਵੀ ਮਿਲਿਆ ਮੈਂ ਪੜ੍ਹਦਾ ਚਲਾ ਗਿਆ। ਸੁਦਾਮਾ ਤੇ ਪਾਟਿਲ ਵਰਗਿਆਂ ਨਾਲ ਮੇਰੀ ਯਾਰੀ ਪੈ ਗਈ। ਸੁਦਾਮਾ ਤਾਂ ਰੂਮ ਮੇਟ ਸੀ ਮੇਰਾ, ਨਾਟਕਾਂ ਦਾ ਬੜਾ ਸ਼ੌਕੀਨ..., ਅਸੀਂ ਲੁਕ-ਲੁਕ ਕੇ ਦੇਖਣ ਜਾਣਾ। ਵਾਲਮੀਕੀ ਨਾਂ ਇੱਥੇ ਵੀ ਆਪਣੇ ਜਲਵੇ ਦਿਖਾ ਰਿਹਾ ਸੀ। ਲੋਕ ਪਹਿਲਾਂ ਬ੍ਰਾਹਮਣ ਸਮਝ ਲੈਂਦੇ... ਕਈ ਤਾਂ ਘਰ ਵੀ ਸੱਦ ਲੈਂਦੇ ...ਤੇ ਜਦ ਭੇਦ ਖੁੱਲ੍ਹਦਾ ਤਾਂ ਮੁੜ-ਮੁੜ ਫੇਰ ਉਹੋ ਗੱਲ। ਪਰ ਸੁਦਾਮਾ ਨਾਲ ਇਹੋ ਜਿਹਾ ਕੋਈ ਪੰਗਾ ਨਹੀਂ ਸੀ, ਉਹ ਪਾਠ-ਪੂਜਾ ਵਾਲਾ ਬੰਦਾ ਸੀ, ਵਰਤ ਰੱਖਦਾ, ਰੋਜ਼ ਮੰਦਰ ਜਾਂਦਾ, ਮੈਂ ਨਾਲ ਤਾਂ ਚਲਾ ਜਾਂਦਾ ਪਰ ਅੰਦਰ ਜਾਣ ਨੂੰ ਮਨ ਨਾ ਕਰਦਾ।

(ਚੁੱਪ)

ਪਿਤਾ ਜੀ ਦੀ ਚਿੱਠੀ ਆਉਂਦੀ, (ਹੱਸਦਾ ਹੈ।)... ਉਹੀ ਬੱਸ... ਵਿਆਹ ਵਾਲਾ ਰੌਲਾ, ਮੈਂ ਹੱਸਕੇ ਟਾਲ ਛੱਡਦਾ। ਸਾਡੀ ਟੋਲੀ ਹੁਣ ਵਧਦੀ ਜਾ ਰਹੀ ਸੀ। ਸੁਦਾਮਾ, ਗੋਬਿੰਦ ਮੋਰੀਆ, ਨਰਿੰਦਰ, ਵਿਜੈ ਸ਼ੰਕਰ, ਰਾਜੇਸ਼ ਵਾਜਪਈ ਕਈ ਜਣੇ ਹੋ ਗਏ। ਜਦੋਂ ਨਾਲ ਦੇ ਸਿਨੇਮਾ ਦੇਖਣ ਗਏ ਹੁੰਦੇ ਜਾਂ ਦਾਰੂ ਖਿੰਡਾ ਰਹੇ ਹੁੰਦੇ ਤਾਂ ਅਸੀਂ ਘੰਟਿਆਂ ਬੱਧੀ ਬਹਿਸ ਕਰਿਆ ਕਰਦੇ। ਵਿਜੇ ਸ਼ੰਕਰ ਕਹਿੰਦਾ, "ਯਾਰ ਤੁਸੀਂ ਕਦੇ ਜਵਾਨ ਵੀ ਹੋਏ ਓ।" ਤੇ ਜਵਾਨੀ ਦਾ ਇੱਥੇ ਮਤਲਬ ਸੀ... ਦਾਰੂ-ਸਿੱਕਾ, ਕੋਈ ਅੱਖ-ਮਟੱਕਾ ਜਾਂ ਫੇਰ ਕੈਰੀਅਰ। ਪਰ ਅਸੀਂ ਸੀਗੇ ਸਾਹਿਤ ਦੇ ਪੱਟੇ... ਪਈ... ਸਮਾਜ ਬਦਲਣਾ। ਅਕਸਰ ਪਿੰਡ ਦੀ ਗੱਲ ਤੁਰ ਪੈਂਦੀ, ਬਹੁਤੇ ਮੁੰਡੇ ਸ਼ਹਿਰੀ ਸੀ, ਜੋ ਤਸਵੀਰ ਹਿੰਦੋਸਤਾਨ ਦੀ ਉਹਨਾਂ ਸਾਹਮਣੇ ਮੈਂ ਖਿੱਚਦਾ, ਉਨ੍ਹਾਂ ਲਈ ਬਿਲਕੁਲ ਈ ਓਪਰੀ ਸੀ। ਕਦੇ ਕਿਸੇ ਨੇ ਉਹਨਾਂ ਨੂੰ ਦੱਸਿਆ ਹੀ ਨਹੀਂ ਸੀ, ਨਾ ਸਕੂਲ ਨਾ ਕਾਲਜ, ਕਿਤੇ ਵੀ ਕਿਸੇ ਨੇ ਨਹੀਂ।

...ਜੋ ਦਿਨ ਮੇਰੇ ਲਈ ਫੋੜੇ ਵਾਂਗ ਸਨ, ਉਹ ਮੇਰੀ ਤਾਕਤ ਬਣ ਗਏ ਸਨ, ਮੇਰੀ ਗੱਲ ਸੁਣੀ ਜਾਂਦੀ ਸੀ। ਇੱਕ ਦਿਨ ਮਾਸਟਰਾਂ

ਦੇ ਜੀ ਕੁਟਣ-ਮਾਰਨ ਨੂੰ ਲੈਕੇ ਗੱਲ ਚੱਲ ਪਈ। ਆਂਦੇ ਬਈ ਕੀਹਦੇ ਸਭ ਤੋਂ ਵੱਧ ਕੁੱਟ ਪਈ ਹੋਊ? ਮੇਰੇ ਤਾਂ ਖ਼ਜ਼ਾਨੇ ਭਰੇ ਸਨ। ਮੈਂ ਉਹਨਾਂ ਨੂੰ ਕਣਕ ਵਾਲਾ ਕਿੱਸਾ ਸੁਣਾਇਆ :

ਸਾਡਾ ਇੱਕ ਮਾਸਟਰ ਸੀ ਬ੍ਰਿਜਪਾਲ..., ਉਹਦੇ ਘਰੋਂ ਕਣਕ ਲੈ ਕੇ ਆਉਣੀ ਸੀ। ਨਾਲ ਸੀ ਮੇਰੇ ਭੀਖੂ। ਭਰਾ ਉਹਦਾ ਸਕੂਲ 'ਚ ਝਾੜੂ ਲਾਉਂਦਾ ਸੀ, ਉਹਦੇ ਨਾਲ ਈ ਉਹ ਆਉਂਦਾ। ਮਾਸਟਰਾਂ ਦੇ ਉਹ ਬਹੁਤ ਕੰਮ ਆਉਂਦਾ। ਉਹਨੂੰ ਉਨ੍ਹਾਂ ਨੇ ਖੁੱਲ੍ਹ ਦਿੱਤੀ ਸੀ, ਸਾਡੇ ਨਾਲ ਈ ਜਮਾਤ 'ਚ ਬਹਿ ਜਾਂਦਾ। ਅਸੀਂ ਦੋਹੇਂ ਸਵੇਰੇ ਈ ਨਿਕਲ ਪਏ, 10-12 ਮੀਲ 'ਤੇ ਮਾਸਟਰ ਦਾ ਪਿੰਡ ਸੀ। ਮੈਂ ਭਿੱਖੂ ਤੇ ਮਾਸਟਰ ਜੀ ਦਾ ਨਵਾਂ ਸਾਈਕਲ ਤੇ... ਨਾਲੇ ਸਾਈਕਲ ਦਾ ਚਾਅ। ਮੈਂ ਭੀਖੂ ਨੂੰ ਬਿਠਾਇਆ ਮਗਰ ਤੇ ਸਾਈਕਲ ਹਵਾ ਨਾਲ ਗੱਲਾਂ ਕਰਨ ਲਾ 'ਤਾ। ਫੇਰ ਭੀਖੂ ਕਹਿੰਦਾ ਤੂੰ ਬਹਿ ਉਏ ਮੈਂ ਚਲਾਉਣਾ। ਐਂ ਕਰਦੇ ਕਰਾਉਂਦੇ, ਅਸੀਂ ਦੁਪਹਿਰ ਤੱਕ ਮਾਸਟਰ ਜੀ ਦੇ ਪਿੰਡ ਪਹੁੰਚੇ ਗਏ, ਜਾ ਕੇ ਘਰ ਪੁੱਛਿਆ। ਬਾਰ 'ਚ ਖੜੇ 'ਵਾਜ਼ਾਂ ਮਾਰੀ ਜਾਈਏ... "ਬਾਈ ਕੋਈ ਘਰੇ ਹੈਗਾ।"

ਇੰਨੇ ਨੂੰ ਮਾਸਟਰ ਦਾ ਭਰਾ ਬਾਹਰ ਆ ਗਿਆ। ਅਸੀਂ ਸਾਰੀ ਗੱਲ ਦੱਸ ਤੀ ਮਾਸਟਰ ਜੀ ਨੇ ਭੇਜਿਆ, ਕਣਕ ਲੈ ਕੇ ਜਾਣੀ ਆ। ਉਹ ਭੀਖੂ ਨੂੰ ਅੰਦਰ ਲੈ ਗਿਆ, ਮੈਂ ਉੱਥੇ ਬਾਹਰ ਖੜ੍ਹ ਗਿਆ। ਇੰਨੇ ਨੂੰ ਇੱਕ ਬਜ਼ੁਰਗ ਆਇਆ, ਦਾਹੜਾ ਪ੍ਰਕਾਸ਼ ਕੀਤਾ, ਚਿੱਟੀ ਪੱਗ ਤੇ ਖੂੰਡਾ ਹੱਥ 'ਚ। ਮੈਂ ਡਰ ਗਿਆ। ਖ਼ੈਰ! ਉਹਨਾਂ ਮੈਨੂੰ ਕਿਹਾ ਕੁਝ ਨਹੀਂ। ਉੱਥੇ ਇੱਕ ਮੰਜੀ ਪਈ ਸੀ ਉਹਦੇ 'ਤੇ ਬਹਿ ਗਿਆ। ਫਿਰ ਜਦੋਂ ਮਾਸਟਰ ਦਾ ਭਰਾ ਬਾਹਰ ਆਇਆ ਤਾਂ ਉਹਨੇ ਮੇਰੇ ਵੱਲ ਇਸ਼ਾਰਾ ਕੀਤਾ, "ਕੌਣ ਹੈ ਇਹ?" "ਆਪਣੇ ਬਿਰਜੂ ਨੇ ਭੇਜੇ ਆ ਕਣਕ ਲੈਣ ਆਏ ਆ।" "ਅੱਛਾ ਅੱਛਾ! ਤਾਂ ਫਿਰ ਪੁੱਤ ਐਥੇ ਕੀ ਖੜ੍ਹਾ ਕਰਦੈਂ ਮੰਜੀ ਤੇ ਬਹਿ ਜਾ।" "ਨਹੀਂ ਬਾਬਾ ਜੀ ਮੈਂ ਏਥੇ ਹੀ ਠੀਕ ਆਂ।" "ਆ ਜਾ ਮੇਰਾ ਪੁੱਤ ਮੰਜੀ ਤੇ ਬਹਿ ਜਾ ਗੱਲਾਂ ਬਾਤਾਂ ਕਰਦੇ ਆਂ।"

ਮੈਂ ਡਰਦਾ ਜਿਹਾ ਮੰਜੀ 'ਤੇ ਜਾ ਕੇ ਬਹਿ ਗਿਆ। ਹੋ ਗਿਆ ਬੁੜ੍ਹਾ ਸ਼ੁਰੂ, ਰਾਮ ਕਹਾਣੀ ਉਹਦੀ ਮੁੱਕਣ 'ਚ ਨਾ ਆਏ, ਬੋਲੀ ਜਾਵੇ, ਆਵਦੇ ਬਾਰੇ, ਆਵਦੇ ਖਾਨਦਾਨ ਬਾਰੇ, ਜਿਵੇਂ ਸੰਸਾਰ ਚ ਹੋਰ ਕੁੱਝ ਹੋਵੇ ਈ ਨਾ। "ਸਾਡਾ ਬਿਰਜ ਤਾਂ ਪੜ੍ਹਾਉਂਦਾ ਹੋਊ! ਭਾਈ ਉਹਨੂੰ ਤਾਂ ਡੀ.ਸੀ. ਲਾਉਂਦੇ ਸੀ, ਬਸ ਕੋਹੜਾ ਜ਼ਿੱਦ ਕਰ ਗਿਆ। ਕਹਿੰਦਾ ਲੱਗਾ ਤਾਂ ਮਾਸਟਰ ਹੀ ਲੱਗੂ ਚੰਗੇ ਮਾਸਟਰਾਂ ਦੀ ਕਮੀ ਐ ਮੁਲਕ 'ਚ।" ਉਹਨਾਂ ਮੇਰੇ ਵੱਲ ਮੂੰਹ ਕਰਕੇ ਕਿਹਾ ਜਿਵੇਂ ਮੇਰੇ ਤੋਂ ਹਾਮੀ ਭਰਾਉਣੀ ਹੋਏ, ਮੈਂ ਵੀ ਹਾਂ 'ਚ ਸਿਰ ਹਿਲਾਤਾ, ਹੋਰ ਕਰਦਾ ਵੀ ਕੀ। "ਚੱਲੋ ਪੁੱਤ ਐਨੀ ਜ਼ਮੀਨ ਜਾਇਦਾਦ ਐ। ਇਨੂੰ ਕਿਹੜਾ ਕੋਈ ਰੋਕਣ ਵਾਲਾ।" ਇੱਕ ਵੱਖਰਾ ਈ ਹੰਕਾਰ ਸੀ, ਉਸਦੀ ਆਵਾਜ਼ 'ਚ।

ਏਨੇ ਨੂੰ ਭੀਖੂ ਤੇ ਮਾਸਟਰ ਦਾ ਭਰਾ ਕਣਕ ਲੈ ਕੇ ਬਾਹਰ ਆ ਗਏ। ਅਸੀਂ ਕਣਕ ਸਾਈਕਲ 'ਤੇ ਟੰਗ ਕੇ ਤੁਰਨ ਹੀ ਲੱਗੇ ਸੀ। ਬਾਬਾ ਜੀ ਫਿਰ ਅੜ ਗਏ, "ਨਾ, ਪੁੱਤ ਰੋਟੀ ਖਾਕੇ ਜਾਇਆ ਜੇ।" "ਨਹੀਂ ਬਾਬਾ ਅਸੀਂ ਘਰ ਜਾ ਕੇ ਖਾ ਲਾਂਗੇ।" "ਨਹੀਂ ਮੇਰੇ ਸ਼ੇਰ, ਰੋਟੀ ਖਾ ਕੇ ਜਾਇਓ। ਜੇ ਇਵੇਂ ਭੁੱਖਣ-ਭਾਣੇਂ ਤੁਰੇ ਤਾਂ ਇਹਦੇ 'ਚ ਸਾਡੀ ਕੀ ਇੱਜ਼ਤ ਰਹੂ! ਰੋਟੀ ਖਾਓ ਮੇਰਾ ਸ਼ੇਰ।" ਰੋਟੀ ਖਾ ਲੋ। ਜੀ, ਖਾਣ ਲੱਗ ਪਏ।

ਤੱਤੀਆਂ ਤੱਤੀਆਂ ਰੋਟੀਆਂ ਦਾਲ ਗੁੜ ਤੇ ਅਚਾਰ, ਥੋੜ੍ਹੀ ਜਿਹੀ ਉਹਨਾਂ ਨੇ ਸਾਨੂੰ ਮੱਖਣੀ ਵੀ ਦੇਤੀ ਸੀ। ਇਹੋ ਜਿਹਾ ਭੋਜਨ-ਪਾਣੀ ਤਾਂ ਮੈਂ ਪਹਿਲੀ ਵਾਰ ਵੇਖਿਆ ਸੀ। ਸਾਡੇ ਤਾਂ ਚਟਣੀ ਨਾਲ ਕੰਮ ਚੱਲਦਾ ਸੀ। ਮੈਂ ਬੇਗਾਨਾ ਘਰ ਕਰਕੇ ਸੰਗ ਗਿਆ। ਪਰ ਭੀਖੂ ਕੰਜਰਦੇ ਨੇ 10-12 ਲਪੇਟ 'ਤੀਆਂ। ਮਾਰਿਆ ਢਿੱਡ 'ਤੇ ਹੱਥ, ਕਹਿੰਦਾ ਚੱਲ ਉਏ ਹੁਣ ਚਲਦੇ ਆਂ।

ਰੋਟੀ ਖਾ ਕੇ ਬਾਹਰ ਆ ਗਏ। ਆਉਂਦੇ ਨੂੰ ਬਾਬੇ ਦਾ ਇੱਕ ਹੋਰ ਯਾਰ ਬਾਹਰ ਆਇਆ ਬੈਠਾ ਸੀ। ਮੈਨੂੰ ਕਹਿੰਦਾ ਵਈ ਕਾਕਾ ਥੋਡੀ ਜਾਤ ਕੀ ਐ? ਮੈਂ ਆਖਿਆ ਜੀ ਚੂਹੜੇ। ਚੂਹੜੇ ਸੁਣਦਿਆਂ ਹੀ ਉਹਦੀ ਤਾਂ ਨਿਕਲਗੀ ਚੀਕ। ਬੁੜ੍ਹੇ ਨੇ ਚੱਕਿਆ ਖੂੰਡਾ ਤੇ ਭੀਖੂ ਦੇ ਮਾਰਿਆ

ਮੌਰਾਂ 'ਚ। ਭੀਖੂ ਚੀਕਾਂ ਮਾਰਦਾ ਭੱਜ ਗਿਆ। ਲੱਗ ਪਿਆ ਬੁੜ੍ਹਾ ਗਾਲ੍ਹਾਂ ਕੱਢਣ, "ਇਨਾਂ ਦੀ ਉਏ ਭੈਣ ਦੀ, ਇਹਨਾਂ ਦੀ ਉਏ ਮਾਂ ਦੀ, ਇਹਨਾਂ ਦੀ ਉਏ... ਚੂਹੜਿਆਂ ਝੜੰਮਾਂ ਦੀ... ਆਜੋ ਓਏ ਪਿੰਡ ਵਾਲਿਉ..., ਇੰਨਾਂ ਸਾਡਾ ਚੁੱਲ੍ਹਾ-ਚੌਂਕਾ ਭਿੱਟਤਾ, ਆ ਜੋ ਉਏ 'ਕੱਠੇ ਹੋ ਕੇ।"

(ਹੱਸ ਹੱਸ ਕੇ ਸੁਣਾਉਂਦਾ ਹੈ।)

ਸਾਰਾ ਪਿੰਡ 'ਕੱਠਾ ਕਰ ਲਿਆ। ਕੋਈ ਕਹੇ, "ਇਹਨਾਂ ਦੇ ਭੈਣ ਦੇ ਯਾਰਾਂ ਦੇ ਬੰਨੋ ਹੱਥ ਪੈਰ ਤੇ ਦਰਖ਼ਤ 'ਤੇ ਪੁੱਠਾ ਟੰਗ ਦਿਉ।" ਭਿਉਂ-ਭਿਉਂ ਮਾਰੋ ਛਿੱਤਰ, ਤਮਾਸ਼ਾ ਹੋ ਗਿਆ। ਮਾਸਟਰ ਦਾ ਭਰਾ ਬੁੜ੍ਹੇ ਨੂੰ ਲੱਗਾ ਸਮਝਾਉਣ, ਉਹ ਜੁੱਤੀ ਲੈਕੇ ਹੋ ਲਿਆ ਉਹਦੇ ਦੁਆਲੇ, ਓਹ ਮਾਰੇ ਚੀਕਾਂ। ਮਸਾਂ ਜਾਨ ਬਚਾਕੇ ਘਰ ਪਹੁੰਚੇ।

ਓਦਣ ਕਹਾਣੀ ਦੇ ਅੰਤ 'ਚ... ਹੱਸਦਿਆਂ-ਹੱਸਦਿਆਂ ਸਭ ਗੰਭੀਰ ਹੋ ਗਏ। ਮੇਰੇ ਹਾਸੇ ਪਿਛਲੀ ਪੀੜ ਨੂੰ ਉਹਨਾਂ ਫੜ੍ਹ ਲਿਆ ਸੀ, ਸਭ ਹਿੱਲ ਗਏ ਸੀ ਬੁਰੀ ਤਰ੍ਹਾਂ। ਚੁੱਪ ਵਰਤ ਗਈ, ਕੋਈ ਬੋਲੇ ਈ ਨਾ। ਮਹਿਫ਼ਲ ਖਿੰਡ ਗਈ। (ਚੁੱਪ) ਮੈਨੂੰ ਬੜਾ ਅਫ਼ਸੋਸ ਹੋਇਆ ਕਿ ਮੈਂ ਕਿਉਂ ਐਵੇਂ ਆਵਦਾ ਰੋਣਾ-ਧੋਣਾ ਲੈ ਕੇ ਬਹਿ ਗਿਆ। ਪਰ ਅੰਦਰੋਂ ਕਿਤੇ ਖ਼ੁਸ਼ੀ ਵੀ ਹੋਈ ਕਿ ਕੋਈ ਤਾਂ ਹੈ ਜੋ ਸਮਝਦਾ..., ਤੁਹਾਡੇ ਦਰਦ ਨੂੰ ਮਨ ਹੌਲ਼ਾ ਹੋ ਗਿਆ। ਮੈਂ ਪਾਟਿਲ ਵੱਲ ਦੇਖਿਆ, ਉਹ ਚੁੱਪਚਾਪ ਛੱਤ ਨੂੰ ਘੂਰੀ ਜਾ ਰਿਹਾ ਸੀ। ਬਾਕੀ ਸਭ ਤਾਂ ਜਾ ਚੁੱਕੇ ਸਨ। ਮੇਰੇ ਬੋਲਣ ਤੋਂ ਪਹਿਲਾਂ ਈ ਉਹ ਬੋਲ ਪਿਆ, "ਸੌਂ ਜਾ।" ਤੇ ਵੱਖ ਲੈ ਕੇ ਮੂੰਹ ਪਰ੍ਹਾਂ ਨੂੰ ਕਰ ਲਿਆ। ਮੈਂ ਸਮਝ ਗਿਆ, ਪਰ ਬੋਲਿਆ ਕੁਝ ਨਹੀਂ। ਚੁੱਪਚਾਪ ਲੇਟ ਗਿਆ, ਪਤਾ 'ਨੀ ਕਦੋਂ ਨੀਂਦ ਆ ਗਈ।

ਸਵੇਰੇ ਉੱਠਿਆ ਤਾਂ ਪਾਟਿਲ ਜਾ ਚੁੱਕਿਆ ਸੀ। ਮੈਨੂੰ ਯਾਦ ਆਇਆ ਕਿ ਅੱਜ ਤਾਂ ਰੀਹਰਸਲ ਹੈ, ਫਟਾਫਟ ਤਿਆਰ ਹੋਇਆ। ਪਾਟਿਲ ਨੇ ਈ ਆਚਾਰਿਆ ਅਤਰੇ ਦੇ ਇੱਕ ਮਰਾਠੀ ਨਾਟਕ ਨੂੰ ਹਿੰਦੀ 'ਚ ਕੀਤਾ ਸੀ। ਮੈਂ ਉਸ 'ਚ ਹੀਰੋ ਸੀ, (ਮੁਸਕਰਾਉਂਦਾ ਹੈ।) ਮੇਨ

ਰੋਲ। ਪਹਿਲਾ ਸ਼ੋਅ ਹੋਇਆ... "ਹਿੱਟ"। ਸਾਰੇ ਹੁਣ ਮੈਨੂੰ ਉਸ ਪਾਤਰ ਦੇ ਨਾਂ ਨਾਲ ਬੁਲਾਉਂਦੇ। (ਲੰਮਾ ਸਾਹ ਭਰਦਾ ਹੈ।) ਪਾਤਰਾਂ ਦੀ ਦੁਨੀਆ 'ਚ ਸਾਹ ਸੌਖਾ ਆਉਂਦਾ। ਸਾਡੇ ਵਾਰਡਨ ਦੀ ਘਰਵਾਲੀ ਤਾਂ ਮਹਾਰਿਸ਼ੀ ਕਹਿੰਦੀ ਸੀ ਮੈਨੂੰ। ਅਸੀਂ ਉਸਨੂੰ ਅੰਮਾ ਕਹਿੰਦੇ।(ਜਿਵੇਂ ਅੰਦਰ ਹੀ ਅੰਦਰ ਘੁਲ਼ ਰਿਹਾ ਹੋਵੇ।) ਚੰਗਾ ਲਗਦੈ! (ਚੁੱਪ) ਪਰ ਅਸਲ ਦੁਨੀਆ ਤਾਂ ਹੋਰ ਸੀ...

(ਚੁੱਪ)

ਪੂਨੇ ਲਾਗੇ ਇੱਕ ਪਿੰਡ 'ਚ ਬੜਾ ਭਿਆਨਕ ਕਾਂਡ ਹੋਇਆ, ਦਰਦਨਾਕ। ਸਵਰਨ ਜਾਤ ਦੇ ਕੁਝ ਬੰਦਿਆਂ ਨੇ ਬੰਧੂਆਂ ਮਜ਼ਦੂਰਾਂ ਦੀਆਂ ਅੱਖਾਂ ਕੱਢਤੀਆਂ ਤੇ ਬੰਬਈ..., ਪੂਨੇ ਹਰ ਥਾਂ ਤਣਾਅ ਫੈਲ ਗਿਆ। ਦਲਿਤ ਪੈਂਥਰ ਵੀ ਸਰਗਰਮ ਹੋ ਗਈ। ਮੈਨੂੰ ਇਸ ਘਟਨਾ ਨੇ ਫਿਰ ਅਤੀਤ ਵੱਲ ਸੁੱਟ ਦਿੱਤਾ। ਮੈਂ ਦਲਿਤਾਂ ਦੇ ਮਸਲੇ 'ਤੇ ਇੱਕ ਲੇਖ ਲਿਖਿਆ, ਜਿਹੜਾ ਅਖ਼ਬਾਰ ਵਿੱਚ ਛਪ ਗਿਆ। ਬੱਸ ਫੇਰ ਕੀ ਸੀ ਰੌਲ਼ਾ ਪੈ ਗਿਆ। ਸ਼ਿਵ ਸੈਨਾ ਵਾਲੇ 'ਕੱਠੇ ਹੋ ਕੇ ਆ ਗਏ। ਹੁੱਲੜਬਾਜ਼ੀ 'ਤੇ ਉੱਤਰ ਆਏ।

ਪ੍ਰਿੰਸੀਪਲ ਨੇ ਮੈਨੂੰ ਸੱਦ ਲਿਆ ਕਮਰੇ 'ਚ। ਪਹਿਲਾਂ ਤਾਂ ਉਹ ਕਿੰਨੀ ਦੇਰ ਮੇਰੇ ਵੱਲ ਵੇਖੀ ਗਿਆ... ਫੇਰ ਇੱਕ ਕਾਪੀ ਅਖ਼ਬਾਰ ਦੀ ਮੇਰੇ ਮੂਹਰੇ ਸੁੱਟੀ, "ਇਹ ਤੂੰ ਲਿਖਿਆ...?"

ਮੈਂ ਕਿਹਾ ਹਾਂ ਜੀ। (ਪ੍ਰਿੰਸੀਪਲ ਵਾਂਗ ਭੜਕ ਕੇ।) "ਚੰਗੀ ਤਰ੍ਹਾਂ ਵੇਖਕੇ ਦੱਸ... ਕੀ ਇਹ ਲੇਖ ਤੂੰ ਲਿਖਿਆ?" ਉਹ ਤਾਂ ਖੜ੍ਹਾ ਹੋ ਗਿਆ। ਮੈਨੂੰ ਸਮਝ ਨਾ ਆਵੇ ਕਿ ਇਸ ਬੰਦੇ ਨੂੰ ਮੈਂ ਕਿਹਾ ਕੀ। "ਤੂੰ ਸਰਕਾਰੀ ਅਦਾਰੇ 'ਚ ਐਂ।" ਮੈਨੂੰ ਲੱਗਾ ਮੈਂ ਜਿਵੇਂ ਕਿਸੇ ਜੇਲ 'ਚ ਹੋਵਾਂ। ਉਹਦੀ ਅਵਾਜ਼ ਬਹੁਤ ਦੂਰੋਂ ਆ ਰਹੀ ਸੀ। "ਤੇਰੇ ਖਿਲਾਫ਼ ਕਾਰਵਾਈ ਹੋ ਸਕਦੀ ਹੈ, ਸਾਡਾ ਕੋਈ ਡਿਸਪਲਿਨ ਹੈ..." ਉਹ ਮੈਨੂੰ ਬੋਲਣ ਦਾ ਮੌਕਾ ਈ ਨਹੀਂ ਸੀ ਦੇ ਰਿਹਾ। "ਨਾ ਤੂੰ ਠੇਕਾ ਲਿਆ ਦੁਨੀਆ ਦਾ। ਨਾ ਕੀ ਐਂ ਤੂੰ..., ਬੁੱਧੀਜੀਵੀ ਐਂ... ਲੀਡਰ ਐਂ...। ਮੈਂ ਚੀਕ-ਚੀਕ ਕੇ ਕਹਿਣਾ ਚਾਹੁੰਦਾ ਸੀ ਕਿ ਇਹ ਮੇਰੇ ਲਈ ਕੋਈ

ਟਾਈਮ ਪਾਸ ਨਹੀਂ, ਨਾ ਕੋਈ ਜ਼ਹਿਨੀ ਅਯਾਸ਼ੀ ਏ। ਪਰ ਮੈਂ ਚੁੱਪ ਰਿਹਾ। ਉਹਨੇ ਪਿੱਠ ਮੋੜ ਲਈ, "ਟ੍ਰੇਨਿੰਗ ਦੌਰਾਨ ਅਜਿਹਾ ਕੁਝ ਨਹੀਂ ਹੋਣਾ ਚਾਹੀਦਾ ਨਹੀਂ ਤਾਂ ਕੱਢ ਦਿੱਤੇ ਜਾਉਗੇ।" ਉਹਨਾਂ ਨੇ ਮੈਨੂੰ ਧਮਕੀ ਦੇ ਕੇ ਛੱਡਤਾ। ਭਵਿੱਖ ਨੂੰ ਦੇਖਦਿਆਂ ਮੈਂ ਵੀ ਮਨ ਮਾਰ ਲਿਆ।

(ਚੁੱਪ)

ਮੈਨੂੰ ਬੋਲਣਾ ਚਾਹੀਦਾ ਸੀ। ਬੜਾ ਭਾਰ ਸੀ ਅੰਦਰ। ਕੁਝ ਲੋਕ ਹੁਣ ਮੇਰੀ ਜਾਤ ਲੱਭਣ ਲੱਗੇ ਸੀ। ਕਿਸੇ ਨੂੰ ਮਿਲਣ ਨੂੰ ਦਿਲ 'ਨੀ ਸੀ ਕਰਦਾ। ਕਈ ਦਿਨ ਇਵੇਂ ਈ ਰਿਹਾ। ਮੈਂ ਸਮਝ ਗਿਆ... ਬੋਲਣ ਲਿਖਣ ਦੀ ਆਜ਼ਾਦੀ... ਬਸ ਐਵੇਂ ਈ ਐ...ਦਿਖਾਵਾ। ਸੰਵਿਧਾਨ ਸੰਵਿਧੂਨ ਕੁਝ ਨਹੀਂ...। ਐਵੇਂ ਖੇਡਣ ਦਾ ਖਿਡਾਉਣਾ ਏ..., ਜਿੰਨਾ ਚਿਰ ਜੀਅ ਕਰੇ ਖੇਡੋ ਤੇ ਫੇਰ ਪਰ੍ਹਾਂ ਰੱਖ ਦਿਓ, ਤੋੜੋ-ਭੰਨੋ... ਜੋ ਜੀਅ ਆਵੇ।

(ਹੌਕਾ)

ਹੌਲ਼ੀ-ਹੌਲ਼ੀ ਇਹਦਾ ਵੀ ਮੈਂ ਆਦੀ ਹੋ ਗਿਆ। (ਸੋਚਦੇ ਹੋਏ।) ਬਰਦਾਸ਼ਤ ਕਰਨ ਦੀ ਆਦਤ ਵੀ ਕਿੰਨੀ ਛੇਤੀ ਪੈ ਜਾਂਦੀ... ਤੇ ਬੰਦੇ ਨੂੰ ਕਿਵੇਂ ਮੁਰਦਾ ਕਰ ਦਿੰਦੀ ਏ।

(ਚੁੱਪ)

ਇੱਕ ਕੁਲਕਰਨੀ ਸੀ..., ਕੁਲਕਰਨੀ ਸਾਹਿਬ। (ਵਿਅੰਗਮਈ ਮੁਸਕਾਨ।) ਵਿਨਾਇਕ ਸਦਾਸ਼ਿਵ ਕੁਲਕਰਨੀ... ਮਰਾਠੀ ਬ੍ਰਾਹਮਣ... ਉਹ ਵੀ ਪੂਨੇ ਦੇ। ਮੈਨੂੰ ਪਤਾ ਈ ਨਹੀਂ ਕਿ ਉਹ ਮੈਨੂੰ ਵੀ ਬ੍ਰਾਹਮਣ ਈ ਸਮਝੀ ਜਾਂਦੈ, ਨਾਂ ਨਾਲ ਵਾਲਮੀਕੀ ਲੱਗੇ ਹੋਣ ਦੇ ਪੰਗੇ ਸੀ ਸਾਰੇ। ਕੀ ਕਹਾਂ, ਪੂਨੇ ਦੇ ਮਰਾਠੀ ਬ੍ਰਹਾਮਣਾਂ ਦੀ ਵੀ ਸ਼ਾਨ ਨਿਰਾਲੀ ਓ ਹੁੰਦੀ ਆ। ਇਹਨਾਂ ਨੇ ਮੈਨੂੰ ਤੁਹਨੂੰ ਮ੍ਹਾਤੜਾਂ ਨੂੰ ਤਾਂ ਕੀ ਸਮਝਣਾ ਨਾਲ ਦੇ ਬ੍ਰਾਹਮਣਾਂ ਨੂੰ ਵੀ ਕੱਖ ਨਹੀਂ ਸਮਝਦੇ, ਪੇਸ਼ਵਾ ਦੇ ਨੇੜੇ ਜਿਉਂ ਹੋਏ। ਵਿਦਵਾਨ ਸੱਜਣ ਸੀ ਉਹ ਤੇ ਮਾਸ-ਮੱਛੀ ਦੇ ਸ਼ੌਕੀਨ ਸੀ। ਘਰਵਾਲੀ ਘਰੇ ਵੜਨ ਨਾ ਦਵੇ। ਸੋ ਸਾਡੇ ਕੋਲ਼ ਈ ਡੇਰਾ

ਲੱਗਦਾ ਹਰ ਐਤਵਾਰ। ਸਾਡਾ ਖ਼ਰਚਾ ਵੱਧ ਗਿਆ। ਪਹਿਲੋਂ ਈ ਮੁਸ਼ਕਲ ਸੀ, ਪੈਸੇ ਘਰ ਵੀ ਭੇਜਣੇ ਪੈਂਦੇ ਸੀ, ਬਾਪੂ ਹੁਣ ਠੀਕ ਨਹੀਂ ਸੀ ਰਹਿੰਦਾ। (ਚੁੱਪ) ਇੱਕ ਦਿਨ ਤਾਂ ਪਾਟਿਲ ਨੇ ਕਹਿ ਈ ਦਿੱਤਾ, "ਯਾਰ ਬਾਹਮਣ ਚੰਗਾ ਦੱਦ ਲੱਗ ਗਿਆ।" ਮੇਰੇ ਤਾਂ ਦਿਲ ਦੀ ਗੱਲ ਸੀ, ਪਰ ਮੈਂ ਹੱਸਕੇ ਟਾਲ ਗਿਆ।

ਕੁਲਕਰਨੀ ਸਾਹਬ ਉਮਰ 'ਚ ਵੱਡੇ ਸੀ। (ਸੋਚਦਿਆਂ ਚਿਹਰੇ 'ਤੇ ਉਦਾਸੀ ਆ ਜਾਂਦੀ ਹੈ।) ਸਾਡੀਆਂ ਵੀ ਕਈ ਸ਼ਾਮਾਂ ਉਹਨਾਂ ਦੇ ਘਰ ਹੀ ਗੁਜ਼ਰਦੀਆਂ। ਬੇਇੰਤਹਾ ਪਿਆਰ ਮਿਲਿਆ ਇਸ ਪਰਿਵਾਰ ਤੋਂ। ਉਹਨਾਂ ਦੀ ਇੱਕ ਬੇਟੀ ਸੀ ਸਵੀਤਾ। ਕਾਲਜ ਪੜ੍ਹਦੀ ਸੀ। ਹਮ-ਉਮਰ ਸੀ...। ਉਹਦਾ ਕੁਝ ਖ਼ਾਸ ਹੀ ਝੁਕਾਉ ਸੀ ਮੇਰੇ ਵੱਲ। ਮੈਂ ਨਜ਼ਰ-ਅੰਦਾਜ਼ ਕਰ ਦਿੰਦਾ। ਪਰ... ਦਿਨੋ-ਦਿਨ ਉਹ ਮੇਰੇ ਨੇੜੇ ਆਉਂਦੀ ਜਾਂਦੀ। ਕਈ ਵਾਰ ਉਹਨੇ ਛੋਟੇ-ਮੋਟੇ ਇਸ਼ਾਰੇ ਵੀ ਕੀਤੇ। ਪਰ ਮੇਰੇ ਅੰਦਰਲਾ ਉਹ ਡਰ..., ਮੇਰੀ ਜਾਤ, ਮੇਰਾ ਘਰ ਪਰਿਵਾਰ, ਸਾਰਾ ਅਤੀਤ ਘੁੰਮ ਜਾਂਦਾ ਅੱਖਾਂ ਮੂਹਰੇ, ਪੈਰਾਂ ਨੂੰ ਲਕਵਾ ਮਾਰ ਜਾਂਦਾ। ਪਿਆਰ ਕਰਨਾ ਤਾਂ ਜਿਵੇਂ ਸਾਡੇ ਲਈ ਕੋਈ ਵਰਜਿਤ ਸ਼ੈਅ ਸੀ... ਮੈਂ ਆਪਣੇ ਆਪ ਤੋਂ ਹੀ ਖਿੱਝ ਜਾਂਦਾ ਜਾਂ ਆਲੇ-ਦੁਆਲੇ ਨੂੰ ਗਾਲ੍ਹਾਂ ਕੱਢਣ ਲੱਗਦਾ। ਮੈਂ ਇੱਥੇ ਜੰਮਿਆ ਹੀ ਕਿਉਂ? ਫਿਰ ਮੇਰਾ ਅੰਦਰ ਘਿਣ ਨਾਲ ਭਰ ਜਾਂਦਾ, (ਮੱਥਾ ਫੜ੍ਹ ਲੈਂਦਾ ਹੈ।) ...ਇਹੋ ਜਿਹੀ ਗੱਲ ਮੇਰੇ ਦਿਮਾਗ਼ 'ਚ ਆਈ ਕਿੱਥੋਂ। ਸੱਚਾਈ ਤਾਂ ਇਹ ਸੀ ਕਿ ਮੇਰੇ ਹਾਲਾਤ..., ਮੇਰੇ ਅਤੀਤ ਨੇ ਮੈਨੂੰ ਦੱਬੂ ਜਿਹਾ ਬਣਾ ਦਿੱਤਾ, ਇਹੋ ਬੌਣਾਪਨ ਜਿਵੇਂ ਮੇਰੇ ਵਜੂਦ ਦਾ ਹਿੱਸਾ ਬਣ ਗਿਆ ਸੀ। ਪਰ ਮੈਂ ਇਸਨੂੰ ਮੰਨਣਾ ਨਹੀਂ ਸੀ ਚਾਹੁੰਦਾ, ਭੱਜਦਾ ਸੀ ਉਸਤੋਂ। ਏਸ ਬਾਰੇ ਮੈਂ ਪਾਟਿਲ ਨਾਲ ਵੀ ਕੋਈ ਗੱਲ ਨਾ ਕੀਤੀ।

ਦਿਵਾਲੀ ਤੋਂ ਇੱਕ ਦਿਨ ਪਹਿਲਾਂ ਸਵੀਤਾ ਦੀ ਮਾਂ ਨੇ ਮੈਨੂੰ ਘਰ ਬੁਲਾਇਆ। ਉਦੋਂ... ਮੈਂ ਪਾਟਿਲ ਨਾਲ ਗੱਲ ਕੀਤੀ, "ਕੁਝ ਨੀ ਯਾਰ, ਮਜ਼ੇ ਕਰ।" ਉਹਨੇ ਟਾਲ 'ਤਾ ਤੇ ਫੇਰ ਮੈਨੂੰ ਛਿੱਥਾ ਪਿਆ ਦੇਖਕੇ ਦੱਸਿਆ, "ਮਰਾਠੀ ਬ੍ਰਾਹਮਣ ਨੇ, ਇਹਨਾਂ ਦੇ ਇੱਕ ਰੀਤ

ਹੁੰਦੀ ਐ ਕਿ ਦਿਵਾਲੀ ਤੋਂ ਇੱਕ ਦਿਨ ਪਹਿਲਾਂ ਘਰ ਦੀ ਮਾਲਕਣ ਪਰਿਵਾਰ ਦੇ ਸਾਰੇ ਮਰਦਾਂ ਨੂੰ ਨਵਾਉਂਦੀ ਐ..., ਚੰਦਨ ਤੇ ਤੇਲ ਦੀ ਮਾਲਿਸ਼ ਕਰਕੇ, ਓ ਵੀ ਤੜਕੇ ਚਾਰ ਵਜੇ।"

ਮੇਰਾ ਮੂੰਹ ਟੱਡਿਆ ਗਿਆ। ਉਹ ਮਜ਼ਾ ਲੈ ਰਿਹਾ ਸੀ। ਮੈਂ ਉਹਨੂੰ ਨਾਲ ਚੱਲਣ ਲਈ ਮਨਾਇਆ, "ਜਨਾਬ ਇਹ ਸੱਦਾ ਖਾਸ ਤੁਹਾਡੇ ਲਈ ਓ ਐ।"

...ਮੈਂ ਤੇ ਇਹਨਾਂ ਦੇ ਪਰਿਵਾਰ ਦਾ ਮੈਂਬਰ? ਸਾਰੀ ਰਾਤ ਮੈਨੂੰ ਨੀਂਦ ਨਾ ਆਈ, ਤੜਕੇ ਚਾਰ ਵਜੇ ਪਹੁੰਚਣਾ ਸੀ। (ਚੁੱਪ) ਦੂਜੇ ਦਿਨ, ਮੈਂ... ਪਹੁੰਚਿਆ ਤਾਂ... ਸਵੀਤਾ ਨੇ ਦਰਵਾਜ਼ਾ ਖੋਲ੍ਹਿਆ (ਜਿਵੇਂ ਸਾਹਮਣੇ ਖੜ੍ਹੀ ਨੂੰ ਦੇਖ ਰਿਹਾ ਹੋਵੇ।) ਮੇਰੀ ਬਾਂਹ ਫੜਕੇ ਅੰਦਰ ਖਿੱਚਕੇ ਲੈ ਗਈ। ਕਹਿੰਦੀ ਆ ਗਏ ਓ ਤੁਸੀਂ। ਮੈਂ ਹਾਲੇ ਵੀ ਨਾਰਮਲ ਨਹੀਂ ਸੀ। ਦਮ ਘੁੱਟ ਰਿਹਾ ਸੀ, ਉਹੋ ਪੁਰਾਣੇ ਪ੍ਰੇਤ ਫੇਰ ਜਾਗ ਪਏ। ਕੁਲਕਰਨੀ ਸਾਹਿਬ ਪਹਿਲਾਂ ਹੀ ਤਿਆਰ ਬੈਠੇ ਸੀ। ਉਹਨਾਂ ਮੈਨੂੰ ਵੀ ਇਸ਼ਾਰਾ ਕੀਤਾ... ਕਪੜੇ ਲਾਹੁਣ ਲਈ। ਮੈਨੂੰ ਸ਼ਰਮਾਉਂਦਿਆਂ ਦੇਖ ਸਵੀਤਾ ਦੀ ਮਾਂ ਨੇ ਮੇਰਾ ਹੱਥ ਫੜ ਲਿਆ, "ਵਾਲਮੀਕੀ ਪੁੱਤ ਤੂੰ ਤਾਂ ਮੇਰੇ ਪੁੱਤਾਂ ਵਰਗਾਂ।" ਮੈਂ ਸੁੰਗੜੀ ਜਾ ਰਿਹਾ ਸੀ। "ਲੈ, ਮੈਥੋਂ ਕਾਹਦੀ ਸ਼ਰਮ।" ਉਹਨੇ ਬੜੇ ਪਿਆਰ ਨਾਲ ਕੋਸਾ-ਕੋਸਾ ਪਾਣੀ ਪਾਇਆ ਤੇ ਵਟਣਾ ਮਲ਼ਣ ਲੱਗੀ... (ਚਿਹਰੇ ਤੇ ਅੱਖਾਂ 'ਚ ਤੇਜ਼ੀ ਨਾਲ ਭਾਵ ਬਦਲਦੇ ਹਨ।)

ਮੈਨੂੰ ਮੇਰੇ ਮਾਂ ਦੇ ਖੁਰਦਰੇ ਹੱਥਾਂ ਦੀ ਯਾਦ ਆ ਗਈ। ਉਹ ਬੀਮਾਰ ਸੀ ਪਰ ਮੈਂ ਜਾ ਨਹੀਂ ਸੀ ਸਕਦਾ। (ਸਿਰ ਝਟਕਦਾ ਹੈ।) ਵਟਣੇ 'ਚੋਂ ਬੜੀ ਸੋਹਣੀ ਖੁਸ਼ਬੂ ਆ ਰਹੀ ਸੀ। ਫੇਰ ਮੈਨੂੰ ਝੁਣਝੁਣੀ ਜਿਹੀ ਆ ਗਈ... ਜੇ ਇਹਨਾਂ ਨੂੰ ਪਤਾ ਲੱਗ ਗਿਆ, ਮੇਰੀ ਜਾਤ, ਮੇਰਾ ਘਰ, ਮੇਰਾ ਪਰਿਵਾਰ ਮੈਂ ਕੰਬ ਗਿਆ..., ਬੰਧੂਆ ਮਜ਼ਦੂਰਾਂ ਵਾਲਾ ਪੂਰੇ ਦਾ ਪੂਰਾ ਸੀਨ ਅੱਖਾਂ ਮੂਹਰੇ ਘੁੰਮ ਗਿਆ। ਰੰਗ ਮੇਰਾ ਪੀਲਾ ਭੂਕ। ਉਸ ਨੇ ਮੇਰੇ ਵੱਲ ਤੱਕਿਆ, ਕੀ ਹੋਇਆ?" ਮੇਰੀ 'ਵਾਜ਼ ਈ ਨਾ ਨਿਕਲੀ। ਕਿਵੇਂ ਨਾ ਕਿਵੇਂ... ਮੌਕਾ ਮਿਲਦੇ ਹੀ... ਭੱਜ ਨਿਕਲਿਆ ਉਥੋਂ।

ਮੈਂ... ਸਵੀਤਾ ਤੋਂ ਦੂਰ ਰਹਿਣ ਦਾ ਮਨ ਬਣਾ ਲਿਆ ਸੀ। ਦਲਿਤਾਂ ਦਾ ਸੰਘਰਸ਼ ਵੀ ਹੁਣ ਜ਼ੋਰਾਂ 'ਤੇ ਸੀ ਤੇ ਮੈਂ ਉਸ ਵਿੱਚ ਕੁੱਦ ਪਿਆ। ਪਰ ਉਹ ਦਿਨੋਂ ਦਿਨ ਮੇਰੇ ਨੇੜੇ ਹੁੰਦੀ ਜਾਂਦੀ ਸੀ, ਹੋਸਟਲ ਆਉਣ ਲੱਗ ਪਈ। ਉੱਥੇ ਨਾ ਮਿਲਦਾ ਤਾਂ ਲਾਇਬ੍ਰੇਰੀ..., ਮੁੜ ਫੇਰ ਕਮਰੇ 'ਚ..., ਬੈਠੀ ਉਡੀਕਦੀ ਰਹਿੰਦੀ..., ਕਿਤਾਬਾਂ ਨੂੰ ਉੱਲਟ-ਪੁਲਟ ਕਰਦੀ... ਥਾਂ ਸਿਰ ਲਾਉਂਦੀ। ਪਾਟਿਲ ਦੇ ਆਖਣ ਦਾ ਵੀ ਉਸਤੇ ਕੋਈ ਅਸਰ ਨਾ ਹੁੰਦਾ। ਬੜੀ ਜ਼ਿੱਦੀ ਸੀ।

ਪਰ ਮੈਂ ਦੇਖ ਰਿਹਾ ਸੀ, ਉਹਦੇ ਤੇ ਮੇਰੇ... ਵਿੱਚਲਾ ਫ਼ਾਸਲਾ... ਕਈ ਜਨਮਾਂ ਦਾ... ਸੋਚ ਕੇ ਈ ਸਾਹ ਚੜ੍ਹ ਜਾਂਦਾ... ਖੜ੍ਹਾ-ਖੜ੍ਹਾ ਈ ਹੌਂਕਣ ਲੱਗ ਜਾਂਦਾ। (ਹੌਂਕਦਾ ਹੈ।) ਰਾਤ ਨੂੰ ਦੇਰ ਨਾਲ ਘਰ ਮੁੜਦਾ ਤਾਂ ਪਾਟਿਲ ਕਹਿੰਦਾ, "ਸਵੀਤਾ ਆਈ ਸੀ ਫੇਰ।" ਮੈਂ ਨੀਂਦ ਦਾ ਬਹਾਨਾ ਕਰਕੇ ਟਾਲ ਦਿੰਦਾ। ਨੀਂਦ ਕਿਹੜੇ ਭੜੂਏ ਨੂੰ ਆਉਣੀ ਸੀ। ਜਦ ਵੀ ਮਿਲਦੀ ਕਹਿੰਦੀ, "ਤੁਸੀਂ ਮੇਰੇ ਕੋਲੋਂ ਭੱਜਦੇ ਕਿਉਂ ਹੋ?" ਸੱਚਮੁਚ ਮੈਂ ਭੱਜਦਾ ਈ ਸੀ, ਨਾ ਚਾਹੁੰਦਿਆਂ ਹੋਇਆਂ ਵੀ।

...ਇੱਕ ਦਿਨ ਮੰਦਰ ਦੇ ਬਾਹਰ ਮਿਲ ਗਈ, ਪਾਟਿਲ ਅੰਦਰ ਗਿਆ ਸੀ, ਮੈਂ ਬਾਹਰ ਬੈਠਾ ਸੀ ਪੁਲ਼ੀ 'ਤੇ। "ਤੁਸੀਂ ਬਾਹਰ ਕਿਉਂ ਬੈਠੇ ਓ?" "ਮੈਂ ਇੱਥੇ ਈ ਠੀਕ ਆਂ।" "ਕਿਉਂ..., ਰੱਬ ਨਾਲ ਨਰਾਜ਼ਗੀ ਐ?" (ਉਸਦੀਆਂ ਅੱਖਾਂ 'ਚ ਦੇਖਦਾ ਹੈ।) ਉਸਦੀਆਂ ਅੱਖਾਂ ਬਹੁਤ ਵੱਡੀਆਂ ਵੱਡੀਆਂ ਸਨ..., ਪਰ... ਖ਼ਾਲੀ-ਖ਼ਾਲੀ। "ਦੱਸੋ।" "ਪੱਥਰ ਦੀਆਂ ਮੂਰਤਾਂ 'ਚ ਮੇਰਾ ਕੋਈ ਯਕੀਨ ਨਹੀਂ।" "ਜਿਉਂਦੀਆਂ 'ਚ ਤਾਂ ਹੈ।" ਹੱਥ ਫੜ ਕੇ ਖਿੱਚਣ ਲੱਗ ਪਈ। ਪਰ ਮੈਂ ਖ਼ੁਦ ਨੂੰ ਰੋਕ ਲਿਆ..., ਤਾਂ ਉਹ ਵੀ ਉੱਥੇ ਈ ਬਹਿ ਗਈ।

(ਕੋਲ ਬੈਠੀ ਨੂੰ ਚੋਰ ਅੱਖਾਂ ਨਾਲ ਦੇਖਦਾ ਹੈ।) "ਤੁਸੀਂ ਚੁੱਪ-ਚੁੱਪ ਕਿਉਂ ਰਹਿੰਦੇ ਓ?" "ਸੁਣਨਾ ਚੰਗਾ ਲਗਦਾ ਮੈਨੂੰ।" ਉਹ ਝੱਲਿਆਂ ਵਾਂਗ ਹੱਸ ਪਈ। ਹਜ਼ਾਰਾਂ ਘੰਟੀਆਂ ਖੜਕ ਗਈਆਂ। (ਏਧਰ-ਓਧਰ ਝਾਕਦਾ ਹੈ।) ਉਹ ਨੇੜ ਨੂੰ ਹੋਈ, "ਫ਼ਿਲਮ ਫੁਲਮ ਤਾਂ ਦੇਖਦੇ ਹੋ ਜਾਂ ਨਹੀਂ।" "ਕਦੇ-ਕਦੇ", "ਸਾਨੂੰ ਵੀ ਦਿਖਾ ਦਿਓ।" "ਪਾਟਿਲ

ਤੋਂ ਪੁੱਛਾਂਗਾ", ਉਹ ਫੇਰ ਖਿੜਖਿੜ ਕਰਕੇ ਹੱਸ ਪਈ, ਮੈਨੂੰ ਲੱਗਿਆ ਮੇਰੇ ਅੰਦਰੋਂ ਕੋਈ ਝਰਨਾ ਫੁੱਟਿਆ। ਮੈਂ ਉੱਥੋਂ ਭੱਜ ਲਿਆ, ਅੱਖਾਂ 'ਚੋਂ ਹੰਝੂ ਚੋਈ ਜਾ ਰਹੇ ਸੀ, ਪਤਾ ਨਹੀਂ ਕਿਉਂ।

(ਚੁੱਪੀ।)

ਪਿੰਡੋਂ ਤਾਰ ਆਈ। ਮਾਂ ਬੀਮਾਰ ਸੀ। ਮੈਂ ਪਿੰਡ ਚਲਾ ਗਿਆ, ਜਿਵੇਂ ਮਸਾਂ ਰਾਹ ਲੱਭਿਆ...। ਮਾਂ ਦੀ ਬਿਮਾਰੀ ਤਾਂ ਬੱਸ ਇੱਕ ਬਹਾਨਾ ਸੀ, ਮੈਨੂੰ ਘਰ ਸੱਦਣ ਦਾ। ਉਹ ਮੇਰਾ ਵਿਆਹ ਕਰਨਾ ਚਾਹੁੰਦੇ ਸੀ। ਮਾਮੇ ਨੇ ਲੜਕੀ ਵੇਖ ਲਈ ਸੀ। ਪਰ ਮੈਂ (ਸੋਚਦੇ ਹੋਏ।) ਟਾਲ਼ ਗਿਆ। (ਚੁੱਪ) ਪਤਾ ਨਹੀਂ ਕਿਉਂ। ਸ਼ਾਇਦ ...ਕਿਤੇ ਕੋਈ ਆਸ ਸੀ ਪਈ।

ਮੈਂ ਹੈਰਾਨ ਸੀ, ਕਰ ਕੀ ਰਿਹਾਂ, ਕੁਝ ਸਮਝ ਨਹੀਂ ਸੀ ਆ ਰਿਹਾ।

ਕੁਝ ਮੋੜ ਇਹੋ ਜਿਹੇ ਹੁੰਦੇ ਨੇ ਜਿੱਥੋਂ ਤੁਸੀਂ ਬਚ ਕੇ ਨਿਕਲਣਾ ਚਾਹੁੰਦੇ ਓ, ਪਰ ਜ਼ਿੰਦਗੀ ਮੁੜ-ਮੁੜ ਉੱਥੇ ਹੀ ਲਿਆ ਖੜਾਉਂਦੀ ਐ। ਵਾਰ-ਵਾਰ ਉਹ ਵਿੱਚ ਵੱਜਦੇ ਨੇ ਆ ਕੇ। ਘਟਨਾਵਾਂ ਸੰਭਲਣ ਦਾ ਮੌਕਾ ਨਹੀਂ ਦਿੰਦੀਆਂ। ਕੁਲਕਰਨੀ ਪਰਿਵਾਰ ਦਾ ਮੋਹ ਮੈਨੂੰ ਖਿੱਚਦਾ ਸੀ, ...ਤੇ ਫੇਰ ਅਚਾਨਕ... ਕੁਝ ਵਾਪਰਿਆ, ਬੰਬਈ ਸ਼ਹਿਰ ਮੇਰੇ ਲਈ ਛੋਟਾ ਹੋ ਗਿਆ। ਮੈਂ ਚੰਦਰਪੁਰ ਆ ਗਿਆ ਤੇ ਮੁੜ ਕਦੇ ਨਹੀਂ ਗਿਆ ਉੱਥੇ। ...ਕਦੇ ਨਹੀਂ। ...ਪਾਟਿਲ ਤੋਂ ਵੀ ਮੈਂ ਉਹ ਗੱਲ ਲੁਕੋ ਗਿਆ, ਮੈਂ ਆਪ ਭੁੱਲਣਾ ਚਾਹੁੰਦਾ ਸੀ, ਸਭ ਢੌਂਗ ਲੱਗਦਾ...। ਲੱਗਦਾ... ਜ਼ਿੰਦਗੀ ਬਾਂਝ ਹੋ ਗਈ ਐ, ਕੁਝ ਨਹੀਂ ਪੈਦਾ ਹੋ ਸਕਦਾ ਇੱਥੇ... ਜਿਹੜਾ ਮਨੁੱਖੀ ਹੋਵੇ।

ਮੇਰੇ ਨਾਟਕਾਂ ਦੇ ਵਿਸ਼ੇ ਬਦਲ ਗਏ। ਉਹ ਸਿੱਧੇ ਦਲਿਤਾਂ ਨਾਲ ਜੁੜ ਗਏ, ...ਮੇਰੇ ਆਪਣੇ ਆਪ ਨਾਲ।

ਫੇਰ ਚੰਦਾ ਨਾਲ ਮੇਰਾ ਵਿਆਹ ਹੋ ਗਿਆ, ਘਰਦਿਆਂ ਵਿਰੋਧ ਕੀਤਾ, ਮਾਂ ਬਹੁਤ ਦੇਰ ਖਫ਼ਾ ਰਹੀ। ਮੈਂ ਹੁਣ ਸਮਾਜੀ ਕੰਮਾਂ 'ਚ ਖ਼ੁਦ ਨੂੰ ਡੁਬੋ ਦੇਣਾ ਚਾਹੁੰਦਾ ਸੀ। ਕੁਝ ਲੋਕ ਸੀ "ਸ਼ੋਸ਼ਿਤ ਕਰਮਚਾਰੀ ਸੰਘ"

ਵਾਲੇ, (ਹੱਸਦਾ ਹੈ।) ਰਿਜ਼ਰਵੇਸ਼ਨ ਨੂੰ ਲੈਕੇ ਉਹਨਾਂ ਨਾਲ ਤਿੱਖੇ ਮੱਤਭੇਦ ਸਨ। ਮੈਨੂੰ ਹਾਸਾ ਆਉਂਦਾ, ਉਹ ਸਾਡੇ 'ਤੇ ਈ ਜਾਤਵਾਦ ਦਾ ਦੋਸ਼ ਲਾਂਦੇ। ਮੈਂ ਕੁਰੈਸ਼ੀ ਨਾਲ ਗੱਲ ਕੀਤੀ, ਪੁਲਿਸ ਇੰਸਪੈਕਟਰ ਸੀ। (ਉੱਚੀ-ਉੱਚੀ ਹੱਸਦਾ ਹੈ।) ਕੁਰੈਸ਼ੀ ਹਾ-ਹਾ-ਹਾ ਕਰਕੇ ਹੱਸਣ ਲੱਗ ਪਿਆ, "ਕਿੰਨਾ ਵਧੀਆ ਲਤੀਫ਼ਾ।" ਉਹ ਬੰਦਾ ਜ਼ਿੰਦਗੀ ਨੂੰ ਲਤੀਫ਼ਾ ਹੀ ਸਮਝਦਾ ਸੀ।

ਖੁੱਲ੍ਹਕੇ ਹੱਸਣ ਵਾਲੇ ਬੰਦੇ ਮੈਨੂੰ ਚੰਗੇ ਲੱਗਦੇ..., ਭਾਵੇਂ ਆਪ ਮੈਂ ਕਦੇ ਇੱਦਾਂ ਦਾ ਨਹੀਂ ਹੋ ਸਕਿਆ।

(ਚੁੱਪ) !

ਹੁਣ ਮੇਰੇ ਨਾਟਕ, ਕਹਾਣੀਆਂ ਅਕਸਰ ਛਪਣ ਲੱਗ ਪਏ। ਸਰਕਲ ਵੱਧ ਗਿਆ। ਕਈ ਲੋਕ ਹਾਲੇ ਵੀ ਸ਼ੱਕ ਦੀ ਨਜ਼ਰ ਨਾਲ ਦੇਖਦੇ। ਬਹੁਤੇ ਤਾਂ ਮੈਨੂੰ ਬ੍ਰਾਹਮਣ ਹੀ ਸਮਝਦੇ। "ਵਾਲਮੀਕੀ" ਸ਼ਬਦ ਨੇ ਕਈਆਂ ਨੂੰ ਭੁਲੇਖੇ ਵਿੱਚ ਪਾ ਰੱਖਿਆ ਸੀ। ਚਿੰਤਾ ਉਹਨਾਂ ਨੂੰ ਇਹ ਕਿ ਸਾਡਾ ਬ੍ਰਾਹਮਣ ਭਰਾ ਦਲਿਤਾਂ ਵਾਲੇ ਪਾਸੇ ਕੀ ਕਰਦਾ।

(ਸੋਚਦੇ ਹੋਏ।) ਪਿੰਡ 'ਚ ਨਾ... ਬਾਪੂ ਨੇ ਮੈਨੂੰ ਇੱਕ ਵਾਰ ਗੀਤਾ ਲਿਆਤੀ, "ਭਗਵਤ ਗੀਤਾ"। ਪਿੰਡ ਆਲੇ ਕਹਿਣ, "ਉਏ ਚੂਹੜਾ ਗੀਤਾ ਪੜ੍ਹ-ਪੜ੍ਹ ਕੇ ਬ੍ਰਾਹਮਣ ਬਣਨ ਨੂੰ ਫਿਰਦਾ।" ਤੇ ਏਥੇ ਉਹ ਮੈਨੂੰ ਧੱਕੇ ਨਾਲ ਬ੍ਰਾਹਮਣ ਬਣਾਈ ਜਾਂਦੇ ਸੀ। "ਉਹ ਮੈਨੂੰ ਸਹਿਜ ਕਿਉਂ ਨਹੀਂ ਰਹਿਣ ਦਿੰਦੇ।" ...ਮੈਂ ਚੀਖਦਾ। ਕੁਰੈਸ਼ੀ ਕਹਿੰਦਾ, "ਪਿਆਰੇ..., ਜਿਉਣਾ ਏ ਤਾਂ ਗੈਂਡੇ ਦੀ ਚਮੜੀ ਚਾਹੀਦੀ ਆ।" ਫੇਰ ਉਹ ਉੱਚੀ-ਉੱਚੀ ਹੱਸ ਪੈਂਦਾ। ਮੈਂ ਚੁੱਪ ਹੋ ਜਾਂਦਾ। ਉਹ ਕਹਿੰਦਾ ਮਹਾਰਿਸ਼ੀ ਜ਼ਿੰਦਗੀ ਕਵਿਤਾ ਨਹੀਂ ਜੰਗ ਐ, ਜੰਗ। ਉਹਦੀ ਗੱਲ ਸੱਚ ਸੀ, ਘੱਟੋ-ਘੱਟ ਮੇਰੇ ਲਈ...।

(ਚੁੱਪ।)

ਬੰਬਈ ਤੋਂ ਅਕਸਰ ਪਾਟਿਲ ਦੀਆਂ ਚਿੱਠੀਆਂ ਆਉਂਦੀਆਂ। ਉਹਨਾਂ ਨੂੰ ਦੇਖ ਕੇ ਮੇਰੇ ਅੰਦਰਲਾ ਰੌਲ਼ਾ ਹੋਰ ਵੱਧ ਜਾਂਦਾ। ਮੈਂ ਉਹਨਾਂ ਨੂੰ ਖੋਲ੍ਹਣਾ ਈ ਬੰਦ ਕਰਤਾ। ਇੱਕ ਚਿੱਠੀ ਕਿਤੇ

ਕੁਰੈਸ਼ੀ ਦੇ ਹੱਥ ਲੱਗ ਗਈ।

(ਕੁਰੈਸ਼ੀ ਦੇ ਕਿਰਦਾਰ 'ਚ ਆ ਜਾਂਦਾ ਹੈ।) "ਓਮ ਪ੍ਰਕਾਸ਼ ਵਾਲਮੀਕੀ ਉਰਫ਼ ਕਾਲ਼ਾ ਦਰੋਗਾ, ਹੈਂਅ। ਤੂੰ ਤਾਂ ਵਈ ਕਦੇ ਦੱਸਿਆ ਈ ਨੀ... ਕਿ ਤੂੰ ਵੀ ਸਾਡੇ ਹੀ ਮਹਿਕਮੇ ਦਾਂ।"

ਤੇ ਫੇਰ ਉਹ ਉੱਚੀ-ਉੱਚੀ ਹੱਸਣ ਲੱਗਾ। ਮਜ਼ਬੂਰੀ ਸੀ, ਕਾਲ਼ੇ ਦਰੋਗਾ ਵਾਲਾ ਕਿੱਸਾ ਮੈਨੂੰ ਉਹਨੂੰ ਸੁਨਾਣਾ ਹੀ ਪਿਆ।

ਸਾਡਾ ਇੱਕ ਪੀ.ਟੀ. ਮਾਸਟਰ ਸੀ ਫੂਲ ਸਿੰਘ, ...ਰਿਟਾਇਰ ਫ਼ੌਜੀ। ਉਹ ਹਰ ਵੇਲੇ ਗਰਾਉਂਡ ਦੇ ਗੇੜੇ ਕੱਢਦਾ ਰਹਿੰਦਾ ...ਜਿਵੇਂ ਪਾਕਿਸਤਾਨ ਦੇ ਬਾਰਡਰ 'ਤੇ ਫਿਰਦਾ ਹੋਵੇ। ਕਦੋਂ ਦੌਰਾ ਪੈ ਜਏ, ਕੀਹਨੂੰ ਫੜ੍ਹਕੇ ਗਾਲ੍ਹਾਂ ਕੱਢਣ ਲੱਗਜੇ, ਕੁੱਟਣ ਲੱਗਜੇ, ਕੁੱਝ ਪਤਾ ਨਈਂ ਸੀ ਲੱਗਦਾ। ਫੌਜੀ ਨੰਬਰ ਏਕ..., ਦਰੋਗਾ ਨੰਬਰ ਦੋ, ਬੱਸ ਇਹੋ ਜਿਹਾ ਨਾ ਲੈ ਕੇ ਬਲਾਉਂਦਾ ਸੀ। ਇੱਕ ਦਿਨ ਸਵੇਰੇ-ਸਵੇਰੇ ਸਕੂਲ ਦੀ ਪ੍ਰਾਰਥਨਾ ਹੋਈ ਜਾਵੇ ਤਾਂ ਮੈਂ ਟੇਢਾ ਜਿਆ ਖੜ੍ਹਾ, ਜੁਆਕ ਖੜ੍ਹ ਨੀ ਜਾਂਦੇ ਟੇਡੇ ਜੇ। ਪਰ ਪੀ.ਟੀ. ਮਾਸਟਰ ਫੂਲ ਸਿੰਘ ਦੇ ਸਾਹਮਣੇ... (ਨਾਂਹ 'ਚ ਸਿਰ ਮਾਰਦਾ ਹੈ।), "ਉਏ ਕਾਲ਼ੇ ਦਰੋਗੇ ਸੀਧਾ ਖੜ੍ਹੇਗਾ ਸੀਧਾ ਖੜ੍ਹ। ਸਾਰਿਆਂ ਦਾ ਹਾਸਾ ਨਿੱਕਲ ਗਿਆ ਤੇ ਮੈਂ ਵੀ..., ਆ ਗਿਆ ਚੜ੍ਹਕੇ, ਫੜ ਲਿਆ ਮੈਨੂੰ ਜੁੰਡਿਆਂ ਤੋਂ, ਤੇਰੀ ਉ ਸਾਲੀ ਝੜੰਮ ਦੀ, ਕੱਢਾਂ ਤੇਰੀਆਂ ਜੁਲਫ਼ਾਂ ਦਾ ਤੇਲ, ਦੇਹ ਲੱਤ ...ਦੇ ਘਸੁੰਨ... ਦੇ ਲੱਤ ਦੇ ਘਸੁੰਨ... (ਅਦਾਇਗੀ ਕਰਦੇ ਹੋਏ ਸਾਹੋ-ਸਾਹ ਹੋ ਜਾਂਦਾ ਹੈ)। ਤੇ ਉਹ ਮੈਨੂੰ ਓਨੀ ਦੇਰ ਤੱਕ ਕੁੱਟਦਾ ਰਿਹਾ ਜਿੰਨੀ ਦੇਰ ਤੱਕ ਦੁਸ਼ਮਣ (ਸਾਹ ਛੱਡਦਾ ਹੈ।) ਢਹਿ ਢੇਰੀ 'ਨੀ ਹੋ ਗਿਆ। ਬਸ ਓਦਣ ਤੋਂ ਮੇਰਾ ਨਾਂ ਪੈ ਗਿਆ (ਮਜ਼ਾਕ ਦੇ ਅੰਦਾਜ਼ 'ਚ।) "ਸ਼ਹੀਦ ਕਾਲ਼ਾ ਦਰੋਗਾ"।

ਮੈਂ ਉਸਦੇ ਮੂੰਹ ਵੱਲ ਦੇਖਿਆ। (ਉੱਪਰ ਨੂੰ ਦੇਖਦਾ ਹੈ।) ਆਸ ਤੋਂ ਉੱਲਟ ਅੱਜ ਕੁਰੈਸ਼ੀ ਉਦਾਸ ਸੀ। "ਓ ਯਾਰ ਤੂੰ ਇੱਕ ਵਾਰੀ ਜਾ ਕਿਉਂ 'ਨੀ ਆਉਂਦਾ ਬੰਬਈ, ...ਐਨੀਆਂ ਚਿੱਠੀਆਂ ਆਉਂਦੀਆਂ।"

(ਚੁੱਪ)

(ਉਦਾਸ ਹੋ ਜਾਂਦਾ ਹੈ।) ਬੰਬਈ ਮੇਰੇ ਦਿਲ ਦਾ ਨਸੂਰ ਸੀ। ਜੀਹਦੇ ਬਾਰੇ ਮੈਂ ਕਦੇ ਕਿਸੇ ਨਾਲ ਗੱਲ ਸਾਂਝੀ ਨਹੀਂ ਸੀ ਕੀਤੀ। ...ਚੰਦਾ ਨਾਲ ਵੀ ਨਹੀਂ। ਪਰ ਕੁਰੈਸ਼ੀ ਦੀ ਜਿੱਦ ਨੇ ਮੈਨੂੰ ਧੱਕ ਕੇ ਮੁੜ ਉੱਥੇ ਸੁੱਟ ਦਿੱਤਾ:

(ਮੂਵ ਲੈ ਕੇ ਉੱਥੇ ਪਹੁੰਚਦਾ ਹੈ ਤੇ ਸੈੱਟ 'ਤੇ ਪਏ ਕੱਪ ਨੂੰ ਚੁੱਕ ਲੈਂਦਾ ਹੈ, ਤੇ ਗੌਰ ਨਾਲ ਦੇਖਦਾ ਹੈ।)

ਕੁਲਕਰਨੀ ਦਾ ਘਰ... ਅਸੀਂ ਸਾਰੇ ਬੈਠੇ ਸੀ। ਕੁਲਕਰਨੀ ਤੇ ਪ੍ਰੋਫੈਸਰ ਕਾਂਬਲੇ ਵਿੱਚਕਾਰ ਪੂਰੀ ਬਹਿਸ ਚੱਲ ਰਹੀ ਸੀ, ਮਰਾਠੀ ਥਿਏਟਰ 'ਤੇ। ਚਾਹ ਆਗੀ, ...ਪੀਣ ਲੱਗਗੇ ਤਾਂ ਮੈਂ ਵੇਖਿਆ... ਪ੍ਰੋਫੈਸਰ ਕਾਂਬਲੇ ਦਾ ਕੱਪ ਕੁਝ ਵੱਖਰਾ ਜਿਆ ਸੀ, ਮੈਂ ਪਾਟਿਲ ਵੱਲ ਵੇਖਿਆ, ਉਹਨੇ ਇਸ਼ਾਰੇ ਨਾਲ ਚੁੱਪ ਕਰਾਤਾ। ਮਿਸੇਜ ਕੁਲਕਰਨੀ ਜਦੋਂ ਕੱਪ ਚੁੱਕਣ ਆਈ ਤਾਂ... ਕਾਂਬਲੇ ਦਾ ਕੱਪ... ਉੱਥੇ ਹੀ ਪਿਆ ਰਿਹਾ...

(ਛਾਤੀ 'ਤੇ ਖੁਰਕਦਾ ਹੋਇਆ ਅੱਗੇ ਆਉਂਦਾ ਹੈ।) ਮੇਰੇ ਅੰਦਰ ਤਾਂ ਉਹ ਉਦੋਂ ਦਾ ਉੱਥੇ ਹੀ ਪਿਆ।

ਕਮਰੇ 'ਚ ਆ ਕੇ ਮੈਂ ਫੇਰ ਗੱਲ ਕੀਤੀ। ਪਾਟਿਲ ਖਿੱਝਿਆ ਹੋਇਆ ਪਿਆ, "ਦਿਮਾਗ ਖ਼ਰਾਬ ਐ ਤੇਰਾ। ਪੂਨੇ ਦੇ ਬਾਹਮਣ ਨੇ ਉਹ! ਮਹਾਰਾਂ..., ਚੂਹੜੇ-ਚਮਾਰਾਂ ਨੂੰ ਆਪਣਾ ਭਾਂਡਾ ਛੂਣ ਵੀ ਨਹੀਂ ਦਿੰਦੇ। ਉਹਨਾਂ ਦੇ ਭਾਂਡੇ ਬਾਹਰ ਰੱਖੇ ਜਾਂਦੇ ਐ, ਰਸੋਈ ਤੋਂ ਬਾਹਰ।"

(ਆਪਣੀ ਦੇਹ ਨੂੰ ਗੌਰ ਨਾਲ ਦੇਖਦਾ ਹੈ।) ਮੇਰੇ 'ਤੇ ਤਾਂ ਜਿਵੇਂ ਪਾਰਾ ਪੈ ਗਿਆ ਸੀ, ਗਰਮ-ਗਰਮ...। (ਸ਼ਬਦ ਮੁਸ਼ਕਿਲ ਨਾਲ ਸੰਘੋਂ ਨਿਕਲਦੇ ਹਨ।) "ਤੇ ਮੇਰੇ ਬਾਰੇ ...ਉਹਨਾਂ ਨੂੰ ਪਤਾ ਨਹੀਂ।" "ਤੈਨੂੰ ਤਾਂ ਉਹ ਬ੍ਰਾਹਮਣ ਹੀ ਸਮਝਦੇ ਆ। ਇਸ ਲਈ ਤਾਂ ਸੱਦਿਆ ਸੀ ਤੈਨੂੰ... ਓਦਣ ਦਿਵਾਲੀ 'ਤੇ।" "ਤੂੰ ਦੱਸਿਆ ਕਿਉਂ 'ਨੀ?" ਮੈਂ ਚੀਕਿਆ! "ਉਹਨਾਂ ਕਿਹੜਾ ਪੁੱਛਿਆ, ਸਾਨੂੰ ਕੀ ਲੋੜ ਪਈ ਆ... ਢੰਡੋਰਾ ਪਿੱਟਦੇ ਫਿਰੀਏ।" "ਤੇ ਜੇ ਕੱਲ੍ਹ ਨੂੰ ਪਤਾ ਲੱਗ ਗਿਆ... ਫੇਰ...!" "ਤੂੰ ਕੋਈ ਝੂਠ ਬੋਲਿਐ...?" (ਹਾਉਕਾ।) ਇਹ ਪਾਟਿਲ

ਦੀ ਦਲੀਲ ਸੀ। ਪਰ ਮੈਨੂੰ ਤਾਂ ਸਭ ਝੂਠ ਲੱਗਦਾ ਸੀ, ਲਿਜ਼ਲਿਜ਼ਾ..., ਬੋਅ ਮਾਰਦਾ। ਮੈਂ ਇਸ ਝੂਠ ਸਹਾਰੇ ਨਹੀਂ ਸੀ ਜਿਉਣਾ ਚਾਹੁੰਦਾ। ਮੈਂ ਸਵੀਤਾ ਨੂੰ ਸਭ ਕੁਝ ਦੱਸਣ ਦਾ ਮਨ ਬਣਾ ਲਿਆ ਸੀ।

ਪਾਟਿਲ ਨੇ ਬਥੇਰਾ ਸਮਝਾਇਆ, ਰਹਿਣ ਦੇ ਯਾਰ ਐਵੇਂ ਤਮਾਸ਼ਾ ਨਾ ਕਰੀਂ। ਵਾਧੂ ਖੱਪ-ਖਾਨਾ ਖੜ੍ਹਾ ਹੋਊਗਾ। (ਇਨਕਾਰ 'ਚ ਸਿਰ ਮਾਰਦਾ ਹੈ।) ਮੈਂ ਸਵੀਤਾ ਨੂੰ ਕਿਹਾ, "ਤੇਰੇ ਨਾਲ ਗੱਲ ਕਰਨੀ ਆ, ਇੱਕਲਿਆਂ।" "ਇੱਕਲਿਆਂ!" ਉਸਦੀਆਂ ਅੱਖਾਂ 'ਚ ਸ਼ਰਾਰਤ ਸੀ। ਪਰ ਮੈਂ ਧਿਆਨ ਨਾ ਦਿੱਤਾ। ਮੇਰਾ ਤਾਂ ਦਿਲ ਬੁਝਿਆ ਪਿਆ ਸੀ। "ਠੀਕ ਐ, ਸ਼ਾਮ ਨੂੰ ਮੰਦਿਰ 'ਚ ਮਿਲਦੇ ਆਂ, ਇਕੱਲਿਆਂ ਹੀ ਆਵਾਂਗੀ। ਤੂੰ ਨਾ ਭੁੱਲ ਜਾਈਂ।" ਮੈਂ ਮਨ ਬਣਾ ਲਿਆ ਸੀ, ...ਸਭ ਪੱਧਰਾ ਹੋਣਾ ਚਾਹੀਦਾ ਐ।

ਸਵੀਤਾ ਆਈ ਦੁੱਧਿਆ ਰੰਗ ਦਾ ਸਕਰਟ-ਬਲਾਊਜ਼... ਉਹਦੇ ਗੋਰੇ ਰੰਗ 'ਤੇ ਬਹੁਤ ਫੱਬਦਾ ਸੀ। ਅੱਲ੍ਹੜਾਂ ਜਿਹੀ ਤੋਰ... ਅੰਗ-ਅੰਗ 'ਚ ਸ਼ੋਖੀ... ਨਖ਼ਰਾ। ਇੰਨੀ ਨੀਝ ਨਾਲ ਮੈਂ ਉਹਨੂੰ ਕਦੇ ਨਹੀਂ ਸੀ ਦੇਖਿਆ। ਇੱਕ ਪਲ ਲਈ ਤਾਂ ਮੈਂ ਸਭ ਕੁੱਝ ਭੁੱਲ ਗਿਆ। ਉਹ ਬੋਲਦੀ ਰਹੀ, ਬੋਲਦੀ ਰਹੀ ਤੇ ਫੇਰ ਇੱਕਦਮ ਅਚਾਨਕ, "ਹਾਂ ਤੇ ਸੱਚ ਤੁਸੀਂ ਕੋਈ ਗੱਲ ਕਰਨੀ ਸੀ... ਮੇਰੇ ਨਾਲ। (ਸਵੀਤਾ ਵਾਂਗ ਅੱਖਾਂ ਮਟਕਾਉਂਦਾ ਹੈ।) ਕੀ ਗੱਲ ਐ... ਜਿਹੜੀ ਇਕੱਲਿਆਂ ਕਰਨੀ?"

ਮੈਂ ਅਚਾਨਕ ਫਟਿਆ, "ਉਹ ਕੱਪ ਵੱਖਰਾ ਕਿਉਂ ਸੀ... ਪ੍ਰੋਫ਼ੈਸਰ ਕਾਂਬਲੇ ਵਾਲਾ ਚਾਹ ਦਾ ਕੱਪ?"

ਉਸਦੀਆਂ ਅੱਖਾਂ 'ਚੋਂ ਸਾਰੇ ਸੁਫ਼ਨੇ ਉੱਡ ਗਏ, "ਕੌਣ... ਉਹ ਚਮਾਰ।"

ਮੈਂ ਜਿਵੇਂ ਆਸਮਾਨੋਂ ਡਿੱਗ ਪਿਆ।

"ਸਾਡੇ ਘਰ ਜਿੰਨੇ ਵੀ ਚੂਹੜੇ, ਚਮਿਆਰ ਆਉਂਦੇ ਨੇ ਸਭ ਦੇ ਭਾਂਡੇ ਵੱਖਰੇ ਨੇ। ਤੂੰ ਆਪਣੀ ਕਹਿ ਨਾ... ਕਿਸ ਲਈ ਬੁਲਾਇਆ ਸੀ?"

ਉਹ ਨੇੜੇ ਨੂੰ ਹੋ ਗਈ। (ਆਪਣੇ ਪਿੰਡੇ ਨੂੰ ਛੂੰਹਦਾ ਹੈ।)

ਉਹਦੇ ਸਾਹ ਮੈਨੂੰ ਛੂਹ ਰਹੇ ਸੀ। (ਝਟਕੇ ਨਾਲ।) ਜੀਅ ਕੀਤਾ, ਮੈਂ ਭੱਜ ਜਾਵਾਂ ਉਥੋਂ। "ਤੈਨੂੰ ਇਹ ਸਭ ਚੰਗਾ ਲਗਦੈ..., ਇਹ ਛੂਤਛਾਤ ?"

ਉਹਦਾ ਸਵਾਦ ਖ਼ਰਾਬ ਹੋ ਗਿਆ, "ਮੈਂ ਕਦੇ ਸੋਚਿਆ ਨਹੀਂ, ਬਸ ਚਲਿਆ ਆਉਂਦੈ, ਮੈਂ ਕਿਉਂ ਆਪਣਾ ਦਿਮਾਗ਼ ਖ਼ਰਾਬ ਕਰਾਂ। (ਗੁੱਸੇ 'ਚ।) ਤੂੰ ਏਸ ਬਹਿਸ ਲਈ ਬੁਲਾਇਆ ਮੈਨੂੰ ?"

"ਪੜ੍ਹ-ਲਿਖ ਕੇ ਵੀ ਤੂੰ..."

(ਕੱਟਦੇ ਹੋਏ।) "ਪੜ੍ਹ-ਲਿਖ ਕੇ ਬੰਦਾ ਆਪਣਾ ਕਲਚਰ ਥੋੜ੍ਹੇ ਛੱਡ ਦਿੰਦਾ।"

(ਚੁੱਪ)

...ਕਲਚਰ ਸ਼ਬਦ ਏਥੇ (ਛਾਤੀ ਵੱਲ ਇਸ਼ਾਰਾ ਕਰਦਾ ਹੈ।) ਡੰਗ ਵਾਂਗ ਵੱਜਿਆ ਸੀ ਮੇਰੇ।

ਮੈਂ ਆਖਰੀ ਹੰਭਲਾ ਮਾਰਿਆ, "ਸਵੀਤਾ ਜੇ ਮੈਂ ਉਹਨਾਂ 'ਚੋਂ ਹੋਵਾਂ ਚੂਹੜਾ ਚਮਿਆਰ..., ਤਾਂ ਤੇਰਾ ਪਿਆਰ...!"

ਉਹ ਕਾਹਲੀ ਨਾਲ ਬੋਲੀ, "ਤੁਸੀਂ ਕਿਵੇਂ ਹੋ ਸਕਦੇ ਹੋ, ਤੁਸੀਂ ਤਾਂ ਬ੍ਰਾਹਮਣ ਹੋ..., ਪਿਤਾ ਜੀ ਨੇ ਦੱਸਿਆ ਸੀ।"

"ਝੂਠ ਹੈ ਇਹ।"

ਹੁਣ ਉਹਦੇ ਹਿੱਲਣ ਦੀ ਵਾਰੀ ਸੀ।

"ਮੈਂ ਐਸ.ਸੀ. ਆਂ।" ਮੈਂ ਉਹਦੀਆਂ ਅੱਖਾਂ 'ਚ ਝਾਕਿਆ।

"ਨਹੀਂ, ਤੁਸੀਂ ਇੰਝ ਕਿਉਂ ਕਹਿ ਰਹੇ ਹੋ।"

"ਸੱਚ ਕਹਿ ਰਿਹਾ ਹਾਂ। ਤੇਰੇ ਨਾਲ ਝੂਠ ਨਹੀਂ ਬੋਲਾਂਗਾ। ਮੈਂ ਚੂਹੜਿਆਂ ਦੇ ਘਰੇ ਜੰਮਿਆਂ।"

(ਸੰਨਾਟਾ)

(ਅਚੇਤ ਹੀ ਸਵੀਤਾ ਵਾਂਗ ਮੂੰਹ 'ਤੇ ਹੱਥ ਰੱਖ ਲੈਂਦਾ ਹੈ।)

ਸਵੀਤਾ ਘਬਰਾ ਗਈ, ਸੁੰਨ। ਹਿਚਕੀਆਂ ਭਰ-ਭਰ ਰੋਣ ਲੱਗੀ ਤੇ ਫੇਰ ਮੇਰਾ ਹੱਥ ਫੜ ਲਿਆ, "ਤੁਸੀਂ ਝੂਠ ਬੋਲਦੇ ਓ... ਹੈ ਨਾ?"

(ਹੱਥ ਫੜ੍ਹਕੇ ਉਸਦੀਆਂ ਅੱਖਾਂ 'ਚ ਦੇਖਦੇ ਹੋਏ)

"ਨਹੀਂ, ਸਵੀਤਾ ! ਇਹੋ ਸੱਚ ਹੈ, ਸੱਚ... ਜੋ ਮੈਨੂੰ ਦੱਸਿਆ ਗਿਆ!"

(ਹੱਥ ਛੱਡ ਦਿੰਦਾ ਹੈ ਤੇ ਖੜ੍ਹਾ ਹੋ ਜਾਂਦਾ ਹੈ।)

ਜਨਮ ਜਨਮਾਂਤਰ ਦੀ ਖਾਈ ਸਾਡੇ ਦਰਮਿਆਨ ਉੱਭਰ ਆਈ। ਉਹ ਰੋਂਦੀ ਰਹੀ, ਰੋਂਦੀ ਰਹੀ। ਪਤਾ ਨਹੀਂ ਮੇਰੇ ਲਈ ਜਾਂ ਆਪਣੇ ਲਈ। ਉਹਦਾ ਰੋਣਾ ਯਾਦ ਕਰਕੇ ਅੱਜ ਵੀ ਮੇਰਾ ਜੀਅ ਭਰ ਆਉਂਦਾ। ਹੁਣ ਮੇਰਾ ਪਿਆਰ ਤੋਂ ਵਿਸ਼ਵਾਸ ਉੱਠ ਗਿਆ ਸੀ। ਐਵੇਂ ਖਾਲੀ ਸ਼ਬਦ ਨੇ ਇਹ ਸਭ। ਅਸੀਂ ਆਪਣੀਆਂ ਪਛਾਣਾਂ ਦੇ ਗ਼ੁਲਾਮ ਆਂ। ਅਤੀਤ ਦੇ ਬੱਧੇ... ਅਸੀਂ ਨਾਲੋ-ਨਾਲ ਤੁਰ ਰਹੇ ਸੀ, ਪਰ ਬਹੁਤ ਦੂਰ ਸੀ ਇੱਕ ਦੂਜੇ 'ਤੋਂ।

ਰੋਂਦਿਆਂ-ਰੋਂਦਿਆਂ ਬੋਲੀ, "ਹੁਣ ਤੁਸੀਂ ਕਦੇ ਨਹੀਂ ਆਵੋਗੇ। ਆਵੋ ਭਾਵੇਂ ਨਾ, ਪਰ ਪਿਤਾ ਜੀ ਨੂੰ ਇਹ ਸੱਚ ਨਾ ਦੱਸਣਾ।"

"ਕਿਉਂ।"

"ਬੱਸ ਨਹੀਂ ਦੱਸਣਾ।।"

ਉਸਦੀਆਂ ਅੱਖਾਂ 'ਚ ਤਰਲਾ ਸੀ।

"ਨਹੀਂ ਦੱਸੋਗੇ ਨਾ, ਵਾਅਦਾ ਕਰੋ।"

ਤੇ ਉਹ ਜ਼ੋਰ-ਜ਼ੋਰ ਦੀ ਰੋਣ ਲੱਗ ਪਈ ਤੇ ਰੋਂਦਿਆਂ-ਰੋਂਦਿਆਂ ਭੱਜ ਗਈ।

(ਕਿੰਨੀ ਦੇਰ ਉਸੇ ਦਿਸ਼ਾ ਵੱਲ ਦੇਖਦਾ ਰਹਿੰਦਾ ਹੈ ਤੇ ਫੇਰ ਦਰਸ਼ਕਾਂ ਵੱਲ ਮੁੜਦਾ ਹੈ।)

ਸੁਫ਼ਨੇ ਤਾਂ ਮੇਰੇ ਵੀ ਮਰੇ ਸਨ। ਪਰ ਮੈਨੂੰ ਤਾਂ ਆਦਤ ਸੀ ਤੇ ਆਦਤ (ਜ਼ੋਰ ਦੇ ਕੇ।) ਮੁਰਦਾ ਕਰ ਦਿੰਦੀ ਹੈ ਬੰਦੇ ਨੂੰ। ਆਖ਼ਿਰ ਕਿਉਂ ਹੈ ਮੇਰੀ ਇਹੋ ਪਛਾਣ! ਮੈਂ ਪਿੰਡ ਛੱਡਿਆ..., ਬੰਬਈ ਤੋਂ ਭੱਜ ਆਇਆ। ਉਮਰ ਭਰ ਲੜਦਾ ਸਾਹੋ-ਸਾਹੀ ਹੁੰਦਾ ਰਿਹਾ। ਪਰ ਆਹ ਨਰਕ ਮੇਰਾ ਪਿੱਛਾ ਕਿਉਂ ਨਹੀਂ ਛੱਡਦਾ। ਪੱਥਰਾਂ ਪਹਾੜਾਂ ਤੇ ਦਰਖ਼ਤਾਂ ਨੂੰ ਪੂਜਣ ਵਾਲੇ... ਕਿਉਂ ਇਹਨਾਂ ਦੇ ਦਿਲ ਮੈਨੂੰ ਦੇਖਦੇ ਈ ਪੱਥਰ ਦੇ

ਹੋ ਜਾਂਦੇ? ਕਿਉਂ ਇਹਨਾਂ ਕਰਮਾਂ-ਧਰਮਾਂ ਨੇ ਮੇਰਾ ਸਾਹ, ਮੇਰਾ ਵਾਲ਼-ਵਾਲ਼ ਨੂੜ ਛੱਡਿਆ। ਮੇਰਾ ਬਾਪੂ ਏਸੇ ਆਸ ਤੇ ਮਰ ਗਿਆ ਵੀ ਪੁੱਤ ਜਾਤ ਸੁਧਾਰੇਗਾ।

(ਚੁੱਪ)

ਭੋਲ਼ਾ ਸੀ ਮੇਰਾ ਬਾਪੂ... ਇਉਂ ਪੜ੍ਹ-ਲਿਖ ਕੇ, ਘਰੋਂ ਬੇਘਰ ਹੋ ਕੇ ਕਿਤੇ ਜਾਤਾਂ ਸੁਧਰਦੀਆਂ। ਸਭ ਠੀਕ-ਠਾਕ ਹੁੰਦਾ ਤੇ ਫੇਰ ਅਚਾਨਕ ਇਹ ਸਵਾਲ, "ਕੌਣ ਹੁੰਦੇ ਹੋ ਤੁਸੀਂ... ਯਾਨੀ ਜਾਤ ... ਜਾਤ ਕੀ ਐ ਤੁਹਾਡੀ?" (ਤੇ ਫੇਰ ਸੰਨਾਟਾ।) ਗ਼ੈਰਾਂ ਦੀ ਛੱਡੋ, ਜੋ ਦੁੱਖ ਆਪਣਿਆਂ ਨੇ ਦਿੱਤੇ, ਦੂਰ ਭੱਜਦੇ ਨੇ ਉਹ ਮੈਥੋਂ..., ਉਹਨਾਂ ਨੂੰ ਲੱਗਦਾ ਮੈਂ ਉਹਨਾਂ ਦੇ ਭੇਦ ਖੋਲ੍ਹ ਦਿਆਂਗਾ। ਮੇਰੀ ਸਕੀ ਭਤੀਜੀ ਭਰੀ ਜਮਾਤ ਵਿੱਚ ਮੈਨੂੰ ਪਛਾਣਨੋਂ ਮੁੱਕਰ ਜਾਂਦੀ ਐ। ਵਿਆਹ ਸ਼ਾਦੀ ਦੇ ਕਾਰਡਾਂ 'ਤੇ ਮੇਰਾ ਨਾਮ ਤੱਕ ਨਹੀਂ ਲਿਖਿਆ ਜਾਂਦਾ।

"ਭਾਅ ਜੀ ਦਾ ਨਾਂ ਆਇਆ ਤਾਂ ਸਭ ਨੂੰ ਪਤਾ ਲਗ ਜਾਣੈ। ਇੱਥੇ ਤਾਂ ਅਸੀਂ ਮਿਸ਼ਰੇ ਆਂ।"

ਕਹਿੰਦੇ ਨੇ, "ਤੁਸੀਂ ਫੇਸ ਕਰ ਸਕਦੇ ਹੋ, ਅਸੀਂ ਨਹੀਂ।"

ਕੀ ਮਜਬੂਰੀ ਐ, ਭੱਜ ਕਿੱਥੇ ਰਹੇ ਓਂ... ਤੇ ਕਿਸ ਤੋਂ?

ਸੰਸਾਰ ਨਾਲ ਤੁਸੀਂ ਲੜ ਸਕਦੇ ਹੋ, ਲੁਕ ਸਕਦੇ ਹੋ। ਪਰ ਜਿਹੜਾ ਸੰਸਾਰ ਅੰਦਰ ਵਸਿਆ ਹੈ, ਉਸਨੂੰ ਕਿਤੇ ਸੁੱਟ ਨਹੀਂ ਸਕਦੇ। ਉਸਦੇ ਕੋਲ ਤਾਂ ਤੁਹਾਨੂੰ ਖੜ੍ਹਨਾ ਹੀ ਪਵੇਗਾ, ਮੂੰਹ ਮੋੜਨ ਨਾਲ ਉਹ ਅਣਹੋਇਆ ਨਹੀਂ ਹੋਣ ਲੱਗਾ।

ਮੇਰੀ ਕੋਈ ਗੱਲ ਉਹਨਾਂ ਤੱਕ ਨਾ ਪਹੁੰਚਦੀ। ਜਿਵੇਂ ਮੈਂ ਕੋਈ ਗੋਲ਼ਾ-ਬਾਰੂਦ ਸੀ, ਜਿਹੜਾ ਉਹਨਾਂ ਦੇ ਘੁਰਨੇ ਢਾਹ ਦੇਵਾਂਗਾ। ਵਾਲਮੀਕੀ ਸ਼ਬਦ ਸਾਰਿਆਂ ਦੀ ਹਿੱਕ ਵਿੱਚ ਡਾਂਗ ਵਾਂਗ ਵੱਜਦਾ। ਘਰਵਾਲੀ ਕਹਿੰਦੀ ਬੱਚੇ ਦੇ ਨਾਂ ਨਾਲ ਨਹੀਂ ਲਾਵੇਗੀ ਵਾਲਮੀਕੀ। ਕਮਲੀਏ! ਇਹ ਕੋਈ ਘਰ ਦਾ ਐਡਰੈੱਸ ਐ, ਜੋ ਬਦਲ ਲਵੇਂਗੀ। ਇਹ ਮੇਰਾ ਪਤਾ ਐ, ਮੇਰਾ ਵਜੂਦ, ਪਿਛੋਕੜ ਐ, ਜਿੱਥੇ ਮਾਂ ਬੈਠੀ ਐ ਮੜ੍ਹੀਆਂ 'ਚ। ਮੈਂ ਕਿੱਥੇ ਸੁੱਟ ਆਵਾਂ ਇਸਨੂੰ।

ਨਾਹਰੇਬਾਜ਼ੀ ਦਾ ਦੋਸ਼ ਲਾਉਣਾ ਹੈ ਤਾਂ ਲਾਉ, ਪਰਵਾਹ ਨਹੀਂ ਮੈਨੂੰ। (ਚੀਕਦਾ ਹੈ।) ਹਾਂ; ਮੈਂ ਲਾਊਡ ਹਾਂ, ਕਿਉਂਕਿ ਤੁਹਾਡਾ ਸਾਹਿਤ, ਤੁਹਾਡਾ ਸੁਹਜ ਇੰਨਾ ਬੋਝ ਝੱਲ ਈ ਨਹੀਂ ਸਕਦਾ, ਜਿਸਨੂੰ ਮੈਂ ਅੰਦਰ ਚੁੱਕੀ ਫਿਰਦਾਂ।

ਤੁਹਾਨੂੰ ਕੀ ਪਤੈ ਕਿ ਸਮਾਂ ਬੰਦੇ ਅੰਦਰੋਂ ਘੜੀ ਦੀ ਟਿੱਕ-ਟਿੱਕ ਵਾਂਗ ਲੰਘ ਨਹੀਂ ਜਾਂਦਾ। (ਜਿਵੇਂ ਟੁੱਟ ਗਿਆ ਹੋਵੇ।) ਘਟਨਾਵਾਂ ਮਨ ’ਤੋਂ ਐਂ ਨਹੀਂ ਲੰਘ ਜਾਂਦੀਆਂ ਜਿਵੇਂ ਅੰਬਰ ਤੋਂ ਸੂਰਜ ਦੀ ਟਿੱਕੀ ਲੰਘ ਜਾਂਦੀ ਹੈ... ਬਿਨਾਂ ਕੋਈ ਪੈੜ ਛੱਡੇ।

(ਇਨਕਾਰ ’ਚ ਸਿਰ ਮਾਰਦਾ ਹੈ।)

...ਕੁਝ ਖੁੱਭਿਆ ਰਹਿ ਜਾਂਦੈ, ਪੈੜਾਂ... ਕੋਈ ਟੋਕਰੀ... ਝਾੜੂ... ਵੱਖਰੇ ਰੰਗ ਵਾਲਾ ਕੋਈ ਚਾਹ ਦਾ ਕੱਪ, ਸਭ ਜਾਲ ਬਣ ਜਾਂਦੈ... ਤੇ ਫੇਰ ਰਿਸਣ ਲਗਦੈ। ਭੱਜੋ ਤਾਂ ਮਗਰ ਭੱਜਦੇ... ਮੂਹਰਿਓਂ ਪੈਂਦੇ (ਆਪਣੇ ਪੈਰਾਂ ਵੱਲ ਦੇਖਦਾ ਹੈ।) ਮੇਟਣ ਜਾਓ ਤਾਂ ਉਹ ਹੋਰ ਡੂੰਘੇ ਹੁੰਦੇ ਜਾਂਦੇ।

(ਤੜਫ਼ਦਾ ਹੈ, ਜਿਵੇਂ ਅੰਗ-ਅੰਗ ਟੁੱਟ ਰਿਹਾ ਹੋਵੇ।)

ਉੱਥੇ ਆਤਮਾ ਨਹੀਂ ਲੱਭਦੀ... ਇਹੋ ਕੂੜਾ ਲੱਭਦਾ..., (ਮੌਨ) ਜੋ ਮੈਂ ਹਾਂ। ਪਰ ਹੁਣ ਮੈਂ ਇਸਤੋਂ ਭੱਜਾਂਗਾ ਨਹੀਂ, ਭੱਜਿਆਂ ਕੋਈ ਕਿਵੇਂ ਭੱਜ ਸਕਦੈ ਖ਼ੁਦ ਤੋਂ।

(ਚੁੱਪ)

(ਸ਼ਾਂਤ ਸਿੱਧਾ ਖੜ੍ਹਾ ਹੁੰਦਾ ਹੈ, ਚਿਹਰੇ ’ਤੇ ਮੁਸਕਾਨ ਆ ਜਾਂਦੀ ਹੈ। ਕੂੜੇ ਅਤੇ ਮੰਚ ਉੱਤੇ ਪਈ ਹਰ ਚੀਜ਼ ਵੱਲ ਵੱਖਰੇ ਹੀ ਅੰਦਾਜ਼ ’ਚ ਦੇਖਦਾ ਹੈ।)

(ਇੱਕ-ਇੱਕ ਅੱਖਰ ਕਰਕੇ ਬੋਲਦਾ ਹੈ।) ਪਹਿਲੀ ਵਾਰ ਬਿਨਾਂ ਭੱਜਿਓਂ ਦੇਖਦਾਂ ਖ਼ੁਦ ਨੂੰ... ਇਸਦਾ ਆਪਣਾ ਈ ਇੱਕ ਸੁਹਜ ਹੈ... ਆਪਣਾ ਆਸਮਾਨ ਜਿੱਥੋਂ ਹਰੇਕ ਅੰਦਰ ਪਿਆ ਕੂੜਾ ਨਜ਼ਰ ਆਉਂਦਾ... (ਭੱਜਣ ਅਤੇ ਭੀੜ ਦਾ ਅਭਿਨੈ ਕਰਦਾ ਹੈ।) ਤੇ ਇੱਕ-ਦੂਜੇ ’ਚ ਵੱਜਦੇ ਭੱਜੇ ਜਾਂਦੇ ਲੋਕ। (ਰੁਕ ਜਾਂਦਾ ਹੈ।) ਤੇ ਖਰਾਸ਼ ਖੁਰਨ

ਲੱਗਦੀ... ਮੇਰੇ ਅੰਦਰ ਵੀ ਨਰਮਾਈ ਐ... ਕੂੜੇ ਤੋਂ ਛੁੱਟ... ਅਨੁਭਵਾਂ ਦੀ ਖਰਾਸ਼ ਤੋਂ ਪਰ੍ਹੇ। ਉਹ ਮੇਰੀ ਨਹੀਂ... ਉਹ ਤਾਂ... ਬਸ ਹੈ।

(ਦਰਸ਼ਕਾਂ ਵੱਲ ਦੇਖ ਕੇ ਗੱਲ ਪਲਟਦਾ ਹੈ)

ਨਾ .. ਨਾ। ਤੁਹਾਡੀਆਂ ਹਮਦਰਦੀਆਂ ਦਾ ਇੱਕ ਵੀ ਸ਼ਬਦ ਮੇਰੇ ਦਰਦ ਤੱਕ ਨਹੀਂ ਪਹੁੰਚਦਾ, ਕੋਈ ਬਹਿਸ, ਸੰਵਾਦ ਛੂੰਹਦਾ ਨਹੀਂ ਮੈਨੂੰ। ਪਰ ਹੁਣ ਨਹੀਂ ਹਾਂ ਮੈਂ... ਤੁਹਾਡੀ ਦਿੱਤੀ ਪਛਾਣ ਦੀ ਕੈਦ ਅੰਦਰ। ਟੁੱਟ ਰਿਹਾ ਏ ...ਚੱਕਰਵਿਊ, (ਤੜਫ਼ਦਾ ਹੈ ਤੇ ਇਕੱਠਾ ਹੋਈ ਜਾਂਦਾ ਹੈ, ਜਿਵੇਂ ਆਪਣੇ ਹੀ ਅੰਦਰ ਲਹਿ ਰਿਹਾ ਹੋਵੇ।) ਦੇਖਦਾਂ ਕਿੰਨੀ ਦੇਰ ਖੜ੍ਹਦਾ... ਇਹ ਮੇਰੇ ਸਾਹਮਣੇ।

(ਸ਼ਾਂਤ ਭਾਵ ਨਾਲ ਆਲੇ-ਦੁਆਲੇ ਦੇਖਦੇ ਹੋਏ।) ਮੈਂ ਇਸ ਚਿੱਕੜ 'ਚ ਫਸਿਆਂ। ਪੈਦਾ ਹੋਇਆਂ ਏਥੇ। ਪਰ ਇਸੇ 'ਚ ਮਰ ਨਹੀਂ ਰਿਹਾ...। ਬਦਬੂ ਬਹੁਤ ਹੈ...! ਇਸ ਕੈਦ ਵਿੱਚ ਮੈਂ ਇਕੱਲਾ ਹਾਂ, ਬਿਲਕੁਲ ਇਕੱਲਾ... ਮੈਂ ਤੇ ਬਸ ਹਨੇਰਾ... ਤੁਹਾਡੀ ਦਿੱਤੀ ਤੇ ਮੇਰੀ ਕਬੂਲੀ ਹੋਈ ਪਛਾਣ ਦਾ ਹਨੇਰਾ... ਘੁੱਪ ਹਨੇਰਾ, ਪਰ ਡਰ ਨਹੀਂ ਹੈ। ਮੇਰੇ ਆਪੇ ਦਾ ਜੁਗਨੂੰ ਐ... ਜੋ ਕਿਸੇ ਸੂਰਜ ਦਾ ਮੁਥਾਜ ਨਹੀਂ! (ਚਿਹਰੇ 'ਤੇ ਚਮਕ ਆਉਂਦੀ ਹੈ।) ਹਨੇਰਾ ਚਮਕਦਾ ਹੈ, ਬਲਦਾ ਹੈ, ਉਸਦੀ ਆਪਣੀ ਅੱਗ ਹੈ ।

(ਹੌਲ਼ੀ-ਹੌਲ਼ੀ ਸ਼ਾਂਤ ਹੁੰਦਾ ਜਾਂਦਾ ਹੈ।)

ਹਨੇਰਾ ਹੈ .. ਮੈਂ ਵੀ ਹਾਂ..., ਆਪਣੀ ਅੱਗ ਸਮੇਤ... ਕੋਈ ਇਸ ਅੱਗ ਨੂੰ ਢੱਕ ਨਹੀਂ ਸਕਦਾ।

(ਬਾਹਾਂ ਆਸਮਾਨ ਵੱਲ ਉਲਾਰ ਕੇ ਮੰਚ ਦੇ ਸੈਂਟਰ 'ਚ ਖੜ੍ਹਾ ਹੈ। ਚਿਹਰਾ ਸ਼ਾਂਤ ਤੇ ਰੌਸ਼ਨ ਹੈ। ਰੌਸ਼ਨੀ ਦਾ ਸਪਾਟ ਸਿਰਫ਼ ਉਸੇ 'ਤੇ ਰਹਿ ਜਾਂਦਾ ਹੈ ਤੇ ਹੌਲ਼ੀ-ਹੌਲ਼ੀ ਮੱਧਮ ਪੈਂਦਾ ਹੋਇਆ ਬੁਝ ਜਾਂਦਾ ਹੈ।)

*******

# ਇੱਕ ਮੱਖੀ ਤੇ ਦੋ ਸ਼ਾਹੂਕਾਰ

(19ਵੀਂ ਸਦੀ ਦੇ ਰੂਸੀ ਕਹਾਣੀਕਾਰ ਸ਼ਚੇਨਦ੍ਰੇਨ ਦੀ ਕਹਾਣੀ 'ਤੇ ਆਧਾਰਿਤ)

ਗਰਭ ਦੇ ਅੰਦਰੋਂ :

ਇਸ ਨਾਟਕ ਦਾ ਪ੍ਰੇਰਣਾ ਸਰੋਤ ਅਤੇ ਆਧਾਰ 19ਵੀਂ ਸਦੀ ਦੀ ਇੱਕ ਕਹਾਣੀ ਹੈ, ਜਿਸਦੇ ਰਚਣਹਾਰ ਦਾ ਜਨਮ ਮੇਰੇ ਤੋਂ ਇੱਕ ਸਦੀ ਨਾਲੋਂ ਵੀ ਜ਼ਿਆਦਾ ਸਮਾਂ ਪਹਿਲਾਂ ਹੋਇਆ ਤੇ ਉਸ ਦੇਸ਼ ਵਿੱਚ ਜਿਸਨੂੰ ਮੈਂ ਸਿਰਫ਼ ਤਸਵੀਰਾਂ 'ਚ ਹੀ ਦੇਖਿਆ ਹੋਇਆ। ਪਰ ਕਹਾਣੀ ਤੇ ਨਾਟਕ ਦੇ ਸੰਗ-ਸੰਗ ਚਲਦਿਆਂ ਸਮੇਂ ਤੇ ਸਪੇਸ ਵਿੱਚਲਾ ਇਹ ਪਾੜਾ ਕਿਤੇ ਨਜ਼ਰ ਨਹੀਂ ਆਉਂਦਾ। ਸ਼ਾਇਦ ਇਹੋ ਸਾਹਿਤ ਦਾ ਮਨੋਰਥ ਹੈ, ਜਿਸ ਵਿੱਚ ਹੀ ਉਸਦੀ ਜਿੰਦ ਜਾਨ ਹੈ, ਭਾਸ਼ਾਈ, ਭੂਗੋਲਿਕ ਤੇ ਸਭਿਆਚਾਰਕ ਪਾੜਿਆਂ ਤੋਂ ਪਾਰ ਜਾ ਕੇ ਮਨੁੱਖੀ ਮਨ ਦੀ ਸਾਂਝੀ ਬਣਤਰ ਦੇ ਸੱਚ ਨੂੰ ਉਘਾੜਨਾ।

ਮੂਲ ਕਹਾਣੀ ਵਿੱਚ ਸ਼ਾਹੂਕਾਰਾਂ ਦੀ ਜਗ੍ਹਾ ਦੋ ਜਰਨੈਲ ਹਨ, ਕਿਸਾਨ ਦਾ ਪਾਤਰ ਉਹੀ ਹੈ, ਜਿਸਨੂੰ ਉਹ ਅਸਲ 'ਚ ਇੱਕ ਮੱਖੀ ਹੀ ਸਮਝਦੇ ਹਨ। ਨਾਟਕ ਦਾ ਸਰੂਪ ਪੂਰੀ ਤਰ੍ਹਾਂ ਪੰਜਾਬੀ ਲੋਕਧਾਰਾ ਵਿੱਚ ਰੰਗਿਆ ਹੈ। ਪੂਰਾ ਨਾਟਕ ਆਪਣੇ ਆਪ ਵਿੱਚ ਇੱਕ ਗੰਭੀਰ ਤਨਜ਼ ਹੈ, ਜਿਹੜਾ ਅਖੌਤੀ ਹਾਕਮ ਜਮਾਤਾਂ ਦੀ ਜੀਵਨ ਅਤੇ ਕੁਦਰਤ ਨਾਲੋਂ ਟੁੱਟੀ ਹਾਲਤ ਦਾ ਉਪਹਾਸ ਤਾਂ ਉਡਾਉਂਦਾ ਹੀ ਹੈ, ਨਾਲ ਹੀ ਨਾਲ ਉਹਨਾਂ ਦੇ ਡਰ ਨੂੰ ਵੀ ਉਜਾਗਰ ਕਰਦਾ ਹੈ, ਤੇ ਉਹਨਾਂ ਲੋਕਾਂ ਉੱਤੇ ਉਹਨਾਂ ਦੀ ਨਿਰਭਰਤਾ ਨੂੰ ਵੀ ਜਿਨ੍ਹਾਂ ਦੀ ਹੋਂਦ ਨੂੰ ਉਹ ਸਿਰਫ਼ ਮੱਖੀ ਵਾਂਗ ਹੀ ਦੇਖਦੇ ਹਨ। ਉਹਨਾਂ ਦੇ ਡਰ ਦਾ ਆਲਮ ਇਹ ਹੈ ਕਿ ਕਿਸਾਨ ਨੂੰ ਬੰਨ੍ਹਕੇ ਰੱਖਣ ਦੀ ਫ਼ਿਕਰ ਵਿੱਚ ਉਹ ਖ਼ੁਦ ਆਪ ਬੱਝੇ ਜਾਣਾ ਵੀ ਕਬੂਲ ਕਰ ਲੈਂਦੇ ਹਨ। ਸ਼ਾਇਦ ਇਹ ਆਯਾਮ ਮੂਲ ਕਹਾਣੀ ਅੰਦਰ ਇੱਕ ਮੌਲਿਕ ਵਾਧਾ ਹੈ, ਜਿਹੜਾ ਦਾਰਸ਼ਨਿਕ ਤੌਰ 'ਤੇ ਇਸ ਸਚਾਈ ਨੂੰ ਪੇਸ਼ ਕਰਦਾ ਹੈ ਕਿ ਹਾਕਮ ਖ਼ੁਦ ਗ਼ੁਲਾਮ ਬਣੇ ਬਿਨਾਂ ਕਿਸੇ ਹੋਰ ਨੂੰ ਗ਼ੁਲਾਮ ਨਹੀਂ ਬਣਾ ਸਕਦੇ। ਹੋਰਨਾਂ ਨੂੰ ਗ਼ੁਲਾਮ ਬਣਾਉਣ ਲਈ ਉਹਨਾਂ ਨੂੰ ਆਪਣੀ ਜੀਵਨ ਊਰਜਾ ਦਾ ਚੋਖਾ ਹਿੱਸਾ ਉਸੇ ਦਿਸ਼ਾ ਵਿੱਚ ਖ਼ਰਚ ਕਰਨਾ ਪੈਂਦਾ ਹੈ, ਪਰ

ਆਮ ਤੌਰ 'ਤੇ ਉਹ ਇਸ ਹਕੀਕਤ ਤੋਂ ਅਚੇਤ ਹੀ ਰਹਿੰਦੇ ਹਨ। ਇਸ ਨਾਟਕ ਦੇ ਸ਼ਾਹੂਕਾਰ ਵੀ ਇਸੇ ਤਰ੍ਹਾਂ ਦੇ ਹਨ, ਉਹਨਾਂ ਨੂੰ ਇਹ ਦੱਸਣ ਵਾਲਾ ਕੋਈ ਫਰੀਦ ਨਹੀਂ ਹੈ ਜਿਹੜਾ ਉਹਨਾਂ ਨੂੰ ਉਨ੍ਹਾਂ ਦੇ ਬੱਝੇ ਹੋਣ ਦਾ ਅਹਿਸਾਸ ਕਰਾ ਸਕੇ।

ਇੱਕ ਸਚਾਈ ਇਹ ਵੀ ਹੈ ਕਿ ਕਹਾਣੀ ਨੂੰ ਪੜ੍ਹਣ ਤੇ ਨਾਟਕ ਦੇ ਰੂਪ ਵਿੱਚ ਉਸਦੇ ਸਾਹਮਣੇ ਆਉਣ ਵਿੱਚ ਵੀ ਕੋਈ ਪੰਦਰਾਂ-ਵੀਹਾਂ ਸਾਲਾਂ ਦਾ ਵਕਫ਼ਾ ਹੈ, ਤੇ ਫੇਰ ਕਿਤਾਬ ਦੀ ਸ਼ਕਲ 'ਚ ਆਉਣ ਲਈ ਤਕਰੀਬਨ ਇੱਕ ਦਹਾਕਾ ਉਸਨੂੰ ਹੋਰ ਉਡੀਕਣਾ ਪਿਆ। ਇਸ ਦੌਰਾਨ ਇਸਦਾ ਖਰੜਾ ਕੁਝ ਸਮਾਂ ਰਾਣਾ ਰਣਬੀਰ ਹੋਰਾਂ ਕੋਲ ਵੀ ਪਿਆ ਰਿਹਾ, ਜਦੋਂ ਭਗਵੰਤ ਮਾਨ ਸਾਹਿਬ ਨਾਲ ਉਹਨਾਂ ਦੀ ਜੋੜੀ ਹੁੰਦੀ ਸੀ। ਪਰ ਕਈ ਕਾਰਣਾਂ ਕਰਕੇ ਉਹ ਇਸ ਨਾਟਕ ਨੂੰ ਮੰਚਿਤ ਨਹੀਂ ਕਰ ਸਕੇ। ਇਹ ਸ਼ਾਇਦ ਮੇਰਾ ਇੱਕੋ-ਇੱਕ ਨਾਟਕ ਹੈ ਜਿਸਦਾ ਕਦੇ ਕਿਸੇ ਨੇ ਵੀ ਮੰਚਨ ਨਹੀਂ ਕੀਤਾ। ਖ਼ੈਰ! ਹੁਣ ਇਹ ਕਿਤਾਬ ਦੀ ਸ਼ਕਲ 'ਚ ਪਾਠਕਾਂ ਤੇ ਰੰਗ-ਕਰਮੀਆਂ ਦੇ ਸਾਹਮਣੇ ਹੈ। ਇਸਤੋਂ ਅਗਲਾ ਸਫ਼ਰ ਉਹਨਾਂ ਦਾ ਹੈ, ਮੈਂ ਤਾਂ ਉਹਨਾਂ ਨੂੰ ਇਸ ਸਫ਼ਰ ਲਈ ਸ਼ੁਭ ਕਾਮਨਾਵਾਂ ਹੀ ਦੇ ਸਕਦਾ ਹਾਂ, ਤੇ ਉਹ ਮੈਂ ਦੇ ਰਿਹਾ ਹਾਂ।

(ਸ਼ੁਰੂਆਤੀ ਸੰਗੀਤ ਵੱਜਦਾ ਹੈ। ਪੰਛੀਆਂ ਦੀਆਂ ਉਡਾਰੀਆਂ ਤੇ ਚਹਿ-ਚਹਾਉਣ ਦੀਆਂ ਅਵਾਜ਼ਾਂ। ਦਰਖ਼ਤਾਂ 'ਚੋਂ ਨਿਕਲਦੀ ਹਵਾ। ਦੂਰੋਂ ਕਿਸੇ ਦੇ ਗਾਉਣ ਦੀ ਅਵਾਜ਼ ਆ ਰਹੀ ਹੈ।)

ਕਿਸਾਨ : ਕੁੱਤੀ ਮਰੇ ਫ਼ਕੀਰ ਦੀ ਜਿਹੜੀ ਟਊਂ-ਟਊਂ ਨਿੱਤ ਕਰੇ, ਹਾਂ ਜੀ ਪੰਜ-ਸੱਤ ਮਰਨ ਗੁਆਂਢਣਾਂ ਤੇ ਰਹਿੰਦੀਆਂ ਨੂੰ ਤਾਪ ਚੜੇ, (ਅਵਾਜ਼ ਨੇੜੇ ਆਉਂਦੀ ਜਾਂਦੀ ਹੈ।) ਹਾਂ ਜੀ ਤੇ ਗਲ਼ੀਆਂ ਹੋ ਜਾਣ ਸੁੰਨੀਆਂ, ਹਾਂ ਜੀ ਸੁੰਨੀਆਂ... ਤੇ ਵਿੱਚ ਮਿਰਜ਼ਾ ਯਾਰ ਫਿਰੇ। (ਦੁਹਰਾਉਂਦਾ ਹੈ, ਤੇ ਨੱਚਣ ਲੱਗਦਾ ਹੈ।) ਹਾਂ ਜੀ ਮਿਰਜ਼ਾ ਯਾਰ ਫਿਰੇ। ਆਹਾ ਹਾ, ਸ਼ੁਕਰ ਏ ਤੇਰਾ ਦਾਤਿਆ, ਤੂੰ ਸੁਣ ਲਈ ਮੇਰੀ, ਸਹੀ ਆਖਦੇ ਆ, ਦੇਰ ਭਾਵੇਂ ਹੈ ਪਰ ਹਨੇਰ ਨੀ ਤੇਰੇ ਘਰੇ। ਕਿੰਨਾ ਚੈਨ ਏ ਇੱਥੇ, ਨਾ ਸ਼ਾਹੂਕਾਰਾਂ ਦਾ ਰੌਲ਼ਾ, ਨਾ ਬੈਂਕਾਂ ਵਾਲਿਆਂ ਦੀ ਧਾੜ। ਆਪਣਾ ਮਾਰੋ ਤੇ ਖਾਓ, ਨਾ ਕਿਸੇ ਦੀ ਹਿਚ-ਹਿਚ ਨਾ ਖਿਚ-ਖਿਚ। ਸ਼ੁਕਰ ਏ ਭਾਈ ਤੇਰਾ। ਜੇ ਕਿਤੇ ਇਹ ਜੰਗਲ ਵੀ ਨਾ ਬਚਿਆ ਹੁੰਦਾ, ਓ ਹੋ ਹੋ, ਉੱਥੇ ਬੰਦੇ ਵਾਲੇ ਬਘਿਆੜਾਂ ਨੇ ਤਾਂ ਮੈਨੂੰ ਜਿਉਂਦੇ ਨੂੰ ਹੀ ਪਾੜਕੇ ਖਾ ਜਾਣਾ ਸੀ। ਇਹਨਾਂ ਜਨੌਰਾਂ ਨਾਲ ਤਾਂ ਮੈਂ ਸਿੱਝ ਲਊਂ ਬਸ ਉਹਨਾਂ ਤੋਂ ਦੂਰ ਰੱਖੀਂ। ਓ ਮੈਂ ਬੱਕਰਾ ਦੇਵਾਂ ਜੀ ਪੀਰ ਦਾ, ਮੇਰੇ ਸਿਰ ਦਾ ਸਾਈਂ ਮਰੇ, ਹਾਂ ਜੀ ਸਿਰ ਦਾ ਸਾਈਂ ਮਰੇ। (ਅਵਾਜ਼ ਦੂਰ ਹੁੰਦੀ ਜਾਂਦੀ ਹੈ।)

(ਇੱਕ ਆਦਮੀ ਦੇ ਘੁਰਾੜੇ ਤੇ ਫੇਰ ਉਵਾਸੀ ਦੀ ਅਵਾਜ਼ ਆਉਂਦੀ ਹੈ।)

ਕਰੋੜੀ ਮੱਲ : (ਅਲਸਾਈ ਸੁਰ) ਸੰਤੀ... ਓ ਸੰਤੀ.. ਚਾਹ ਲਿਆ ਵਈ। (ਉਵਾਸੀ) ਕਿੱਥੇ ਚਲੀ ਗਈ। (ਖਿੱਝਕੇ) ਸੰਤੀ! (ਸੰਗੀਤ) ਪੰਛੀਆਂ ਤੇ ਹੋਰ ਜੰਗਲੀ ਜਾਨਵਰਾਂ ਦੀਆਂ ਅਵਾਜ਼ਾਂ ਆਉਂਦੀਆਂ

ਹਨ। ਡਰਕੇ ਉੱਭੜਵਾਹਾ ਉੱਠ ਬੈਠਦਾ ਹੈ।) ਸ਼ੀਂ-ਸ਼ੀਂ-ਸ਼ੀਂ..., ਹੈਂਅ ਭਈ ਕਰੋੜੀ... ਇਹ ਕੀ... ਕਿੱਥੇ ਐਂ ਤੂੰ... ਸੁਫ਼ਨਾ ਦੇਖ ਰਿਹੈਂ ਭਲਾ। ਦੰਦੀ ਵੱਢਕੇ ਦੇਖਦਾਂ, ਹਾਈ, (ਚੀਖ਼ਦਾ ਹੈ।) ਦਰਦ ਤੇ ਹੋਈ, ਤੇ ਇਹ ਦੰਦਾਂ ਦੇ ਨਿਸ਼ਾਨ ਵੀ ਤਾਜ਼ੇ ਐ। ਮਤਲਬ ਕਿ ਇਹ ਤਾਂ ਸੱਚੀਓਂ ਸੱਚ ਐ ਕਰੋੜੀ ਮੱਲਾ। (ਡਰਕੇ) ਇਹ ਤੂੰ ਕਿੱਥੇ ਆ ਗਿਆਂ ਬੀਆਬਾਨ 'ਚ। ਸੰਤੀ, ਹੈਤ ਤੇਰੀ ਦੀ ਕਰੋੜੀਆ..., ਉਹਨੇ ਭਲਾ ਇੱਥੇ ਕੀ ਦਹੀਂ ਲੈਣ ਆਉਣਾ। (ਹਾਉਕਾ) ਘੁੱਟ ਲੱਸੀ ਮਿਲ ਜਾਂਦੀ ਤਾਂ ਉੱਤਰ ਜਾਂਦੀ ਰਾਤ ਦੀ। ਪਰ ਮੈਂ ਇੱਥੇ ਆਇਆ ਕਿਵੇਂ? ਸੁੱਤਾ ਤਾਂ ਬੰਗਲੇ 'ਚ ਸ਼ੀ। ਇੱਥੇ ਤਾਂ ਨਾ ਬੰਦਾ ਦਿਖਦਾ ਨਾ ਬੰਦੇ ਦੀ ਜਾਤ। (ਜੰਗਲ ਦੀਆਂ ਅਵਾਜ਼ਾਂ।) ਮੱਲਾ ਕੋਈ ਸਾਜਿਸ਼ ਐ। ਕਿਤੇ ਡਾਕੂਆਂ ਦੇ (ਗਲ਼ਾ ਖੁਸ਼ਕ ਹੁੰਦਾ।) ਹੱਥੇ ਤਾਂ 'ਨੀ ਚੜ੍ਹ ਗਿਆ। ਬਹੁੜੀਂ ਭਈ ਬੰਸੀ ਵਾਲਿਆ..., ਰੱਖ ਲੀਂ...।

(ਜੰਗਲ ਦੀਆਂ ਅਵਾਜ਼ਾਂ 'ਚ ਦੂਰੋਂ ਇੱਕ ਆਦਮੀ ਦੀ ਅਵਾਜ਼ ਗੂੰਜਦੀ ਹੈ: "ਕੋਈ ਹੈ ਭਈ ਓਇ...?" ਸੰਨਾਟੇ ਦੀ ਅਵਾਜ਼ ਤੇ ਸੰਗੀਤ।)

ਹਜ਼ਾਰਾ ਖਾਨ : ਕਿੱਥੇ ਫਸ ਗਿਆਂ ਏ ਖਾਨ ਬਹਾਦਰ। (ਸਾਹ ਚੜ੍ਹਿਆ) ਇਹ ਥਾਂ ਤਾਂ ਖਾਣ ਨੂੰ ਆਉਂਦੀ ਐ। ਸੁਣ ਲਈ ਲਾਲਾਂ ਵਾਲਿਆ, ਕਵਾਲੀ ਕਰਾਊਂ ਤੇਰੀ। ਕੋਈ ਹੈ? (ਗੂੰਜ ਮੁੜ ਸੁਣਦੀ ਹੈ।) ਕੋਈ ਬੋਲਿਆ..., ਕੋਈ ਹੈ...?

(ਪੈਰਾਂ ਦੀਆਂ ਅਵਾਜ਼ਾਂ। ਸੁੱਕੇ ਪੱਤਿਆਂ 'ਤੇ ਦੌੜਣ ਦੀਆਂ ਅਵਾਜ਼ਾਂ।)

ਕਿਸਾਨ : (ਤ੍ਰਭਕ ਕੇ ਉੱਠਦਾ ਹੈ।) ਕੌਣ ਐ..., ਕੌਣ ਏ ਇੱਥੇ?

(ਦੂਰੋਂ ਕਈ ਪਾਸਿਓਂ ਅਵਾਜ਼ਾਂ ਆਉਂਦੀਆਂ ਹਨ: "ਕੋਈ ਹੈ... ਕੋਈ
ਹੈ... ਕੋਈ ਹੈ।")

ਕਿਸਾਨ : (ਡਰਿਆ) ਰੱਖ ਲਈਂ ਦਾਤਿਆ, ਅਵਾਜ਼ਾਂ ਤਾਂ ਬੰਦਿਆਂ ਦੀਆਂ

ਈ ਨੇ। ਹੁਣ ਕੀ ਕਰਾਂ? (ਦਰਖ਼ਤ ’ਤੇ ਚੜ੍ਹਕੇ ਦੇਖਦਾਂ।)

(ਦੂਰੋਂ ਕਰੋੜੀ ਦੀਆਂ ਅਵਾਜ਼ਾਂ ਆਉਂਦੀਆਂ ਹਨ।)

ਕਿਸਾਨ : ਓ ਤੇਰਾ ਭਲਾ ਹੋ ਜੇ। ਇਹ ਤਾਂ ਉਹੋ ਯਮਦੂਤ ਲੱਗਦੇ, ਭੱਜ ਲਓ ਓਏ।

(ਸੰਗੀਤ) ਪੱਤਿਆਂ ’ਤੇ ਦੌੜਣ ਦੀਆਂ ਅਵਾਜ਼ਾਂ ਆਉਂਦੀਆਂ ਹਨ, ਜੋ ਕਦੇ ਦੂਰ ਜਾਂਦੀਆਂ ਲੱਗਦੀਆਂ ਹਨ ਤੇ ਕਦੇ ਨੇੜੇ ਆਉਂਦੀਆਂ। ਸੰਗੀਤ ਹੌਲੀ ਹੁੰਦਾ ਹੈ। ਦੋ ਬੰਦੇ ਇੱਕ ਦੂਜੇ ਨਾਲ ਟਕਰਾਉਂਦੇ ਹਨ।)

ਹਜ਼ਾਰਾ ਖਾਨ : ਓ ਵੇਖੀਂ ਭਾਈ [illegible] ਤੂੰ? ਉੱਪਰ ਈ ਚੜ੍ਹਿਆ ਆਉਨੈਂ।

ਕਰੋੜੀ ਮੱਲ : ਉਇ ਤੂੰ... ਹਜ਼ਾਰਾ ਖਾਨ... ਹੂੰ...!

ਖਾਨ : (ਹੈਰਾਨ) ਕਰੋੜੀ! ਤਾਂ ਇਹ ਤੇਰੀ ਕਰਤੂਤ ਏ। ਮੈਨੂੰ ਤਾਂ ਪਹਿਲਾਂ ਈ ਤੇਰੇ ’ਤੇ ਸ਼ੱਕ ਸੀ, ਮਰਦੂਦ।

ਕਰੋੜੀ ਮੱਲ : ਚੁੱਪ। ਚੁੱਪ ਹੋ ਜਾ ਲੂੰਮੜ ਦੀ ਔਲਾਦ। ਮੈਂ ਸਮਝਦਾਂ ਤੇਰੀਆਂ ਚਾਲਾਂ ਚੰਗੀ ਤਰ੍ਹਾਂ।

ਖਾਨ : ਮੇਰੀ ਜ਼ਬਾਨ ਨਾ ਖੁਲਾਅ ਲਾਲਾ। ਮੈਂ ਨਾ ਵਿੱਚ ਆਉਂਦਾ ਤਾਂ ਇਨਕਮ ਟੈਕਸ ਵਾਲਿਆਂ ਤੇਰਾ ਮੱਕੂ ਠੱਪ ਦੇਣਾ ਸੀ।

ਕਰੋੜੀ ਮੱਲ : ਓਇ ਨਾ-ਸ਼ੁਕਰਿਆ, ਓ ਸੰਗ ਮੰਨ ਉਇ। ਮੇਰਾ ਹੱਥ ਨਾ ਪੈਂਦਾ ’ਨਾ ਤਾਂ... ਹਲ਼ਦੀ ਦੇ ਸੈਂਪਲ ’ਚ ਚੱਕੀ ਪੀਂਹਦਾ ਹੁੰਦਾ ਹੁਣ ਤਾਈਂ। (ਭਾਵੁਕ) ਤੇਂ ਤੂੰ ਕਮੀਨਿਆ... ਮਾਰਿਆ ਛੁਰਾ ਯਾਰ ਦੀ ਪਿੱਠ ’ਚ...।

ਖਾਨ : ਓ ਕਰਾੜਾ ਮੈਂ..., ਤੂੰ ਮੈਨੂੰ... ਸ਼ਰਮ ਨੀ ਆਉਂਦੀ ਤੈਨੂੰ...?

(ਲੜਦੇ-ਲੜਦੇ ਥੱਕ ਜਾਂਦੇ ਹਨ ਤੇ ਲੰਬੇ-ਲੰਬੇ ਸਾਹ ਭਰਦੇ ਹਨ।)

ਕਰੋੜੀ ਮੱਲ : (ਉੱਚੀ) ਓ ਗੱਲ ਤਾਂ ਸੁਣ ਇੱਕ ਮਿੰਟ, ਇੱਕ ਮਿੰਟ। ਇਹਦਾ ਮਤਲਬ ਏਸ ਮਾਮਲੇ ’ਚ ਤੇਰਾ ਕੋਈ ਹੱਥ ਨੀ, ਹੈਂ? ਯਕੀਨ ਤਾਂ ਨੀ ਆਉਂਦੈ ਪਰ ਲੱਗਦੈ...।

ਖਾਨ : ਕਿਸ ਮਾਮਲੇ ’ਚ?

ਕਰੋੜੀ ਮੱਲ : ਓ ਮੋਟੀ ਬੁੱਧ... ਸੋਚ। ਏਥੇ ਅਸੀਂ ਕਿਵੇਂ ਪਹੁੰਚ ਗਏ, ਜੰਗਲ

ਬੀਆਬਾਨ 'ਚ।

ਖਾਨ : ਓ ਮੈਂ ਤੇਰਾ ਅਚਾਰ ਪਾਉਣਾ ਕਰਾੜਾ।

ਕਰੋੜੀ ਮੱਲ : ਅਚਾਰ। (ਮੂੰਹ 'ਚ ਪਾਣੀ) ਉਹਦੀ ਗੱਲ ਨਾ ਕਰ, ਜੀ ਖੱਟਾ ਹੁੰਦਾ।

(ਜੰਗਲ ਦੀਆਂ ਅਵਾਜ਼ਾਂ)

ਖਾਨ : ਪਰ ਅਸੀਂ ਹਾਂ ਕਿੱਥੇ? ਮੈਂ ਤਾਂ ਕਦੇ ਸੁਫ਼ਨੇ 'ਚ ਵੀ ਨੀ ਦੇਖੀ ਇਹ ਥਾਂ।

ਕਰੋੜੀ ਮੱਲ : ਤਿੰਨ ਚਾਰ ਪਿਆਲੇ ਚਾਹ ਦੇ ਨਾਂਹ ਸੁੱਟਾਂ ਅੰਦਰ..., ਮੇਰਾ ਤਾਂ ਦਿਮਾਗ਼ ਈ 'ਨੀ ਖੁੱਲ੍ਹਦਾ। ਪਰ ਐਂ ਦੱਸ ਰਾਤ ਸੌਣ ਤੋਂ ਪਹਿਲਾਂ ਤੂੰ ਕੀ ਕੀਤਾ ਸੀ, ਆਖ਼ਰੀ ਕੰਮ, ਨਹੀਂ ਮੇਰਾ ਮਤਲਬ...?

ਖਾਨ : ਕਰਨਾ ਕੀ ਸੀ, ਉਹੀ... ਈਸ਼ਾ ਦੀ ਨਮਾਜ਼ ਤੋਂ ਬਾਅਦ... ਦੁਆ ਮੰਗੀ ਅੱਲ੍ਹਾ-ਤਾਲ੍ਹਾ ਤੋਂ... "ਪਰਵਰਦਿਗਾਰ ਮਿਹਰ ਕਰੀਂ, ਲੋਭ ਲਾਲਚ ਦੀ ਇਸ ਦੋਜ਼ਖ਼ ਤੋਂ ਦੂਰ ਕਰੀਂ, ਈਮਾਨ ਦੀ ਜੰਨਤ 'ਚ ਰੱਖੀਂ।"

ਕਰੋੜੀ ਮੱਲ : (ਡਰਿਆ ਹੋਇਆ) ਉਹੀ ਤਾਂ ਮੈਂ ਕਹਿਨਾਂ ਲੱਛਮੀ ਮਾਤਾ ਮੂਹਰੇ, ਭਈ ਦੂਰ ਰੱਖੀਂ ਮੋਹ ਮਾਇਆ ਦੀ ਏਸ ਦੁਨੀਆ ਤੋਂ।

ਖਾਨ : ਪਰ ਇਹ ਤਾਂ ਮੈਂ ਰੋਜ਼ ਕਰਦਾਂ, ਪੁਰਖੇ ਕਰਦੇ ਆ ਰਹੇ ਸਾਡੇ। ਕਦੇ ਸੁਣੀ ਐ ਉਹਨਾਂ ਨੇ।

ਕਰੋੜੀ ਮੱਲ : (ਰੋਣਹਾਕਾ) ਲੱਗਦੈ ਸੁਣ ਲਈ।

ਖਾਨ : (ਡਰਿਆ) ਹਾਂ, ਇੰਨੇ ਅਰਸੇ 'ਚ ਤਾਂ ਕਹਿੰਦੇ ਰੂੜੀ ਦੀ ਵੀ ਸੁਣੀ ਜਾਂਦੀ। (ਸੰਗੀਤ) ਲਾਲਾ, ਬੜਾ ਈ ਭੱਦਾ ਮਜ਼ਾਕ ਕੀਤਾ ਈ ਕਿਸੇ ਨੇ ਸਾਡੇ ਨਾਲ। ਏਸ ਜੰਗਲ 'ਚ... (ਜੰਗਲੀ ਜਾਨਵਰਾਂ ਦੀਆਂ ਅਵਾਜ਼ਾਂ ਨੇੜੇ ਆਉਂਦੀਆਂ ਹਨ। ਡਰਿਆ ਹੋਇਆ।) ਸੁਣ ਰਿਹੈਂ? ਲੱਗਦੈ ਸਾਡੇ ਵੱਲ ਈ ਆ ਰਹੇ ਨੇ।

ਕਰੋੜੀ ਮੱਲ : (ਕੰਬਦੇ ਹੋਏ) ਹਾਂ, ਪਰ ਐਂ ਹੱਥ 'ਤੇ ਹੱਥ ਧਰਿਆਂ ਤਾਂ 'ਨੀ ਸਰਨਾ। ਕੁਝ ਕਰਨਾ ਪੈਣਾ, ਗੀਤਾ 'ਚ ਕਿਹਾ ਨਾ ਭਗਵਾਨ ਨੇ, ਕੀ ਕਿਹਾ ਸੀ...?

ਖਾਨ : ਮੇਰਾ ਤਾਂ ਦਿਲ ਬੈਠੀ ਜਾਂਦਾ। ਤੂੰ ਕੁਝ ਸੋਚ, ਤੇਰਾ ਤਾਂ ਕੰਮ ਐ।

ਕਰੋੜੀ ਮੱਲ : ਠੀਕ ਐ ਫੇਰ, ਤੂੰ ਜਾਹ ਏਧਰ ਪੂਰਬ ਵੱਲ ਤੇ ਮੈਂ ਪੱਛਮ ਵੱਲ ਗੇੜਾ ਮਾਰ ਕੇ ਆਉਂਨਾ। ਕੋਈ ਨਾ ਕੋਈ ਰਾਹ ਤਾਂ ਨਿਕਲੂ।

ਖਾਨ : ਓ ਪਰ ਲਾਲਾ, ਇਹ... ਪੂਰਬ ਹੈ ਕਿੱਧਰ ਨੂੰ?

ਕਰੋੜੀ ਮੱਲ : ਓਏ ਖੂਹ ਦੇ ਡੱਡੂਆ..., ਹੁਣ ਤੈਨੂੰ ਇੰਨਾ ਵੀ ਨੀ ਪਤਾ।

ਖਾਨ : ਮੈਨੂੰ ਕਿਵੇਂ ਪਤਾ ਹੋਊ। ਸਾਰੀ ਉਮਰ ਘਰੋਂ ਹੱਟੀ ਤੇ ਹੱਟੀਓਂ ਘਰ। ਇਹ ਪੂਰਬ ਪੱਛਮ ਕਿਥੋਂ ਆ ਗਏ ਵਿੱਚ?

ਕਰੋੜੀ ਮੱਲ : ਪਤਾ ਤਾਂ ਮੈਨੂੰ ਵੀ ਨਹੀਂ। ਤੈਨੂੰ ਉਹ ਭੂਗੋਲ ਵਾਲਾ ਮਾਸਟਰ ਯਾਦ ਐ...?

ਖਾਨ : ਓਹ ਗੰਜਾ ਜਿਹਾ। ਓ ਕਿਥੋਂ ਆ ਗਿਆ ਏਥੇ। (ਆਸ ਨਾਲ) ਇੱਥੇ ਈ ਐ...

ਕਰੋੜੀ ਮੱਲ : ਸੁਣ ਤਾਂ ਸਹੀ। ਉਹ ਕਹਿੰਦਾ ਸੀ, ਭਈ ਪੂਰਬ ਲੱਭਣਾ ਹੋਵੇ ਤਾਂ... ਇੰਜ..., ਉੱਤਰ ਵੱਲ ਮੂੰਹ ਕਰਕੇ ਖੜ੍ਹ ਜਾਓ, ਉੱਤਰ ਵੱਲ..., ਤੇ ਬਸ ਤੁਹਾਡੇ ਸੱਜੇ ਵਾਲੇ ਪਾਸੇ ਜੋ ਹੋਏਗਾ ਉਹੀ ਪੂਰਬ। (ਖੁਸ਼ ਹੋ ਕੇ) ਸਮਝ ਗਿਆ।

ਖਾਨ : ਇਹ ਨਵਾਂ ਸਿਆਪਾ, ਹੁਣ ਏਹ ਉੱਤਰ ਕਿੱਧਰ ਐ?

ਕਰੋੜੀ ਮੱਲ : ਉੱਤਰ..., ਇਹ ਤਾਂ ਦੱਸਿਆ ਨੀ ਉਹਨੇ। (ਖਿੱਝਕੇ) ਤੂੰ ਆਪ ਵੀ ਤਾਂ ਕੁਝ...।

ਖਾਨ : ਤੂੰ ਰਹਿਣ ਦੇ ਬਸ, ਮੇਰਾ ਦਿਮਾਗ਼ ਨਾ ਖਾਹ।

ਕਰੋੜੀ ਮੱਲ : ਭੁੱਖ ਵੀ ਲੱਗ ਗਈ। ਦੁਪਹਿਰਾ ਹੋ ਗਿਆ, ਇੱਕ ਦਾਣਾ 'ਨੀ ਗਿਆ ਅੰਦਰ।

ਖਾਨ : ਓਏ ਲਾਲਾ, ਸੌਖਾ ਕਿਉਂ ਨੀ ਕਰ ਲੈਂਦੇ? ਤੂੰ ਜਾਹ ਸੱਜੇ ਤੇ ਮੈਂ ਜਾਨਾ ਖੱਬੇ। ਹੈਂ, ਤੇ ਫੇਰ ਇੱਥੇ ਈ ਮਿਲਦੇ ਆਂ, ਮੁੜ ਕੇ, ਠੀਕ ਐ।

ਕਰੋੜੀ ਮੱਲ : ਓਏ ਤੇਰਾ ਤੇ ਦਿਮਾਗ਼ ਵੀ ਹੈਗਾ।

ਖਾਨ : ਤੁਹਾਨੂੰ ਤਾਂ ਐਂ ਈ ਲੱਗਦੈ ਭਈ ਸੋਚਣਾ ਬੱਸ ਤੁਹਾਨੂੰ ਈ ਆਉਂਦਾ।

ਕਰੋੜੀ ਮੱਲ : ਓ ਮੈਂ ਤੈਨੂੰ ਊਂ ਈ ਸਮਝੀ ਗਿਆ। (ਹੱਸਦਾ ਹੈ।)

(ਸੰਗੀਤ)

(ਜੰਗਲ ਵਿੱਚ ਪੰਛੀਆਂ ਦੀਆਂ ਅਵਾਜ਼ਾਂ।)

ਖਾਨ : ਹਾਏ ਓ ਰੱਬਾ, ਜਿਧਰ ਦੇਖੋ ਖ਼ੁਰਾਕ ਪਈ ਉੱਡਦੀ... ਤੇ ਢਿੱਡ 'ਚ ਚੂਹੇ ਟਪੂਸੀਆਂ ਮਾਰਦੇ ਆ। (ਮੂੰਹ 'ਚ ਪਾਣੀ) ਸਹੇ, ਤਿੱਤਰ, ਬਟੇਰ, ਕੁੱਕੜ... ਏਨੇ ਤਾਂ ਸਾਰੀ ਉਮਰ ਵਿੱਚ 'ਨੀ ਦੇਖੇ। ਉਹ ਵੀ ਇਕੱਠੇ ਇੱਕੋ ਜਗ੍ਹਾ। ਓ ਰੱਬਾ ਮੇਰੇ ਨਸੀਬ 'ਚ ਕੀ ਇੱਕ ਵੀ ਨੀ। (ਕੁੱਕੜ ਦੀ ਬਾਂਗ) ਏਹਦੇ ਤੇ ਮਾਰਦਾਂ ਟਰਾਈ, ਗੱਲ ਈ ਬਣ ਜਾਊ, ਸ਼ੇਹ-ਸ਼ੇਹ-ਸ਼ੇਹ... (ਡਿਗਦਾ ਹੈ, ਕੁੱਕੜ ਉਡਾਰੀ ਮਾਰ ਜਾਂਦਾ ਹੈ।) ਸਾਲਾ ਜਾਂਗਲੀ...,(ਹਾਏ-ਹਾਏ ਕਰਦਾ ਉੱਠਦਾ ਹੈ।) ਮਾੜੇ ਦਿਨਾਂ ਦੀ ਗੱਲ ਐ ਨਜ਼ਾਰਿਆ..., ਨਹੀਂ ਐਂ ਸਾਲੇ ਕੁੱਕੜਾਂ ਦੀ ਮਜਾਲ ਸੀ ਭਲਾ ਮਜ਼ਾਕ ਉੜਾ ਜਾਣ ਤੇਰਾ। (ਹਾਏ-ਹਾਏ ਕਰਦਾ ਜਾਂਦਾ।) ਰੱਬ ਵੀ ਕਿਹੜਾ ਭੁੱਖਿਆਂ ਦੀ ਸੁਣਦੈ। ਚੱਲ ਏਥੋਂ।

(ਸੰਗੀਤ)

ਕਰੋੜੀ ਮੱਲ : ਐਤਕੀਂ ਨੀ ਛੱਡਦਾ, ਆਹ ਲੈ। ਹੈਤ ਤੇਰੀ ਦੀ, ਫੇਰ ਨੀ ਲੱਗਿਆ..., ਐਤਕੀਂ ਦੇਖ ਫੇਰ..., ਕਿੱਥੇ ਐ..., ਏ-ਏ... ਇਹ ਲੈ ਫੇ... (ਰੋੜਾ ਮਾਰਦਾ ਹੈ।)

ਖਾਨ : ਓ ਮਾਰਤਾ ਉਏ, ਸਿਰ ਪਾੜਤਾ ਕੰਜਰ ਨੇ...।

ਕਰੋੜੀ ਮੱਲ : ਓ ਤੂੰ ਕੀ ਕਰਦੈਂ ਏਥੇ...?

ਖਾਨ : ਮੇਰਾ ਈ ਸਿਰ ਲੱਭਾ ਤੈਨੂੰ ਪੱਥਰ ਮਾਰਨ ਨੂੰ ਕਰਾੜਾ।

ਕਰੋੜੀ ਮੱਲ : ਮੈਂ ਤਾਂ ਸੇਬ ਤੋੜਦਾ ਪਿਆ ਸੀ ਤੂੰ ਈ...।

ਖਾਨ : ਸੇਬ... ਕਿੱਥੇ ਐ?

ਕਰੋੜੀ ਮੱਲ : ਉੱਪਰ ਦੇਖ, ਕਿਵੇਂ ਲੱਦਿਆ ਪਿਆ।

ਖਾਨ : ਹਾਂ...; ਪਰ ਇਹ ਐਂ ਪੁੱਠੇ ਕਿਉਂ ਲਟਕੇ ਆ?

ਕਰੋੜੀ : (ਹੈਰਾਨੀ) ਇਹੋ ਤਾਂ ਮੈਂ ਸੋਚਦਾਂ ਐਨੀ ਦੇਰ ਦਾ ਕਿ ਐਂ ਦਰਖ਼ਤ 'ਤੇ ਕਿਵੇਂ ਚੜ੍ਹ ਗਏ ਇਹ!

ਖਾਨ : (ਬੌਂਦਲ ਕੇ) ਕੌਣ?

ਕਰੋੜੀ ਮੱਲ : ਆ ਸੇਬ, ਹੋਰ ਕੌਣ।

(ਝਾੜੀਆਂ 'ਚੋਂ ਕਿਸਾਨ ਦੇ ਹੱਸਣ ਦੀ ਆਵਾਜ਼ ਆਉਂਦੀ ਹੈ।)

ਕਰੋੜੀ ਮੱਲ : ਹੱਸ ਲੈ ਭਾਈ, ਹੁਣ ਤੂੰ ਵੀ ਹੱਸ ਲੈ।

ਖਾਨ : ਕੌਣ ਹੱਸਿਆ?

ਕਰੋੜੀ ਮੱਲ : ਨਾ ਤੂੰ ਐਂ ਦੱਸ। ਤੂੰ ਦੇਖੇ ਕਦੇ ਇਹ ਸੰਤਰੇ..., ਉਹ ਚੀਕੂ, ਸਾਲੇ ਦੰਦੀਆਂ ਚਿੜਾਉਂਦੇ। (ਕਿਸਾਨ ਦੇ ਹੱਸਣ ਦੀ ਅਵਾਜ਼ ਫੇਰ ਆਉਂਦੀ ਹੈ।) ਫੇਰ ਹੱਸਿਆ?

ਖਾਨ : ਮੇਰੀ ਤਾਂ ਚੀਕ 'ਨੀ ਨਿਕਲਦੀ, ਹੱਸਣ ਦੀ ਗੱਲ ਕਰਦਾ...।

ਕਰੋੜੀ ਮੱਲ : ਫੇਰ ਹੋਰ ਕੌਣ ਐ ਏਥੇ?

ਕਿਸਾਨ : (ਦਬੀ ਅਵਾਜ਼ 'ਚ।) ਓ ਤੇਰੀ ਦੀ, ਇਹ ਭੂਤਣਾ ਤਾਂ ਇੱਧਰ ਨੂੰ ਈ ਆਉਂਦਾ। (ਝਾੜੀਆਂ ਦੀ ਅਵਾਜ਼।)

ਖਾਨ : ਇਹ ਫੜ੍ਹ ਲਿਆ... (ਕੁੱਕੜ ਉਡਾਰੀ ਮਾਰ ਜਾਂਦਾ ਹੈ।)

ਕਰੋੜੀ ਮੱਲ : ਕਿੱਥੇ ਐ?

ਖਾਨ : ਓ ਮਰ ਗਿਆ ਓਏ..., ਮਰਵਾ ਤਾ ਸਾਲੇ ਕੁੱਕੜ ਨੇ।

ਕਰੋੜੀ ਮੱਲ : ਤੇਰਾ ਦਿਮਾਗ਼ ਹਿੱਲ ਗਿਆ, ਕੁੱਕੜ ਹੱਸਦੇ ਐ ਭਲਾ?

ਖਾਨ : ਕੀ ਪਤਾ, ਮੈਂ ਤਾਂ ਅੱਜ ਤਾਈਂ ਭੁੰਨੇ ਈ ਦੇਖੇ ਸੀ, ਦਸਤਰਖਾਨ 'ਤੇ ਸਜੇ... ਤਸ਼ਤਰੀਆਂ 'ਚ। ਤੇ ਏਥੇ ਸਾਬਤ-ਸਬੂਤ ਉੱਡੇ ਫਿਰਦੇ... ਜਿਉਂਦੇ...।

ਕਿਸਾਨ : (ਹਾਸਾ ਰੋਕਦੇ ਹੋਏ।) ਖ਼ਬਰਦਾਰ ਜੇ 'ਵਾਜ਼ ਕੱਢੀ ਤਾਂ, ਤੈਨੂੰ ਈ ਭੁੰਨਕੇ ਖਾ ਜਾਣੈ ਇਨ੍ਹਾਂ ਨੇ।

ਕਰੋੜੀ ਮੱਲ : ਕੌਣ ਬੋਲਿਆ? ਕੌਣ ਐ?

ਖਾਨ : ਕੁੱਕੜ ਹੋਣੈ, ਪਤੀਲੀ 'ਚੋਂ ਉੱਡਿਆ।

ਕਰੋੜੀ ਮੱਲ : ਕਿਉਂ ਲੂਣ ਭੁਕਦਾ ਈਂ। ਭੁੱਖ ਨਾਲ ਆਂਦਰਾਂ ਮੂੰਹ ਨੂੰ ਆਉਂਦੀਆਂ ਪਈਆਂ। ਕੁਝ ਲੱਭਾ ਤੈਨੂੰ?

ਖਾਨ : ਆਹੋ।

ਕਰੋੜੀ ਮੱਲ : ਖਾਣ ਨੂੰ ਐ।

ਖਾਨ : ਖਾ ਲੈ, ਅਖ਼ਬਾਰ ਈ ਪਿਛਲੇ ਸਾਲ ਦਾ।

ਕਰੋੜੀ ਮੱਲ : (ਰੋਣਹਾਕਾ) ਮਜ਼ਾਕ ਕਰਦੈਂ..., ਸੰਗ ਨੀ ਆਉਂਦੀ।

ਖਾਨ : ਸ਼ੁਰੂਆਤ ਤਾਂ ਤੂੰ ਈ ਕੀਤੀ। ਨਾ ਖਾਣ ਨੂੰ ਹੁੰਦਾ ਤਾਂ ਫਿਰ ਤੇਰੇ ਕੋਲ ਕਾਹਨੂੰ ਆਉਂਦਾ।

ਕਰੋੜੀ ਮੱਲ : (ਹੂੰਗਦਾ।) ਤੁਰਿਆ ਵੀ ਨੀ ਜਾਂਦਾ ਹੁਣ...।

ਖਾਨ : ਐਵੇਂ ਗਿੱਟੇ ਸੁਜਾ ਲਏ।

ਕਰੋੜੀ ਮੱਲ : ਬਹਿ ਜਾਹ... ਏਥੇ ਈ।

ਖਾਨ : ਲਾਲਾ ਔਹ ਸਾਹਮਣੇ ਦੇਖ... ਓਧਰ...।

ਕਿਸਾਨ : ਮਾਰੇ ਗਏ, ਦੇਖ ਲਿਆ ਜਮਦੂਤਾਂ ਨੇ।

ਕਰੋੜੀ ਮੱਲ : ਆਖ਼ਰੀ ਵਕਤ ਆ ਗਿਆ ਮੇਰਾ ਤਾਂ, ਦੇਖੀਂ ਦੇਹ ਨਾ ਰੁਲੇ ਮੇਰੀ, ਸੰਸਕਾਰ ਜ਼ਰੂਰ ਕਰ ਦੇਈਂ ਬਾਈ ਬਣਕੇ।

ਖਾਨ : ਓ ਲਾਲਾ; ਝੀਲ।

ਕਰੋੜੀ ਮੱਲ : ਚੰਗਾ, ਅਸਥੀਆਂ ਏਥੇ ਈ ਪਾ ਦੇਈਂ।

ਖਾਨ : ਮੱਛੀਆਂ ਦੇਖ... ਕਰਾੜਾ, ਨੀਲੀਆਂ... ਹਰੀਆਂ...ਰੰਗ-ਬਿਰੰਗੀਆਂ। ਓ ਕਰਾੜਾ..., ਦੇਖ ਤਾਂ ਸਹੀ ਕਿਵੇਂ ਕੰਢੇ 'ਤੇ ਈ ਦੌੜੀਆਂ ਫਿਰਦੀਆਂ। ਮੂੰਹ 'ਚ ਪਾਣੀ ਆ ਗਿਆ ਮੇਰੇ ਤਾਂ। ਫੜੀਏ?

ਕਰੋੜੀ ਮੱਲ : ਨਾ ਭਰਾਵਾ ਮੈਨੂੰ ਤਾਂ ਤੈਰਨਾ ਵੀ ਨੀ ਆਉਂਦਾ। ਹੋਰ ਪੈਰ ਤਿਲਕ ਗਿਆ ਕਿਤੇ...।

ਖਾਨ : ਬੈਠਿਆਂ ਤਾਂ ਨੀ ਮੂੰਹ 'ਚ ਪਾ ਜਾਣਾ ਕਿਸੇ ਨੇ।

ਕਰੋੜੀ ਮੱਲ : ਤੇਰਾ ਤਾਂ ਖੁਦਕੁਸ਼ੀ ਦਾ ਇਰਾਦਾ।

ਖਾਨ ਕੁਝ ਤਾਂ ਕਰਨਾ ਈ ਪਊ...।

ਕਰੋੜੀ ਮੱਲ : ਨਾਂਹ ਕਰ ਨਾ ਫੇਰ।

ਖਾਨ : ਲਿਆ ਪਰਸ ਕੱਢ ਫਟਾਫਟ।

ਕਰੋੜੀ ਮੱਲ : ਉਹ ਕੀ ਕਰਨੈਂ?

ਖਾਨ : ਓ ਫੜਾ ਤਾਂ ਸਹੀ, ਦੇਖੀਏ ਸ਼ਾਇਦ... ਨੋਟ ਦੇਖ ਕੇ ਈ ਆ ਜਾਣ।

ਕਰੋੜੀ ਮੱਲ : ਓ ਰਤਾ ਧਿਆਨ ਨਾਲ। ਹੋਰ ਕਿਤੇ ਸੁੱਟ ਦੇਵੇਂ ਪਾਣੀ 'ਚ, ਰੋੜ੍ਹ ਦੇਵੇਂ।

ਖਾਨ : (ਦੂਰੋਂ) ਓਏ ਲਾਲਾ ਕਿਤੇ 'ਨੀ ਕੰਮ ਆਉਣੀ ਇਹ ਮਾਇਆ। ਆ ਜੋ... ਚ-ਚ ਆ-ਜਾ, ਆ-ਜਾ... ਉਏ ...ਉਏ (ਪਾਣੀ 'ਚ ਡਿੱਗਣ ਦੀ ਆਵਾਜ਼।)

ਕਰੋੜੀ ਮੱਲ : (ਦੂਰੋਂ ਕਰੋੜੀ ਹੱਸਦਾ ਹੈ। ਫੇਰ ਇੱਕਦਮ ਰੁਕ ਕੇ) ਕੰਬਦਾ ਹੋਇਆ ਨਿਕਲਦਾ ਹੈ।) ਬੇੜਾ ਗਰਕ... ਰੋੜ੍ਹਤੀ ਮੇਰੀ ਕਮਾਈ।

ਖਾਨ : ਓ ਲਾਲਾ ਬਚਾਈਂ ਉਏ। ਕਾਸੇ ਜੋਗਾ 'ਨੀ ਤੂੰ ਖਾਨ ਬਹਾਦੁਰ। ਕਾਸੇ ਜੋਗਾ ਨੀ ਨਿਕੰਮਿਆ।

ਕਿਸਾਨ : ਹੁਣ ਪਤਾ ਲੱਗਾ ਨਾ, ਸਾਰੀ ਉਮਰ ਹੱਥ ਨੀ ਹਿਲਾਇਆ ਕਦੇ। ਮਰੋ ਹੁਣ ਭੁੱਖੇ। ਤੂੰ ਤੇ ਨਿੱਕਲ ਏਥੋਂ।

ਕਰੋੜੀ ਮੱਲ : ਓ ਤੂੰ ਤੇ ਚੋਣ ਡਿਹਾਂ।

ਖਾਨ : (ਕੰਬਦਾ ਹੈ) ਲਾਲਾ ਅੱਗ ਬਾਲ ਭੋਰਾ ਕੁ... ਫਟਾਫਟ। ਪਤਾ ਨੀ ਕਿਵੇਂ ਰਹਿ ਲੈਂਦੀਆਂ ਇੰਨੇ ਠੰਡੇ ਪਾਣੀ 'ਚ।

ਕਰੋੜੀ ਮੱਲ : ਅੱਗ..., ਉਹ ਕਿਵੇਂ ਬਾਲੀ ਦੀ ਐ?
(ਖਾਨ ਦੇ ਕੰਬਣ ਦੀਆਂ ਅਵਾਜ਼ਾਂ ਹੋਰ ਤੇਜ਼ ਹੁੰਦੀਆਂ ਹਨ।)

ਕਰੋੜੀ ਮੱਲ : ਆਹ ਲੈ ਅਖ਼ਬਾਰ, ਲੈ ਲੈ ਉੱਪਰ... ਏਥੇ ਬਹਿਜਾ... ਏਧਰ। ਸੱਚੀਂ ਯਾਰ ਹੈ ਤਾਂ ਆਪਾਂ ਕੋਹੜੇ ਈ। (ਖਾਨ ਦੇ ਕਾਂਬੇ ਦੀਆਂ ਅਵਾਜ਼ਾਂ ਹੋਰ ਤੇਜ਼ ਹੁੰਦੀਆਂ ਹਨ।) ਐਨਾ ਤਾਂ ਮੈਨੂੰ ਪਤਾ... ਭਈ ਲੱਕੜਾਂ ਦੀ ਬਲਦੀ ਏ, ਪਰ ਕਿਵੇਂ? ਸਭ ਕੁਝ ਹੁੰਦਿਆਂ-ਸੁੰਦਿਆਂ ਆਪਾਂ ਮੂੰਹ 'ਚ 'ਨੀ ਪਾ ਸਕਦੇ। ਸਾਥੋਂ ਤਾਂ ਜਾਨਵਰ ਚੰਗੇ ਨੇ।

ਖਾਨ : (ਖਾਨ ਤਾਪ ਚੜ੍ਹਨ ਵਰਗੀਆਂ ਅਵਾਜ਼ਾਂ ਕੱਢਦਾ ਹੈ।) ਖ਼ਬਰਦਾਰ ਜੇ ਖਾਣ ਦੀ ਗੱਲ ਕੀਤੀ...।

ਕਰੋੜੀ ਮੱਲ : ਨਹੀਂ ਕਰਦਾ; ਤੂੰ ਵੀ ਖਾ ਕਸਮ।

ਖਾਨ : (ਟੁੱਟਕੇ ਪੈਂਦਾ ਹੈ) ਤੂੰ ਫੇ ਕੀਤੀ।

ਕਰੋੜੀ ਮੱਲ : ਐਂ ਨਾ ਕਰ, ...ਚੱਲ ਘੜੀ ਅੱਖ ਲਾ ਲੈ। ਸ਼ਾਇਦ ਮੁੜ ਸੁਫ਼ਨੇ 'ਚ ਈ ਗੱਲ ਬਣ ਜਾਏ। (ਉਵਾਸੀ)

ਖਾਨ : ਨੀਂਦ ਤਾਂ ਨੀ ਆਉਂਦੀ ਭੁੱਖਿਆਂ ਨੂੰ, ਮੌਤ ਭਾਵੇਂ ਆ ਜਾਏ।

(ਸੰਗੀਤ)

(ਘਰਾੜਿਆਂ ਦੀਆਂ ਅਵਾਜ਼ਾਂ)

ਖਾਨ : ਓ ਲਾਲਾ ਉੱਠ ਉਏ..., ਉੱਠ...।

ਕਰੋੜੀ ਮੱਲ : ਕੀ... ਕੀ ਹੋਇਆ? ਹੈਂ ਕੀ ਹੋਇਆ?

ਖਾਨ : ਮੈਨੂੰ ਡਰ ਲਗਦੈ 'ਕੱਲੇ ਨੂੰ। (ਜਾਨਵਰਾਂ ਦੀਆਂ ਅਵਾਜ਼ਾਂ।) ਦੇਖ ਕਿੱਦਾਂ ਦੀਆਂ 'ਵਾਜ਼ਾਂ ਆਉਂਦੀਆਂ।

ਕਰੋੜੀ ਮੱਲ : ਫਿਟੇ-ਮੂੰਹ ਤੇਰਾ। ਵੱਡਾ ਖਾਂ ਬਹਾਦੁਰ। ...ਸੁਫ਼ਨੇ 'ਚ ਵੀ ਢਿੱਡ ਨੀ ਭਰਨ ਦਿੰਦਾ।

ਖਾਨ : ਤੂੰ ਸੁਫ਼ਨਾ ਦੇਖਿਆ?

ਕਰੋੜੀ ਮੱਲ : ਬਹੁਤ ਈ ਸੋਹਣਾ ਸੁਫ਼ਨਾ।

ਖਾਨ : (ਉਤਸ਼ਾਹ ਨਾਲ) ਕੀ...?

ਕਰੋੜੀ ਮੱਲ : ਐਡਾ ਵੱਡਾ ਪੰਡਾਲ ਸਜਿਆ। ਦੂਰ ਤਕ ਸ਼ਾਮਿਆਨੇ। (ਸੁੰਘਦਾ) ਮਹਿਕਾਂ ਈ ਮਹਿਕਾਂ। ਕਿਤੇ ਤਿੱਤਰ ਭੁੱਜਣ ਡਹੇ, ਕਿਤੇ ਬਟੇਰ...।

ਖਾਨ : ਕਿਉਂ ਕਾਲਜਾ ਫੂਕਦਾਂ ਮੇਰਾ। ਮੈਂ ਤੇਰਾ... (ਦੰਦ ਕਰੀਚਦਾ ਹੈ।)

ਕਰੋੜੀ ਮੱਲ : ਤੇ ਕਿਤੇ ਬੱਤਖ਼ਾਂ ਐਂ (ਮੂੰਹ ਨਾਲ 'ਵਾਜਾਂ ਕਰਦਾ ਹੈ।) ਘੂੰ-ਘੂੰ..., ਚਰਖੜੀ 'ਤੇ ਘੁੰਮਦੀਆਂ... (ਮੂੰਹ 'ਚ ਪਾਣੀ ਆਉਂਦਾ ਹੈ।) ਤੇ ਹੇਠਾਂ... ਮੱਠੀ-ਮੱਠੀ ਅੱਗ, (ਜੋਸ਼ ਵਧਦਾ ਜਾਂਦਾ ਹੈ।) ਖੀਰੇ, ਆਚਾਰ, ਸਲਾਦ...।

ਖਾਨ : (ਬੇਬਸ ਜਿਹਾ) ਮੈਂ ਤੇਰਾ ਕਤਲ ਕਰ ਦਿਆਂਗਾ।

ਕਰੋੜੀ ਮੱਲ : ਮੂੰਹ 'ਚ ਪਾਉਣ ਈ ਲੱਗਾ ਸੀ ਉੱਤੋਂ ਤੂੰ ਰੌਲ਼ਾ ਪਾ ਤਾ...।

(ਖਾਨ ਬਘਿਆੜਾਂ ਵਾਂਗ ਗੁਰਾਂਦਾ ਹੈ।)

ਕਰੋੜੀ ਮੱਲ : ਤੈਨੂੰ ਕੀ ਹੋਇਆ ਬਾਈ। ਤੇਰੀਆਂ ਅੱਖਾਂ 'ਚੋਂ ਤਾਂ ਖ਼ੂਨ ਚੋਅ ਰਿਹੈ।

ਖਾਨ : (ਬਘਿਆੜ ਵਾਂਗ ਚਿੰਘਾੜ ਮਾਰਦਾ ਹੈ।) ਮੈਂ... ਕਰਾੜਾ ਤੇਰੀਆਂ ਬੋਟੀਆਂ ਕਰ ਛੱਡਾਂਗਾ।

ਕਰੋੜੀ ਮੱਲ : ਭੱਜੋ ਓਏ। ਲੱਗਦਾ ਭੁੱਖ ਚੜ੍ਹ ਗਈ ਇਹਦੇ ਸਿਰ ਨੂੰ। ਓਏ ਪਰ੍ਹਾਂ

[illegible] ਪਰ੍ਹਾਂ... (ਉਸਦੀ ਅਵਾਜ਼ ਵੀ ਬਦਲ ਜਾਂਦੀ ਹੈ।) ਇਹ ਮੈਨੂੰ ਕੀ ਹੋ ਰਿਹੈ! (ਘਬਰਾਹਟ) ਮੇਰੀ ਅਵਾਜ਼..., ਮੈਂ [illegible]

ਖਾਨ : ਆਦਮ ਬੋ... (ਦਹਾੜਦਾ ਹੈ।), ਅੱਜ ਤਾਂ ਤੇਰਾ ਕੀਮਾ...।

ਕਰੋੜੀ ਮੱਲ : ਓਏ ਹਜ਼ਾਰਿਆ... (ਹੁਆਂਗਦਾ ਹੈ), ਐਵੇਂ ਦਾਲ-ਪੀਣਾ ਬਾਣੀਆ ਨਾ ਸਮਝ ਲਈਂ। (ਪੁਰਾਣੀ ਅਵਾਜ਼ 'ਚ) ਇਹ ਤੈਨੂੰ ਕੀ ਹੋ ਰਿਹਾ ਲਾਲਾ... ਤੂੰ ਬਿਜ਼ਨਸਮੈਨ ਆਦਮੀ ਏਂ।

ਖਾਨ : ਤੇਰੀ ਤਾਂ ਢਿੱਡਲ ਦੀ...।

ਕਰੋੜੀ ਮੱਲ : ਆ ਜਾ ਫੇਰ... ਵਿਖਾਉਨਾਂ ਤੈਨੂੰ...।

(ਦੋਹੇਂ ਇੱਕ ਦੂਜੇ 'ਤੇ ਝਪਟਦੇ ਹਨ। ਚੀਖ਼ਦੇ ਚੰਘਾੜਦੇ ਹਨ।)

ਖਾਨ : ਓ ਖਾਂ ਬਹਾਦਰ... ਸੰਭਲ ਭਈ... ਤੂੰ ਕਾਰੋਬਾਰੀ ਆਦਮੀ ਏ...। (ਕਰੋੜੀ ਦੀ ਚਿੰਘਾੜ। ਦੋਹੇਂ ਚਿੰਘਾੜਦੇ ਹਨ ਤੇ ਫੇਰ ਸਾਹੋ-ਸਾਹੀ ਹੋ ਕੇ ਡਿੱਗ ਜਾਂਦੇ ਹਨ।)

ਕਰੋੜੀ ਮੱਲ : ਹੇ ਰਾਮ! ਬੰਸੀ ਵਾਲਿਆ... ਮੇਰੇ ਹੱਥਾਂ 'ਤੇ ਖ਼ੂਨ। (ਮੂੰਹ 'ਚ ਪਾਣੀ) ਇਹ ਮੈਨੂੰ ਕੀ ਹੋ ਰਿਹੈ, ਉਂਗਲਾਂ ਚੱਟਣ ਨੂੰ ਮਨ ਕਰਦੈ। ਨਹੀਂ... 'ਨੀ .. 'ਨੀ... ਲੈ ਫੜ੍ਹ ਫੇ... (ਚਟਖਾਰੇ ਲੈ ਕੇ।) ਚੱਟ ਲੈ... ਮਰ।

ਖਾਨ : ਓ ਲਾਲਾ ਤੂੰ ਠੀਕ ਤਾਂ ਹੈਂ। ਸ਼ੁਕਰ ਐ। (ਡਰਿਆ) ਮੈਨੂੰ ਲੱਗਾ ਮੈਂ ਸੱਚਿਓਂ ਤੈਨੂੰ ਖਾ ਜਾਣੈ।

ਕਰੋੜੀ ਮੱਲ : (ਸਹਿਮਿਆ) ਹਾਂ, ਮੈਨੂੰ ਵੀ।

ਖਾਨ : (ਹੱਸਦਾ) ਲਗਦੈ ਵਰ੍ਹਿਆਂ ਦੀ ਹਸਰਤ ਨਿਕਲ ਗਈ ਤੇਰੀ ਤਾਂ।

ਕਰੋੜੀ ਮੱਲ : ਮੂੰਹ ਪੂੰਝ ਲੈ। ਲਹੂ ਲੱਗਾ ਬੁੱਲਾਂ 'ਤੇ।

ਖਾਨ : ਓ ਤਾਂ... (ਵਾਕ ਅਧੂਰਾ ਛੱਡ ਕੇ।) ਮੇਰੇ ਵੀ...? (ਕਾਹਲੀ-ਕਾਹਲੀ ਪੂੰਝਦਾ ਹੈ) ਓ ਪਰਵਰਦਿਗਾਰ ਮੈਂ...।

ਕਰੋੜੀ ਮੱਲ : ਮਜ਼ਾਕ 'ਨੀ ਬਾਈ ਜੇ ਹਾਲ ਇਹੋ ਰਿਹਾ ਤਾਂ ਅਸੀਂ ਸੱਚਿਓਂ ਇੱਕ ਦੂਜੇ ਨੂੰ ਦੰਦੀਆਂ ਵੱਢਣ ਲੱਗ ਜਾਣਾ।

ਖਾਨ : ਬੜਾ ਕੋਝਾ ਮਜ਼ਾਕ ਕੀਤਾ ਏ ਕਿਸੇ ਨੇ ਸਾਡੇ ਨਾਲ। ਅਸੀਂ ਤਾਂ

ਵਹੀ ਖਾਤੇ ਵਾਲੇ ਬੰਦੇ ਆਂ, ਦੁਕਾਨਦਾਰ। ਇਹ ਖ਼ੂਨ ਖਰਾਬਾ ਤਾਂ (ਗੁੱਸੇ 'ਚ) ਭੁੱਖੜਾਂ ਦਾ ਕੰਮ ਏ।

ਕਰੋੜੀ ਮੱਲ : (ਦਹਾੜਦਾ ਹੈ) ਭੁੱਖ ਦੀ ਗੱਲ ਨਾ ਕਰ।

ਖਾਨ : (ਹੋਰ ਉੱਚੀ) ਫੇਰ ਕੀ ਕਰਾਂ?

ਕਰੋੜੀ ਮੱਲ : ਮੂੰਹ ਬੰਦ ਰੱਖ। (ਤਰਸ ਭਰੀ ਅਵਾਜ਼ 'ਚ।) ਜੀਭ ਹਿਲਾਉਣ ਨਾਲ ਪਾਣੀ ਆਉਂਦੈ ਮੂੰਹ 'ਚ।

(ਥੋੜ੍ਹੀ ਦੇਰ ਦੋਹੇਂ ਚੁੱਪ ਰਹਿੰਦੇ ਹਨ। ਸਿਰਫ਼ ਤੇਜ਼-ਤੇਜ਼ ਸਾਹਾਂ ਦੀ ਅਵਾਜ਼ ਆਉਂਦੀ ਹੈ।)

ਖਾਨ : ਮੇਰਾ ਗਲ਼ਾ ਸੁੱਕ ਰਿਹੈ। ਤੇਰਾ ਤਾਂ ਲਹੂ ਵੀ ਫਿੱਕਾ ਏ ਕਰਾੜਾ... (ਥੁੱਕਦਾ ਹੈ।)

ਕਰੋੜੀ ਮੱਲ : (ਫਿੱਕਾ ਜਿਹਾ ਹੱਸਦਾ ਹੈ) ਉਹਨਾਂ ਬਾਰੇ ਸੋਚ ਹਜ਼ਾਰਿਆ ਜਿਨ੍ਹਾਂ ਦੀ ਸਾਰੀ ਜ਼ਿੰਦਗੀ ਐਂ ਈ ਭੁੱਖ ਨਾਲ ਘੁਲਦਿਆਂ ਨਿਕਲ ਜਾਂਦੀ ਐ।

ਖਾਨ : (ਗੁੱਸੇ ਨਾਲ) ਇਹ ਫ਼ਲਸਫ਼ਾ ਬੰਦ ਕਰ। ਉਹਨਾਂ ਦੇ ਈ 'ਗੂਠੇ ਲਵਾ-ਲਵਾ ਢਿੱਡਲ ਹੋਇਆਂ... ਨਾਲੇ ਭਰੀਆਂ ਤਿਜੋਰੀਆਂ ...ਤੂੰ ਵੀ।

ਕਰੋੜੀ ਮੱਲ : ਗੁੱਸਾ ਥੁੱਕ ਦੇ ਭਰਾ। ਸਮਾਂ ਸੁਲ੍ਹਾ-ਸਫ਼ਾਈ ਦਾ ਐ। ਨਹੀਂ ਤੇ ਸਾਡਾ ਡੁੱਲਿਆ ਖ਼ੂਨ ਦੇਖਣ ਵਾਲਾ ਵੀ ਕੋਈ ਨੀ ਹੋਣਾ ਏਥੇ।

(ਚੁੱਪ)

ਖਾਨ : ਹੁਣ ਕੀ ਸੋਚ ਰਿਹੈਂ...

ਕਰੋੜੀ ਮੱਲ : ਇਹੋ ਕਿ ਸਾਡੇ ਇੰਨੇ ਗੋਦਾਮ ਭਰੇ ਅਨਾਜ ਦੇ, ਮੂੰਹ 'ਚ ਕਿਸੇ ਦੇ ਪੈਂਦੇ ਨੀ, ਕੀ ਫਾਇਦਾ ਉਨ੍ਹਾਂ ਦਾ?

ਖਾਨ : ਉਰਾਂ ਆ..., ਮੱਥਾ ਚੈਕ ਕਰਾ ਰਤਾ... ਤਾਪ ਤਾਂ ਨਹੀਂ.. ਭੁੱਖ ਤੇਰੇ ਸਿਰ ਨੂੰ ਚੜ੍ਹ ਗਈ ਲਾਲਾ... ਉਸੇ 'ਚੋਂ ਨਿਕਲਦਾ ਇਹ ਸਾਰਾ ਫ਼ਲਸਫ਼ਾ। ਮੈਨੂੰ ਤਾਂ ਬੱਸ ਤਿੱਤਰ ਦਿਖਦੇ..., ਵੇਖ ਤਾਂ ਸਹੀ ਕਿਵੇਂ ਉਡਾਰੀਆਂ ਮਾਰਦੇ ਤੇ ਉਹ ਜੰਗਲੀ ਮੁਰਗਾਬੀਆਂ...।

ਕਰੋੜੀ ਮੱਲ: ਦਰਖ਼ਤ ਲੱਦੇ ਪਏ ਨੇ ਫਲਾਂ ਨਾਲ।

ਖਾਨ : ਕੀ ਫ਼ਾਇਦਾ ਇਨ੍ਹਾਂ ਦਾ? ਸਾਡੇ ਢਿੱਡ ਤਾਂ ਖ਼ਾਲੀ ਨੇ।

ਕਰੋੜੀ ਮੱਲ : ਇਹੋ ਤਾਂ ਮੈਂ ਕਹਿਨਾਂ, ਸਾਡੇ ਗੋਦਾਮ...

ਖਾਨ : ਬੰਦ ਕਰ, ਬੰਦ ਕਰ ਇਹ ਫ਼ਲਸਫ਼ਾ... ਨਹੀਂ ਤੇ ਮੈਂ (ਖ਼ੁਦ 'ਤੇ ਕਾਬੂ ਕਰਦੇ ਹੋਏ।) ਹੰ-ਹੰ...।

ਕਰੋੜੀ ਮੱਲ : (ਸ਼ਾਂਤ ਸੁਰ 'ਚ) ਇਹ ਗੱਲ ਕਦੇ ਗੱਦੀ 'ਤੇ ਬੈਠਿਆਂ ਸਮਝ ਆ ਸਕਦੀ ਸੀ ਸਾਨੂੰ? ਜ਼ਰੂਰ ਕੋਈ ਰਾਜ਼ ਐ ਇਹਦੇ 'ਚ, ਭੁੱਖ ਬੰਦੇ ਨੂੰ ਫ਼ਿਲਾਸਫ਼ਰ ਬਣਾ ਦਿੰਦੀ...।

ਖਾਨ : ਪਰ ਫ਼ਲਸਫ਼ਾ ਭੁੱਖ ਦਾ ਜਵਾਬ ਨਹੀਂ। (ਕਲ਼ਪਦਾ ਹੈ।) ਸਾਰੀ ਉਮਰ ਮੈਂ ਐਂ ਈ ਸਮਝਦਾ ਰਿਹਾ ਕਿ ਖਾਣਾ ਉਸੇ ਸ਼ਕਲ 'ਚ ਉੱਗਦੈ... ਉਸੇ ਤਰ੍ਹਾਂ ਪੈਦਾ ਹੁੰਦੈ ਜਿਵੇਂ ਸਾਡੇ ਸਾਹਮਣੇ ਆਉਂਦਾ, ਪਲੇਟ 'ਚ ਪਾਓ ਤੇ ਖਾ ਲਓ। ਕਦੇ ਜ਼ਿਆਦਾ ਹੋ ਜਾਏ ਤਾਂ... ਹਾਜ਼ਮੋਲਾ... ਪਚਨੋਲ।

ਕਰੋੜੀ ਮੱਲ : ਕੀਹਨੂੰ ਪਤਾ ਸੀ ਢਿੱਡ ਭਰਨਾ ਵੀ ਐਨਾ ਔਖਾ ਕੰਮ ਐ?

ਖਾਨ : ਏਥੇ ...ਕਿਸੇ ਬਟੇਰ ਦੇ ਮਗਰ ਭੱਜੋ..., ਸ਼ੈ-ਸ਼ੈ..., ਠੇਡੇ ਖਾਓ। ਹੱਥ ਆ ਵੀ ਜਾਏ ਤਾਂ ਫੇਰ ਛੁਰੀ ਲੱਭੋ, ਕੱਟੋ, ਸਾਫ਼ ਕਰੋ, ਤੇ ਫੇਰ ਬਾਲਣ 'ਕੱਠਾ ਕਰੋ ਭੁੰਨੋ... (ਸਾਹ ਚੜ੍ਹ ਜਾਂਦਾ ਹੈ।)

ਕਰੋੜੀ ਮੱਲ : ਐਨਾ ਕੁਝ ਕਰਕੇ ਖਾਣ ਨਾਲੋਂ ਤਾਂ ਭੁੱਖਾ ਈ ਮਰ ਜਾਏ...।

ਖਾਨ : ਤੇਰੇ ਮੂੰਹ 'ਚ ਘਿਓ-ਸ਼ੱਕਰ। ਪੂਰੀ ਹੋ ਜਾਣੀਂ ਇਹ ਰੀਝ ਵੀ।

ਕਰੋੜੀ ਮੱਲ : (ਮੂੰਹ 'ਚ ਪਾਣੀ ਭਰਕੇ ਪੂਰੀ ਰੀਝ ਨਾਲ।) ਘਿਓ-ਸ਼ੱਕਰ।

(ਚੁੱਪ)

ਕਰੋੜੀ ਮੱਲ : ਕੋਈ ਗੱਲ ਕਰ। ਟਾਇਮ ਪਾਸ 'ਨੀ ਹੁੰਦਾ।

ਖਾਨ : ਭੁੱਖ ਨਾਲ ਮਰੋੜ ਪੈਣ ਡਹੇ ਆ, ਗੱਲ ਕੀ ਕਰਾਂ।

ਕਰੋੜੀ ਮੱਲ : ਸੋਚ..., ਇਹ ਸੂਰਜ ਹਮੇਸ਼ਾਂ ਪਹਿਲੋਂ ਨਿਕਲਦਾ ਤੇ ਫੇਰ ਡੁੱਬ ਜਾਂਦੈ। ਉੱਲਟਾ ਕਿਉਂ 'ਨੀ?

ਖਾਨ : ਤੇਰਾ ਦਿਮਾਗ਼ ਘੁੰਮ ਗਿਆ। ਪਹਿਲਾਂ ਬੰਦਾ ਉੱਠਦਾ ਫੇਰ ਹੱਟੀ ਜਾਂਦੈ...

ਕਰੋੜੀ ਮੱਲ : ਆਹੋ, ਪਰ ਉੱਲਟਾ ਕਿਉਂ ਨਹੀਂ? ਇੰਜ ਕਿਉਂ ਨਹੀਂ ਕੀ ਪਹਿਲਾਂ

ਮੈਂ ਨੀਂਦ ਦੇ ਝੂਟੇ ਲਵਾਂ ਸੁਫ਼ਨੇ ਵੇਖਾਂ ਤੇ ਫੇਰ...

ਖਾਨ : (ਖਿੱਝਕੇ) ਪਰ ਹਮੇਸ਼ਾਂ ਤੋਂ ਏਦਾਂ ਹੁੰਦੈ। ਪਹਿਲਾਂ ਅਸੀਂ ਉੱਠਦੇ ਆਂ, ਕੰਮ ਕਾਰ ਕਰਦੇ ਆਂ ਤੇ ਫੇਰ... ਖਾਣਾ... ਖਾਂਦੇ ਹਾਂ।

ਕਰੋੜੀ ਮੱਲ : ਖਾਣਾ... ਖਾਣਾ... ਖਾਣਾ। (ਟੁੱਟਕੇ ਪੈਂਦਾ ਹੈ) ਖਾਣੇ ਦੀ ਗੱਲ 'ਨੀ ਕਰਨੀਂ।

ਖਾਨ : (ਗੁੱਸੇ 'ਚ) ਆਪੇ ਤਾਂ ਕਿਹਾ ਸੀ ਕੋਈ ਗੱਲ ਕਰ।

ਕਰੋੜੀ ਮੱਲ : ਖਾਣੇ ਤੋਂ ਇਲਾਵਾ ਤੈਨੂੰ ਕੋਈ ਗੱਲ 'ਨੀ ਆਉਂਦੀ।

ਖਾਨ : (ਹਿਰਖ ਕੇ) ਹਾਂ, ਨਹੀਂ ਆਉਂਦੀ।

ਕਰੋੜੀ ਮੱਲ : ਚੁੱਪ ਰਹਿ ਫੇਰ। ਮੂੰਹ ਬੰਦ ਰੱਖ। ਖਾਣਾ.. ਖਾਣਾ... ਖਾਣਾ।

ਖਾਨ : (ਚੀਕ਼ਕੇ ਖਾਣ ਨੂੰ ਪੈਂਦਾ ਹੈ।) ਮੂੰਹ ਬੰਦ ਰੱਖ।

(ਸੰਗੀਤ)

ਕਰੋੜੀ ਮੱਲ : ਹਜ਼ਾਰਿਆ।

ਖਾਨ : ਹੂੰ।

ਕਰੋੜੀ ਮੱਲ : ਮੇਰੇ ਤਾਂ ਜੁਆਕ ਵੀ ਹਾਲੇ ਨਿਆਣੇ ਆ। ਉਹਨਾਂ ਨੂੰ ਤਾਂ ਇਹ ਵੀ 'ਨੀ ਪਤਾ ਕਿ ਕਿਹੜੀ ਸਾਮੀ ਤੋਂ ਕੀ ਲੈਣਾ ਕੀ ਦੇਣਾ?

ਖਾਨ : ਦਿਲ ਹੌਲ਼ਾ ਨਾ ਕਰ ਲਾਲਾ। ਮੈਂ ਕਿਤੇ ਸੁਣਿਆ ਸੀ, ਬੰਦੇ ਅੰਦਰ ਬੜੇ ਰਸ ਹੁੰਦੇ... ਕਈ ਤਰ੍ਹਾਂ ਦੇ। ਬਿਨਾਂ ਕੁਝ ਖਾਧਿਆਂ ਵੀ ਉਹ ਕਈ ਦਿਨ ਜਿਉਂਦਾ ਰਹਿ ਸਕਦਾ।

ਕਰੋੜੀ ਮੱਲ : ਤੇਰਾ ਮਤਲਬ ਆਪਣੇ ਅੰਦਰ ਵੀ...?

ਖਾਨ : ਹਾਂ ਹਾਂ। ਮੈਨੂੰ ਹਕੀਮ ਹੋਰਾਂ ਨੇ ਦੱਸਿਆ ਸੀ, ਵਈ 'ਕੱਠੇ ਹੋਏ ਰਸ ...ਹੋਰ ਰਸ ਪੈਦਾ ਕਰਦੇ ਤੇ ਐਂ ਚੱਕਰ ਚਲਦਾ ਰਹਿੰਦਾ, (ਉਦਾਸ ਹੋ ਕੇ।) ਜਦੋਂ ਤਾਈਂ...।

ਕਰੋੜੀ ਮੱਲ : ਜਦੋਂ ਤਾਈਂ..., ਕੀ?

ਖਾਨ : (ਹਾਉਕਾ ਲੈ ਕੇ।) ਜਦੋਂ ਤਾਈਂ... ਰਸ ਪੂਰੀ ਤਰ੍ਹਾਂ ਮੁੱਕ ਨਾ ਜਾਣ।

ਕਰੋੜੀ : ਤੇ ਫੇਰ?

ਖਾਨ : (ਛਿੱਥਾ ਪੈਂਦੇ ਹੋਏ।) ਫੇਰ ਤਾਂ ਕੁਝ ਖਾਣਾ ਈ ਪੈਂਦਾ ਐ।

ਕਰੋੜੀ ਮੱਲ : ਗੱਲ ਤਾਂ ਫੇਰ ਓੱਥੇ ਈ ਖੜ੍ਹੀ ਐ। (ਪੰਛੀਆਂ ਦੀਆਂ ਅਵਾਜ਼ਾਂ।)

ਖਾਨ : ਖਾਣਾ ਤਾਂ ਉੱਡਿਆ ਫਿਰਦਾ, ਲਟਕਦਾ ਸਾਹਮਣੇ, ਮੂੰਹ 'ਚ ਕਿਵੇਂ ਆਵੇ?

ਕਰੋੜੀ ਮੱਲ : ਕੋਈ ਹੋਰ ਗੱਲ ਕਰ।

ਖਾਨ : ਕੀ?

ਕਰੋੜੀ ਮੱਲ : ਚੱਲ ਅਖ਼ਬਾਰ ਕੱਢ।

ਖਾਨ : ਪਿਛਲੇ ਸਾਲ ਦੀ ਏ...

ਕਰੋੜੀ : (ਖਿੱਝਕੇ) ਫੇਰ ਕੀ ਹੋਇਆ ਖ਼ਬਰਾਂ ਤਾਂ ਉਹੀ ਹੁੰਦੀਆਂ (ਬੜਬੜਾਂਦੇ ਹੋਏ।) ਤਰੀਕਾਂ ਈ ਬਦਲਦੀਆਂ, ਬਸ ਤੂੰ ਫੜਾ ਉਰੇ।

ਖਾਨ : ਕਿੱਥੇ ਰੱਖ ਬੈਠਾਂ...। ਇਹ ਫੜ੍ਹ।

(ਅਖ਼ਬਾਰ ਖੋਲ੍ਹਦੇ ਹਨ।)

ਕਰੋੜੀ ਮੱਲ : ਇਹ ਤਾਂ ਉਰਦੂ ਐ। ਲੈ... ਚਲ ਤੂੰ ਪੜ੍ਹ।

ਖਾਨ : ਕਿਥੋਂ ਸ਼ੁਰੂ ਕਰਾਂ? ਹਾਂ, ਚੱਲ ਇਹ ਠੀਕ ਏ। ਫੋਟੋ ਵੀ ਹੈ।

ਕਰੋੜੀ ਮੱਲ : ਫੋਟੋ..., ਵਿਖਾ ਤਾਂ... (ਖੋਂਹਦਾ ਹੈ।) ਇਹ ਤਾਂ ਕਿਸੇ ਪਾਰਟੀ ਦੀ ਤਸਵੀਰ ਏ, (ਖਿੱਝਕੇ) ਖਾਣੇ ਦੀਆਂ ਮੇਜ਼ਾਂ... ਫੇਰ ਉਹੀ...?

ਖਾਨ : (ਅਖ਼ਬਾਰ ਖੋਹ ਲੈਂਦਾ) ਫੋਟੋ ਰਹਿਣ ਦੇ ਨਾ। ਲਿਆ ਖ਼ਬਰ ਪੜ੍ਹਦਾਂ...। "ਮਾਣਯੋਗ ਰਾਜਪਾਲ ਨੇ ਕੱਲ੍ਹ ਰਾਤ ਇੱਕ ਸ਼ਾਨਦਾਰ... (ਰੁੱਕ ਜਾਂਦਾ।)

ਕਰੋੜੀ ਮੱਲ : ਕੀ ਹੋਇਆ?

ਖਾਨ : (ਹਾਸਾ ਰੋਕਦੇ ਹੋਏ) ਫੂੰਹ..., ਦਾਵਤ ਦਿੱਤੀ...।

ਕਰੋੜੀ ਮੱਲ : ਕੁਝ ਹੋਰ 'ਨੀ ਲੱਭਾ ਸਾਰੇ ਅਖ਼ਬਾਰ 'ਚ। ਫੜਾ ਉਰੇ, ਲੈ... ਏਥੋਂ ਪੜ੍ਹ।

ਖਾਨ : ਹੂੰ... ਠੀਕ ਏ। ਲੰਮੇ ਅਰਸੇ ਬਾਅਦ ਬਿਆਸ ਨਦੀ ਵਿੱਚੋਂ ਸਟਰਜਨ ਮੱਛੀ... ਦੇ ਫੜ੍ਹੇ ਜਾਣ ਦੀ ਖ਼ਬਰ ਹੈ। ਅੱਗੇ ਦੇਖਦਾਂ..., ਪਿਛਲੇ ਪਾਸੇ, ਹਾਂ, ਲਾਇਨਜ਼ ਕਲੱਬ ਨੇ ਆਪਣੇ ਸਲਾਨਾ ਪ੍ਰੋਗਰਾਮ ਦੇ ਮੌਕੇ 'ਤੇ ਵੱਡਾ ਸਮਾਰੋਹ ਕੀਤਾ ਤੇ ਇੱਕ ਬਹੁਤ ਵੱਡੀ ਤਸ਼ਤਰੀ ਵਿੱਚ ਸਟਰਜਨ ਦੀ ਨੁਮਾਇਸ਼ ਕੀਤੀ। ਉਸਦੇ ਚਾਰੇ

ਪਾਸੇ... ਸਬਜ਼ੀ... ਸਲਾਦ ਤੇ ਮੂੰਹ 'ਚ (ਸਿਰ ਖੁਰਕਦਾ।) ਪਨੀਰ ਦਾ ਟੁਕੜਾ (ਰੋਣਹਾਕਾ ਹੋ ਜਾਂਦਾ ਹੈ।)

ਕਰੋੜੀ ਮੱਲ : (ਅਖ਼ਬਾਰ ਖੋਹਦਾ ਹੈ) ਤੂੰ ਰਹਿਣ ਦੇ, ਇੱਥੇ ਵੀ ਕੋਈ ਸਾਜਿਸ਼ ਐ।

ਖਾਨ : (ਮੂੰਹ 'ਚ ਪਾਣੀ।) ਮੈਂ ਪੜ੍ਹਾਂਗਾ, ਹਰ ਆਦਮੀ ਨੂੰ ਮੱਛੀ... ਦਾ ...ਇੱਕ-ਇੱਕ ਟੁਕੜਾ।

ਕਰੋੜੀ ਮੱਲ : ਮੈਂ ਤੇਰੇ ਟੁਕੜੇ ਕਰ ਦਿਆਂਗਾ, ਬੰਦ ਕਰ ਬਕਵਾਸ। (ਖੋਂਹਦਾ ਹੈ।)

ਖਾਨ : ਲੈ ਤੂੰ ਪੜ੍ਹ, ਏਥੋਂ ਲੈ, ਇਹ ਪੰਜਾਬੀ 'ਚ ਐ।

ਕਰੋੜੀ ਮੱਲ : ਹੂੰ, ਪਟਿਆਲਾ ਰਾਜ ਘਰਾਨੇ ਦੇ ਪੁਰਾਣੇ ਸ਼ਾਹੀ... ਬਾਵਰਚੀ (ਖਿੱਝਕੇ) ਨੇ ...ਗੋਭੀ ਦਾ ਸ਼ੋਰਬਾ...; ਇਹ ਤਾਂ ਢਾਬੇ ਦੀ ਐਡ ਏ।

ਖਾਨ : ਏਥੋਂ ਪੜ੍ਹ ਨਾ, ਏਹ ਭੋਗ ਦੀ ਖ਼ਬਰ ਏ... ਗੁਰਮੁਖੀ 'ਚ।

ਕਰੋੜੀ ਮੱਲ : ਅਫ਼ਸੋਸ ਨਾਲ ਸੂਚਨਾ ਦਿੱਤੀ ਜਾਂਦੀ ਹੈ ਕਿ ਸਰਦਾਰ ਸੁਰਜਨ ਸਿੰਘ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ ਨੇ। ਭੋਗ ਦਿਨ ਐਤਵਾਰ... ਮਿਤੀ... (ਹਾਉਕਾ।) ਤੇ ਲੰਗਰ ਅਟੁੱਟ ਵਰਤੇਗਾ... ਸੰਗਤਾਂ ਨੂੰ ਬੇਨਤੀ ਹੈ ਕਿ ਪਰਸ਼ਾਦਾ...।

(ਅਖ਼ਬਾਰ ਪਾੜਦਾ ਹੈ।)

ਖਾਨ : ਸਤਿਆਨਾਸ। ਇਹਦੇ 'ਤੇ ਤੂੰ ਕਿਉਂ ਗੁੱਸਾ ਕੱਢਦਾ ਐਂ। ਫੜਾ ਉਰੇ। ਸਾਡਾ ਆਪਣਾ ਈ ਦਿਮਾਗ਼ ਸਾਜਿਸ਼ ਕਰ ਰਿਹਾ ਸਾਡੇ ਨਾਲ। ਹਰ ਗੱਲ ਖਾਣ 'ਤੇ ਆ ਕੇ ਮੁੱਕਦੀ।

ਕਰੋੜੀ ਮੱਲ : ਚੁੱਪ। ਖਾਣੇ ਦਾ ਨਾਂ 'ਨੀ ਲੈਣਾ ਮੂੰਹੋਂ। ਖ਼ਬਰਦਾਰ।

(ਚੁੱਪ)

ਖਾਨ : ਮੈਨੂੰ ਤਾਂ ਹਰ ਸ਼ੈਅ 'ਚੋਂ ਭੁੰਨੇ ਕਬਾਬ ਦੀ ਖੁਸ਼ਬੋ ਆਉਂਦੀ।

ਕਰੋੜੀ ਮੱਲ : ਤੂੰ ਫੇਰ... ਮੂੰਹ ਖੋਲ੍ਹਿਆ?

ਖਾਨ : ਠੀਕ ਐ।

(ਦੋਹੇਂ ਥੋੜ੍ਹੀ ਦੇਰ ਚੁੱਪ ਰਹਿੰਦੇ ਹਨ। ਹੌਕਿਆਂ ਦੀਆਂ ਅਵਾਜ਼ਾਂ।)

ਕਰੋੜੀ ਮੱਲ : (ਸੋਚਦੇ ਹੋਏ) ਖਾਨ...

ਖਾਨ : ਹੁਣ ਤੂੰ ਖਾਣ ਦੀ ਗੱਲ ਕੀਤੀ।

ਕਰੋੜੀ ਮੱਲ : ਓ ਮੈਂ ਤੈਨੂੰ ਬੁਲਾ ਰਿਹਾਂ। (ਜੋਸ਼ ਨਾਲ।) ਸੁਣ ਗੱਲ ਬਣਜੂ, ਜੇ ਕਿਧਰੇ ਕੋਈ ਕਿਸਾਨ ਹੱਥ ਚੜ੍ਹ ਜਾਏ। ਸੋਚ...

ਖਾਨ : ਹੂੰ, ਕਿਸਾਨ ਨੇ ਏਥੇ ਕੀ ਲੈਣ ਆਉਣਾ ਭਲਾ। (ਸੋਚਦੇ ਹੋਏ।) ਉਂਝ ਆ ਤਾਂ ਸਕਦੇ ਆ, ਤੇਰੇ ਵਰਗਿਆਂ ਦੇ ਸਤਾਏ।

ਕਰੋੜੀ ਮੱਲ : (ਅਣਸੁਣੀ ਕਰਦੇ ਹੋਏ।) ਓਏ ਬਹੁਤ ਆਉਣ ਡਹੇ ਅੱਜਕਲ..., ਬੈਂਕਾਂ ਵਾਲਿਆਂ ਨੇ ਵੀ ਚੰਗਾ ਪਟਾ ਚਾੜਿਆ...।

ਖਾਨ : (ਕਰੋੜੀ ਬੋਲਣ ਲੱਗਦਾ ਹੈ ਤਾਂ ਵਿੱਚੋਂ ਹੀ ਕੱਟ ਦਿੰਦਾ ਹੈ।) ਤੂੰ ਵਿੱਚਲੀ ਗੱਲ ਸਮਝਾ, ਕੰਮ ਦੀ..., ਕਿਸਾਨ... ਕੀ ਕਰੇਂਗਾ ਉਹਦਾ?

ਕਰੋੜੀ ਮੱਲ : ਤੂੰ ਕੰਨ ਕਰ ਉਰੇ, ਖੌਰੇ ਇਨ੍ਹਾਂ ਦਰਖ਼ਤਾਂ ਦੇ ਵੀ ਕੰਨ ਹੋਣ।

(ਸੰਗੀਤ)

ਖਾਨ : ਹੂੰ..., ਗੱਲ 'ਚ ਤਾਂ ਤੇਰੇ ਵਜ਼ਨ ਐ।

ਕਰੋੜੀ ਮੱਲ : ਹਾਂ; ਰਾਮ-ਬਾਣ ਐ ਉਹ, ਸਭ ਮੁਸੀਬਤਾਂ ਦਾ ਹੱਲ। ਪਰ ਮਿਲੂਗਾ ਕਿੱਥੋਂ?

ਖਾਨ : ਲੱਭਿਆਂ ਤਾਂ ਖ਼ੁਦਾ ਵੀ ਮਿਲ ਜਾਂਦਾ। ਤੂੰ ਚੱਲ, ਪਿੱਛੇ ਆ ਜਾਹ।

ਕਰੋੜੀ ਮੱਲ : (ਮਗਰ ਦੌੜਦਾ ਹੈ।) ਬਾਈ..., ਮੈਨੂੰ ਛੱਡਕੇ ਨਾ ਜਾਈਂ।

ਖਾਨ : ਕਿੱਧਰ ਜਾਏਗਾ ਬਚਕੇ।

ਕਰੋੜੀ ਮੱਲ : ਏਥੇ ਈ ਕਿਤੇ ਲੁਕਿਆ ਬੈਠਾ ਹੋਣੈ... ਕੰਮਚੋਰ। ਹੱਥ ਫੜ ਮੇਰਾ।

(ਸੰਗੀਤ)

(ਕਿਸਾਨ ਗਾਉਂਦਾ ਹੈ।)

ਕਿਸਾਨ : ਇਸ਼ਕ ਦੀ ਨਵੀ ਓਂ ਨਵੀ ਬਹਾਰ, ਇਸ਼ਕ ਦੀ ਨਵੀ ਓਂ ਨਵੀ ਬਹਾਰ; ਨਾ ਬੈਂਕਾਂ ਦੇ ਰੌਲ਼ੇ ਝਗੜੇ ਨਾ ਕੋਈ ਦੀਂਹਦਾ ਸ਼ਾਹੂਕਾਰ..., ਇਸ਼ਕ ਦੀ...ਅਹਾ ਇਸ਼ਕ ਦੀ, ਵਹਾ ਇਸ਼ਕ ਦੀ। (ਲੰਬੀ ਅੰਗੜਾਈ ਲੈਂਦਾ ਹੈ।) ਹੁਣ ਕੋਈ ਖੜਕਾ-ਦੜਕਾ 'ਨੀ, ਵਾਹ ਤੇ ਖ਼ਾਹ। ਜ਼ਰਾ ਲੱਕ ਸਿੱਧਾ ਕਰ ਲਈਏ। ਏਥੇ ਕੋਈ ਨੀ ਆਉਣ

ਲੱਗਾ, ਸੌਂ ਜਾ 'ਰਾਮ ਨਾਲ। ਖੌਰੇ ਪਿੰਡ ਈ ਆ ਜੇ ਸੁਫ਼ਨੇ 'ਚ।

(ਸੰਗੀਤ)

(ਕਿਸਾਨ ਦੇ ਘੁਰਾੜੇ ਗੂੰਜਦੇ ਹਨ।)

ਖਾਨ : (ਹੌਲੀ ਜਿਹੇ।) ਉਏ ਕਰੋੜੀ ਮੱਲਾ..., ਏਧਰ ਆ... ਏਧਰ?

ਕਰੋੜੀ ਮੱਲ : ਕੀ ਐ?

ਖਾਨ : ਸ਼ੀ-ਸ਼ੀ... ਹੌਲੀ...। ਉਹ ਵੇਖ, ਔਹ ਬੋਹੜ ਹੇਠਾਂ...

(ਘੁਰਾੜਿਆਂ ਦੀ ਅਵਾਜ਼।)

ਕਰੋੜੀ ਮੱਲ : ਬੰਦਾ ਲਗਦੈ...।

ਖਾਨ : (ਖਿੱਝਕੇ) ਬੰਦਾ ਕਾਹਨੂੰ..., ਕਿਸਾਨ ਐ।

ਕਰੋੜੀ ਮੱਲ : ਹਾਂ! ਮੈਂ ਕਹਾਂ..., ਹੋਰ ਕੌਣ ਸੌਂ ਸਕਦੈ, ਇੰਜ ਢਿੱਡ ਫੁਲਾ ਕੇ ਏਸ ਬੀਆਬਾਨ 'ਚ।

ਖਾਨ : ਮੈਨੂੰ 'ਨੀ ਲੱਗਦਾ ਕਿ ਇਹ ਵਿਹਲੜ ਭਲਾ ਆਪਣਾ ਕੁਝ ਸੰਵਾਰਨ ਲੱਗਾ।

ਕਰੋੜੀ ਮੱਲ : ਓ ਮੋਟੀ ਮੱਤ; ਤੈਨੂੰ 'ਨੀ ਪਤਾ, ਆਹ ਜੰਗਲਾਂ ਦੇ ਜੰਗਲ ਇਨ੍ਹਾਂ ਹੀ ਸਾਫ਼ ਕੀਤੇ ਆ। ਤੂੰ ਸਮਝ ਲੈ ਦਿਓ ਮਿਲ ਗਿਆ ਆਪਾਂ ਨੂੰ ...ਅਲ੍ਹਾਦੀਨ ਵਾਲਾ।

ਖਾਨ : (ਡਰਕੇ) ਦਿਓ।

ਕਰੋੜੀ ਮੱਲ : ਆਹੋ, ਮਿੱਟੀ 'ਚੋਂ ਸੋਨਾ ਉਗਾਊ ਤੇ ਹਵਾ 'ਚੋਂ ਰੋਟੀਆਂ।

ਖਾਨ : (ਖ਼ੁਸ਼) ਨਾਲੇ ਆਚਾਰ, ਤੇ ਮੁਰੱਬੇ ਵੀ।

ਕਰੋੜੀ ਮੱਲ : ਚੰਗਾ ਚੰਗਾ। ਤੂੰ ਠਹਿਰ। ਮੈਂ ਗੱਲ ਕਰਦਾਂ। ਮੈਨੂੰ ਪਤਾ ਇਨ੍ਹਾਂ ਵਿਹਲੜਾਂ ਨਾਲ ਕਿਵੇਂ ਗੱਲ ਕਰਨੀ ਆ।

(ਕਿਸਾਨ ਦੇ ਘੁਰਾੜੇ।)

ਖਾਨ : ਓਏ ਲਾਲਾ, ਜ਼ਿਆਦਾ ਹੁਸ਼ਿਆਰੀ ਨਾ ਵਿਖਾਈਂ। ਕਿਤੇ ਭਜਾ ਈ ਦੇਵੇਂ।

ਕਰੋੜੀ ਮੱਲ : ਚੱਲ ਉੱਠ ਉਏ... ਵਿਹਲੜ ਕਿਸੇ ਥਾਂ ਦਾ। ਕਿਵੇਂ ਪਿਆ ਗੋਗੜ ਛੱਡ ਕੇ। ਚੱਲ ਉੱਠ।

ਕਿਸਾਨ : (ਉੱਭੜਵਾਹਾ ਉੱਠਦਾ ਹੈ) ਕੌਣ ਐ, ਕੌਣ...?

ਖਾਨ : ਦੱਸਾਂ ਤੈਨੂੰ ਕੌਣ...। ਧੌਣ 'ਤੇ ਸੁੱਟ ਦੋ ਇਹਦੇ... ਭਗੌੜੇ ਦੇ।

ਕਰੋੜੀ ਮੱਲ : ਕਿਉਂ ਉਏ...,ਖਾਨ ਬਹਾਦਰ ਨੂੰ 'ਨੀ ਪਛਾਣਦਾ, ਹੈਂਅ? ਵੀਹਾਂ ਬੈਂਕਾਂ 'ਚ ਹਿੱਸੇਦਾਰੀ ਆ।

ਕਿਸਾਨ : (ਡਰਕੇ) ਬੈਂਕ...। ਪਰ ਮੇਰਾ ਕਸੂਰ... ਸਰਕਾਰ?

ਖਾਨ : ਨਾਂ ਕੀ ਏ ਤੇਰਾ। ਭਗੌੜਾ ਐਂ ਨਾ?

ਕਿਸਾਨ : ਨਹੀਂ ਜੀ। ਕਿਸ਼ਤਾਂ ਤਾਂ ਮੈਂ ਭਰੀਆਂ... ਬੱਸ।

ਕਰੋੜੀ ਮੱਲ : ਓ ਤਾਂ ਬਾਅਦ 'ਚ ਦੇਖਾਂਗੇ। ਖਾਨ ਸਾਹਿਬ ਦੀ ਭੁੱਖ ਨਾਲ ਜਾਨ ਨਿਕਲਣ ਡਹੀ ਏ। ਕਦੋਂ ਦੇ ਗਲਾ ਫਾੜਨ ਲੱਗੇ ਆਂ, ਤੇ ਤੂੰ ਏਥੇ...।

ਕਿਸਾਨ : ਓ... ਜੀ, ਮੈਂ...

ਖਾਨ : ਕੁਝ ਖਾਣ ਦਾ ਬੰਦੋਬਸਤ ਕਰ।

ਕਿਸਾਨ : (ਖੁਸ਼ ਹੋ ਕੇ।) ਲਓ ਜੀ, ਹੁਣੇ ਲਓ। ਇਹ ਕਿੱਡੀ ਕੁ ਗੱਲ ਐ। ਮੈਂ ਹੁਣੇ ਲਿਆਇਆ ...ਬਿੰਦ 'ਚ।

ਖਾਨ : ਭੱਜਣ ਦੀ ਕੋਸ਼ਿਸ਼ ਨਾ ਕਰੀਂ।

ਕਰੋੜੀ ਮੱਲ : (ਫ਼ਿਲਮੀ ਅੰਦਾਜ਼ 'ਚ।) ਸਾਡੇ ਹੱਥ... ਬਹੁਤ ਲੰਬੇ ਐ।

ਕਿਸਾਨ : ਸਾਲੇ ਚਿੱਚੜ ਏਥੇ ਵੀ ਆ ਗਏ ਮਗਰੇ। ਢਿੱਡ ਪੀੜ ਪਵੇ..., ਮਰੋੜ ਲੱਗਣ...।

ਖਾਨ : ਉੱਚੀ ਬਕ, ਕੀ ਬੁੜਬੁੜ ਕਰਦਾਂ?

ਕਿਸਾਨ : ਤੁਸੀਂ ਇਹ ਸੇਬ ਖਾਓ ਜੀ। ਲਓ। ਓਨੀ ਦੇਰ ਮੈਂ ਕੋਈ ਤਿੱਤਰ ਸ਼ਿਤਰ ਫੜ੍ਹ ਲੈਨਾ।

ਖਾਨ : (ਹੌਲ਼ੀ ਜਿਹੇ।) ਮੌਜ ਕਰ। ਗੱਲ ਬਣ ਗਈ। ਬੰਦਾ ਕੰਮ ਦਾ ਏ।

ਕਰੋੜੀ ਮੱਲ: (ਦੱਬੀ ਜ਼ੁਬਾਨ 'ਚ।) ਨਿਗ੍ਹਾ ਰੱਖੀਂ ਜ਼ਰਾ।

ਖਾਨ : (ਸੇਬ ਨੂੰ ਚੱਕ ਮਾਰਦਾ ਹੈ।) ਆਹਾ ਹਾ!

ਕਰੋੜੀ ਮੱਲ : ਧੋ ਤਾਂ ਲੈ।

ਖਾਨ : ਓ ਤੂੰ ਸ਼ੁਕਰ ਕਰ; ਹੋਰ ਥੋੜ੍ਹੀ ਦੇਰ ਨਾ ਮਿਲਦਾ ਇਹ..., ਮੈਂ ਤਾਂ ਤੈਨੂੰ ਈ ਚੱਕ ਮਾਰਣ ਲੱਗਣਾ ਸੀ।

ਕਰੋੜੀ ਮੱਲ : ਬੱਸ ਕਰ। ਐਵੇਂ ਸਿਰੇ ਨਾ ਚੜ੍ਹਾਅ ਲਈਂ। ਇਹਨਾਂ ਨੂੰ ਥੋੜ੍ਹਾ

ਡਾਂਟ-ਡਰਾ ਕੇ ਈ ਰੱਖਣਾ ਚਾਹੀਦਾ ਏ।

ਕਿਸਾਨ : ਆਹ ਲਓ ਜੀ ਤਿੱਤਰ। ਮਸਾਂ ਕਾਬੂ ਆਇਆ।

ਖਾਨ : ਕੱਚਾ ਸਿਰ 'ਚ ਮਾਰਨਾ।

ਕਰੋੜੀ ਮੱਲ : ਨਾਂਹ ਤੂੰ ਸਾਨੂੰ ਰਾਕਸ਼ ਸਮਝਿਆ?

ਕਿਸਾਨ : ਨਾ ਜੀ, ਕੱਚਾ ਕਾਹਨੂੰ। ਭੁੰਨਣ ਨੂੰ ਕਿਹੜਾ ਮੰਤਰ ਪੜ੍ਹਨੇ... ਹੁਣੇ ਲਓ।

ਕਰੋੜੀ ਮੱਲ : ਓਏ-ਓਏ..., ਇਹ ਪੱਥਰ ਕਾਹਤੋਂ ਚੁੱਕਿਆ ਤੂੰ?

ਕਿਸਾਨ : ਮਾਲਕੋ ਅੱਗ ਤਾਂ ਬਾਲਣੀ ਓ ਪਉ, ਤਿੱਤਰ 'ਨੀ ਭੁੰਨਣਾ? ਇਹ ਵੇਖੋ... ਫੂਸ ਕਿੱਥੇ ਐ... (ਪੱਥਰ ਟਕਰਾਉਂਦਾ ਹੈ।) ਇਹ ਲਓ।

ਖਾਨ : (ਸ਼ਾਤਿਰ ਬਣਦਾ ਹੋਇਆ।) ਇਹੋ ਤਾਂ ਲਾਲਾ ਕਹਿੰਦਾ ਸੀ, ਬਿਨਾਂ ਫੂਸ ਤੋਂ ਅੱਗ ਕਿਵੇਂ ਬਲੂ ਭਲਾ? ਚੱਲ-ਚੱਲ ਛੇਤੀ ਕਰ। ਖੁਆ ਜੋ ਖੁਆਣਾ। ਸਾਡੇ ਆਰਾਮ ਦਾ ਟਾਇਮ ਹੋ ਰਿਹੈ।

ਕਿਸਾਨ : (ਬੁੜਬੁੜ ਕਰਦਾ ਜਾਂਦਾ ਹੈ।) ਸਾਲ਼ੀਆਂ ਚੰਮ ਜੂੰਆਂ ਮਗਰੋਂ 'ਨੀ ਲਹਿੰਦੀਆਂ।

ਕਰੋੜੀ ਮੱਲ : (ਹੌਲ਼ੀ) ਇਹ ਤਾਂ ਜਾਦੂਗਰ ਐ। ਜੰਗਲ 'ਚ ਮੰਗਲ ਲਾ 'ਤਾ।

ਖਾਨ : ਸ਼ੀ...। ਸੁਣ ਲਉਗਾ।

ਕਿਸਾਨ : ਇਹ ਲਓ ਜਨਾਬ ਭੋਜਨ-ਪਾਣੀ ਤਾਂ ਤਿਆਰ ਐ, ਛਕੋ।

ਕਰੋੜੀ ਮੱਲ : ਚੰਗਾ ਚੰਗਾ। ਹੁਣ ਸਿਰ 'ਤੇ ਨਾਂਹ ਖੜ੍ਹ।
(ਦੋਹੇਂ ਖਾਂਦੇ ਹਨ।)

ਖਾਨ : (ਅੰਗੜਾਈ ਲੈ ਕੇ।) ਹੁਣ ਘੜੀ ਚੌਂਕਾ ਲਾ ਲਈਏ...।

ਕਰੋੜੀ ਮੱਲ : ਹਾਂ, ਬਾਹਲੀ ਓ ਈ ਭਕਾਈ ਹੋ ਗਈ ਅੱਜ ਤਾਂ।
(ਸੰਗੀਤ)
(ਦੋ ਬੰਦਿਆਂ ਦੇ ਘੁਰਾੜੇ ਗੂੰਜਦੇ ਹਨ। ਦੂਰ ਕੁਝ ਵਾਰ-ਵਾਰ ਖੜਾਕ ਹੁੰਦਾ ਹੈ।)

ਖਾਨ : ਕੌਣ ਨਾਮੁਰਾਦ ਐ, ...ਸੌਣ ਵੀ ਨਹੀਂ ਦਿੰਦੇ। (ਖੜਕਾ ਤੇਜ਼ ਹੁੰਦਾ ਹੈ।) ਉਏ ਰੁਲਦੂ..., ਕੀ ਕਰਦੈਂ, ਖੜਕਾ ਕਾਹਦਾ...?

ਕਿਸਾਨ : ਮੁੰਜ ਕੁੱਟਦਾ ਸੀ ਸਰਕਾਰ। ਸੋਚਿਆ ਰੱਸੀਆਂ ਈ ਵੱਟ ਲਵਾਂ।

ਕਰੋੜੀ ਮੱਲ : (ਉੱਭੜਵਾਹਾ ਉੱਠਦਾ ਹੈ।) ਰੱਸੀ, (ਡਰਿਆ ਹੋਇਆ।) ਰੱਸੀ ਕੀ ਕਰਨੀ ਐ... ਤੂੰ?

ਕਿਸਾਨ : ਕੁਝ 'ਨੀ ਜਨਾਬ। ਮੈਂ ਸੋਚਿਆ ਬਈ ਜਾਲ ਈ ਬੁਣ ਲਾਂਗੇ। ਕੋਈ ਮੱਛੀ ਮੁੱਛੀ...।

ਕਰੋੜੀ ਮੱਲ : ਨਾ ਰਹਿਮ ਕਰ ਸਾਡੇ 'ਤੇ। ਸੌਣ ਦੇ ਘੜੀ...।

ਕਿਸਾਨ : ਨਰਾਜ਼ ਹੋ ਗਏ...?

ਖਾਨ : ਗੱਲ ਸੁਣ ਉਏ, ਉਰਾਂ ਆ। ਤੈਨੂੰ ਸੱਚੀਂ ਆਉਂਦੀ ਆ ਮੱਛੀ ਫੜ੍ਹਨੀ...?

ਕਿਸਾਨ : ਉਹਦੇ 'ਚ ਕੀ ਐ ਜੀ। ਜਾਲ ਸੁੱਟੋ ਨਾਲ ਚਾਰਾ ਤੇ ਬੱਸ ਬਹਿ ਜਾਓ। ਬਾਕੀ... ਫਸ ਤਾਂ ਉਹ ਆਪੇ ਜਾਂਦੀਆਂ। (ਹੱਸ ਪੈਂਦਾ ਹੈ।)

ਖਾਨ : ਕੌਣ?

ਕਿਸਾਨ : (ਹੈਰਾਨ।) ਮੱਛੀਆਂ।

ਖਾਨ : ਠੀਕ ਐ, ਠੀਕ ਐ... ਨਾਸ਼ਤਾ ਫੇਰ ਇਹੋ ਕਰਾਂਗੇ, ਪੱਕਾ।

ਕਿਸਾਨ : ਪੱਕਾ ਜੀ। ਬੱਸ, ਤੁਸੀਂ ਖੁਸ਼ ਤਾਂ ਓਂ ਨਾ ਮੈਥੋਂ।

ਕਰੋੜੀ ਮੱਲ : (ਖਿੱਝਕੇ) ਆਹੋ ਆਹੋ, ਜਾ ਹੁਣ ਤੂੰ।

ਖਾਨ : ਤੈਨੂੰ ਵੀ ਖ਼ੁਸ਼ ਕਰ ਦਿਆਂਗੇ ਕਿਸੇ ਦਿਨ। ਹੁਣ ਜਾ...। (ਦੂਰੋਂ) ਨਾਸ਼ਤੇ ਦਾ ਖ਼ਿਆਲ ਰੱਖੀਂ।

(ਸੰਗੀਤ)

(ਕਰੋੜੀ ਉੱਭੜਵਾਹਾ ਉੱਠਦਾ ਹੈ।)

ਕਰੋੜੀ ਮੱਲ : ਕਿੱਧਰ ਗਿਆ, ਕਿੱਧਰ..., ਹੈ ਨੀ?

ਖਾਨ : ਓਏ ਕੀ ਹੋ ਗਿਆ, ਕਿਉਂ ਅਸਮਾਨ ਚੱਕਿਆ ਸਿਰ 'ਤੇ?

ਕਰੋੜੀ ਮੱਲ : ਭੱਜ ਗਿਆ, ਭੱਜ ਗਿਆ ਉਹ ...ਰੁਲਦੂ।

ਖਾਨ : (ਘਬਰਾ ਕੇ) ਭੱਜ ਗਿਆ...।

ਕਰੋੜੀ ਮੱਲ : ਮਾਰੇ ਗਏ ਅਸੀਂ..., ਹੁਣ ਨੀ ਬਚਦੇ।

ਖਾਨ : (ਖਿੱਝਕੇ) ਤੂੰ ਚੁੱਪ ਕਰ। ਓ ਔਹ ਕੌਣ ਪਿਆ ਝਾੜੀ ਓਹਲੇ।

ਕਰੋੜੀ ਮੱਲ : ਕਿੱਥੇ?

ਖਾਨ : ਸਾਲੇ ਕਰਾੜ ਨੇ ਤੀਜੀ ਵਾਰ ਜਗਾ 'ਤਾ।

(ਸੰਗੀਤ)

ਕਰੋੜੀ ਮੱਲ : ਹਾਂ, ਹੈ ਤਾਂ... ਉਹੀ।

ਖਾਨ : ਮੇਰੀ ਤਾਂ ਜਾਨ ਈ ਕੱਢਤੀ ਸੀ ਤੂੰ।

ਕਰੋੜੀ ਮੱਲ : ਸ਼ੁਕਰ ਕਰ। ਜੇ ਸੱਚੀਂ ਓਹ ਭੱਜ ਗਿਆ।

ਖਾਨ : ਹੰਅ। ਕੋਈ ਚੱਜ ਦੀ ਗੱਲ ਨਾ ਕਰੀਂ ਕਦੇ।

ਕਰੋੜੀ ਮੱਲ : ਨਾ ਫੇਰ ਆਪਾਂ ਉਹਦੀ ਕੀ ਟੰਗ ਭੰਨ ਲਾਂਗੇ।

ਖਾਨ : (ਫ਼ਿਕਰਮੰਦ) ਗੱਲ ਤਾਂ ਤੇਰੀ ਠੀਕ ਐ। ਪਰ ਜੇ ਸੁੱਤੇ ਪਿਆਂ ਭੱਜ ਗਿਆ ਤਾਂ।

ਕਰੋੜੀ ਮੱਲ : ਇਹ ਰੱਸੀਆਂ ਵੱਟੀਆਂ ਪਈਆਂ। ਇਹਨਾਂ ਨਾਲ ਈ ਬੰਨ੍ਹ ਦਿੰਨੇ ਆਂ। ਠੀਕ ਐ, ਆ ਜਾ ਫ਼ੇਰ।

(ਦੋਵੇਂ ਉਸਨੂੰ ਬੰਨ੍ਹਦੇ ਹਨ।)

ਕਿਸਾਨ : ਓ ਮਾਲਕੋ, ਓ... ਕਰੀ ਕੀ ਜਾਂਦੇ ਓ। ਕੁਤਕੁਤੀ... (ਹੱਸਦਾ ਹੈ।)

ਖਾਨ : ਤੂੰ ਚੁੱਪ ਕਰ। ਗੰਢ ਘੁੱਟਕੇ ਮਾਰੀਂ ਲਾਲਾ।

ਕਰੋੜੀ ਮੱਲ : ਤੂੰ ਫਿਕਰ ਨਾ ਕਰ। ਲੈ ਹੁਣ ਭੱਜ ਪੁੱਤ, ਕਿੱਥੇ ਭੱਜਦਾਂ।

ਕਿਸਾਨ : ਤੁਸੀਂ ਤਾਂ ਜਨਾਬ ਮੈਨੂੰ ਡੰਗਰ ਈ ਬਣਾ 'ਤਾ। ਮੇਰੀਆਂ ਈ ਰੱਸੀਆਂ ਨਾਲ ਮੈਨੂੰ ਬੰਨ੍ਹ 'ਤਾ।

ਖਾਨ : ਚੁੱਪ ਕਰ। ਸੌਂ ਜਾ ਆਰਾਮ ਨਾਲ।

(ਪੰਛੀਆਂ ਦੀਆਂ ਅਵਾਜ਼ਾਂ। ਫੇਰ ਘੁਰਾੜੇ ਗੂੰਜਣ ਲਗਦੇ ਨੇ।)

ਕਰੋੜੀ ਮੱਲ : ਖਾਨ ਸੁਣਦਾਂ।

ਖਾਨ : ਹੂੰ, ਹੁਣ ਕੀ ਐ?

ਕਰੋੜੀ ਮੱਲ : ਧੀਰਜ 'ਨੀ ਆਉਂਦਾ। ਐਂ ਕਰਦੇ ਆਂ, ਇਹ ਇੱਕ ਸਿਰਾ... ਆਪਣੇ ਹੱਥ ਨਾਲ ਬੰਨ੍ਹ ਲੈਂਦੇ ਆਂ। ਪਤਾ ਲੱਗ ਜੂ ਜੇ ਭੱਜਿਆ ਤਾਂ...।

ਖਾਨ : ਹਾਂ ਇਹ ਠੀਕ ਐ। ਏਥੇ ਬੰਨ੍ਹਦੇ ਮੇਰੇ ਖੱਬੇ ਪਾਸੇ।

ਕਰੋੜੀ ਮੱਲ : ਤੂੰ ਮੇਰੇ ਇਧਰ ਬੰਨ੍ਹਦੇ... ਸੱਜੇ। ਲੈ ਬੱਚੂ ਹੁਣ ਭੱਜ।

(ਸੰਗੀਤ)

(ਖਾਨ ਉੱਚੀ-ਉੱਚੀ ਹੱਸਦਾ ਹੈ।)

ਕਰੋੜੀ ਮੱਲ : ਕਿਉਂ ਹਿੱਲ ਗਿਐਂ? 'ਕੱਲਾ ਈ ਹੱਸੀ ਜਾਂਦੈ।

ਖਾਨ : ਏਹ ਲਤੀਫ਼ਾ ਦੇਖ..., ਕਮਾਲ ਕਰਤੀ।

ਕਰੋੜੀ ਮੱਲ : ਏਸ ਅਖ਼ਬਾਰ 'ਚ ਲਤੀਫ਼ਾ। ਕੱਲ੍ਹ ਤਾਂ ਲੱਭਾ 'ਨੀ। ਭੁੱਖਿਆਂ ਨੂੰ ਚੰਨ 'ਚ ਵੀ ਰੋਟੀਆਂ ਲੱਭਦੀਆਂ।

ਖਾਨ : ਸਹੀ ਐ..., "ਮੌਤੋਂ ਭੁੱਖ ਬੁਰੀ।" ਪਰ ਹੁਣ ਤਾਂ ਛਹਿਬਰਾਂ ਲੱਗੀਆਂ। ਮੂੰਹੋਂ ਕੱਢੋ... ਚੀਜ਼ ਹਾਜ਼ਿਰ। ਦੋ ਦਿਨਾਂ 'ਚ ਗੋਗੜਾਂ ਨਿਕਲ ਗੀਆਂ।

ਕਰੋੜੀ ਮੱਲ : (ਹੱਸਦਾ) ਨਜ਼ਰ ਨਾ ਲਾ ਦੇਈਂ। ਰੰਗ ਤਾਂ ਤੇਰਾ ਵੀ ਨਿੱਖਰ ਆਇਆ। ਪਰ ਸੋਚ ਐਂ ਕਿੰਨੇ ਦਿਨ ਚੱਲੂ ਭਲਾ।

ਖਾਨ : ਕਿਉਂ, ਹੁਣ ਕੀ ਖੁਰਕ ਪੈਂਦੀ ਆ। ਪਏ ਪਏ ਖਾਨੇ ਆਂ।

ਕਰੋੜੀ ਮੱਲ : ਓਏ ਡੰਗਰਾ, ਓਏ ਡੰਗਰਾ। ਡੰਗਰ ਥੋੜ੍ਹੀ ਆਂ ਅਸੀਂ। ਕਾਰੋਬਾਰੀ ਬੰਦੇ ਆਂ। ਸਾਕ ਕਬੀਲੇ ਵਾਲੇ।

ਖਾਨ : ਹਾਂ, ਫੇਰ।

ਕਰੋੜੀ ਮੱਲ : ਸੋਚ, ਪਤਾ 'ਨੀ ਪਿੱਛੇ ਸਾਡੇ ਕੀ ਹੁੰਦਾ ਹੋਊ। ਕਿਤੇ ਜਿੰਦਰੇ ਨਾ ਲੱਗ ਜਾਣ ਹੱਟੀਆਂ ਨੂੰ।

ਖਾਨ : ਫਿਟੇ ਮੂੰਹ। ਜਦੋਂ ਬੋਲੂ ਪੁੱਠਾ।

ਕਰੋੜੀ ਮੱਲ : ਪੁੱਠਾ 'ਨੀ। ਸੋਚ ਕੇ ਵੇਖ। ਜੁਆਕ ਆਪਣੇ ਊਂ ਨਿਆਣੇ ਆ, ਕਿਤੇ ਨੌਕਰਾਂ ਦੇ ਸਿਰ 'ਤੇ ਚਲਦੇ ਆ ਬਿਜ਼ਨੈਸ।

ਖਾਨ : (ਫ਼ਿਕਰਮੰਦ) ਤਾਂ ਫੇਰ ਕੀ ਕਰੀਏ?

ਕਰੋੜੀ ਮੱਲ : ਰੁਲਦੂ ਨਾਲ ਗੱਲ ਕਰਦੇ ਆਂ। ਉਹ ਕੋਈ ਕੱਢੂ ਰਾਹ।

ਖਾਨ : ਓਹ! ਉਹ ਜੰਗਲੀ ਭਲਾ ਕੀ...।

ਕਿਸਾਨ : (ਹੱਸਦਾ।) ਮੈਨੂੰ ਤਾਂ ਪਹਿਲਾਂ ਈ ਪਤਾ ਸੀ ਜਨਾਬ, ਤੁਹਾਡਾ ਜੀਅ 'ਨੀ ਲੱਗਣਾ ਏਥੇ।

ਖਾਨ : ਤੂੰ ਸਾਡੀਆਂ ਗੱਲਾਂ ਸੁਣਦਾ?

ਕਿਸਾਨ : ਨਿਆਣੇ ਯਾਦ ਆਉਣੇ ਤੇ ਨਾਲੇ ਸੰਤੀ।

ਕਰੋੜੀ ਮੱਲ : ਸੰਤੀ; ਤੂੰ ਕਿਵੇਂ ਜਾਣਦਾ ਸੰਤੀ ਨੂੰ।

ਕਿਸਾਨ : ਤੁਸੀਂ ਈ ਸੁੱਤੇ-ਸੁੱਤੇ ਬੜਬੜਾਉਂਦੇ ਸੀ, "ਸੰਤੀ... ਸੰਤੀ।"

ਖਾਨ : ਲਾਲਾ ਤੂੰ, ਸ਼ਰਮ ਨੀ ਆਉਂਦੀ ਏਸ ਉਮਰੇ।

ਕਰੋੜੀ ਮੱਲ : ਦੇਖ ਭਈ, ਬਾਈ ਬਣਕੇ ਕੋਈ ਰਾਹ ਕੱਢ। ਇੱਕ ਵੇਰ ਘਰ ਪਹੁੰਚਦਾ ਕਰਦੇ। ਜੋ ਕਹੇਂ ਮਨਜ਼ੂਰ।

ਕਿਸਾਨ : ਫ਼ਿਕਰ ਕਿਉਂ ਕਰਦੇ ਓ ਜਨਾਬ। ਸਾਰੇ ਇੰਤਜ਼ਾਮ ਮੈਂ ਪਹਿਲੋਂ ਈ ਕਰ ਰੱਖੇ ਆ।

ਖਾਨ ਤੇ ਕਰੋੜੀ : ਹੈਂਅ!

ਕਿਸਾਨ : ਤੁਸੀਂ ਆਓ ਤਾਂ ਸਹੀ ਮੇਰੇ ਪਿੱਛੇ।

(ਸੰਗੀਤ)

ਕਿਸਾਨ : ਬੈਠੋ-ਬੈਠੋ ਜਨਾਬ, ਬੇੜੀ 'ਚ ਬੈਠੋ ਫ਼ਟਾਫ਼ਟ।

ਕਰੋੜੀ ਮੱਲ : ਕਿੱਥੇ ਏ ਬੇੜੀ?

ਖਾਨ : ਓਏ ਇਹਨੂੰ ਤੂੰ ਬੇੜੀ ਕਹਿਨਾਂ ਫੱਟਿਆਂ ਨੂੰ, ਮਰਵਾਏਂਗਾ।

ਕਿਸਾਨ : ਤੁਸੀਂ ਆਓ ਤਾਂ ਸਹੀ, ਦੇਖੋ ਮੋਰਾਂ ਦੇ ਖੰਭ ਬਿਛਾਏ ਮੈਂ ਥੱਲੇ, ਹੰਸਾਂ ਦੇ ਨਰਮ ਨਰਮ...

ਖਾਨ : (ਕਿਸ਼ਤੀ 'ਚ ਬੈਠਦੇ ਹਨ।) ਪਰ ਤੂੰ ਸਾਨੂੰ ਲੈ ਕੇ ਕਿੱਥੇ ਚੱਲਿਆਂ?

ਕਿਸਾਨ : ਜਨਾਬ ਘਰ, ਤੁਹਾਡੇ ਘਰ। ਏਸ ਨਦੀ ਦੇ ਦੂਜੇ ਕੰਢੇ ਘਰ ਐ ਤੁਹਾਡੇ।

ਕਰੋੜੀ ਮੱਲ : ਨਾਂਹ, ਤੈਨੂੰ ਕਿਵੇਂ ਪਤਾ?

ਖਾਨ : ਹਾਂ, ਸਾਡੇ ਘਰਾਂ ਦਾ...।

ਕਰੋੜੀ ਮੱਲ : ਜਸੂਸ ਐਂ ਤੂੰ?

ਖਾਨ : ਸੱਚ ਦੱਸ? ਨਹੀਂ ਮਰੋੜਦਾਂ ਤੇਰੀ ਧੌਣ।

ਕਿਸਾਨ : ਕਾਹਨੂੰ ਸਰਕਾਰ। ਖੇਤੀ ਤਾਂ ਕੁਝ ਪੱਲੇ 'ਨੀ ਪਾਉਂਦੀ, ਕਦੇ ਸ਼ਹਿਰ ਚਲੇ ਜਾਈਦਾ... ਓ ਘਰਾਂ ਦੇ ਬਾਹਰ ਤੁਸੀਂ ਦੇਖੇ ਹੋਣੇਂ, ...ਰੱਸੀਆਂ ਨਾਲ ਲਟਕਦੇ ...ਕੂਚੀਆਂ ਨਾਲ ਕਲੀ ਕਰਦੇ, ਛੱਤਾਂ ਰੰਗਦੇ ਤੇ...।

ਕਰੋੜੀ ਮੱਲ : ਆਹੋ ਦੇਖੇ ਨੇ ਵਿਹਲੜ।

ਖਾਨ : ਏਡੀ ਦੂਰੋਂ ਤਾਂ ਭਰਾਵਾ ਬੰਦਾ ਊਂ ਈ ਮੱਖੀ ਨਜ਼ਰ ਆਉਂਦਾ, ਕਿਉਂ ਲਾਲਾ...?

ਕਿਸਾਨ : (ਖੁੱਲ੍ਹਕੇ ਹੱਸਦਾ) ਸਹੀ ਐ ਜਨਾਬ। ਤਾਂ ਹੀ ਤੁਸੀਂ ਪਛਾਣਿਆ ਨੀ ਮੈਨੂੰ।

ਕਰੋੜੀ ਮੱਲ : ਓ, ਦੇਖੀਂ-ਦੇਖੀਂ ਭਾਈ ਬੇੜੀ ਨਾ ਬਿਠਾ ਦਈਂ। ਮੈਨੂੰ ਤਾਂ ਤੈਰਨਾ ਵੀ ਨਹੀਂ ਆਉਂਦਾ।

ਕਿਸਾਨ : ਲੈ ਜਨਾਬ, ਮੈਂ ਭਲਾ ਕੋਈ ਸਿਖਾਂਦਰੂ ਆਂ। ਰੋਜ਼ ਦਾ ਕੰਮ ਐ।

ਖਾਨ : ਚੱਲ-ਚੱਲ, ਸ਼ੇਖੀਖੋਰ ਕਿਸੇ ਥਾਂ ਦਾ।

(ਚੱਪੂ ਚਲਦੇ ਨੇ।)

ਕਰੋੜੀ ਮੱਲ : (ਡੈਂਬਰਿਆ ਹੋਇਆ।) ਰਾਮ-ਰਾਮ-ਰਾਮ..., ਲਾਜ ਰੱਖਿਓ ਪ੍ਰਭੂ ਜੀ।

(ਸੰਗੀਤ)

ਕਿਸਾਨ : ਲਓ ਜਨਾਬ, ਪਹੁੰਚ ਗਏ। ਆ ਗਿਆ ਕੰਢਾ, ਅੱਗੇ ਦਾ ਰਾਹ ਤਾਂ...।

ਖਾਨ : ਓ ਲਾਲਾ... ਅੱਖਾਂ ਖੋਲ੍ਹ; ਸ਼ਹਿਰ ਆ ਗਿਆ ਸੱਚੀਂ..., ਦੇਖ-ਦੇਖ।

ਕਰੋੜੀ ਮੱਲ : ਹੈਂ; ਸੱਚੀਂ..., ਉਹੀ ਰੌਸ਼ਨੀਆਂ...।

ਖਾਨ : ਪਹੁੰਚ ਗਏ...।

ਕਰੋੜੀ ਮੱਲ : ਮੈਨੂੰ ਤਾਂ ਪੱਕਾ ਸੀ ਕਿ ਵਿੱਚਾਲੇ ਡੋਬਣਾ ਏਸ ਹਰਾਮੀ ਨੇ...।

ਖਾਨ : (ਪਾਗ਼ਲਾਂ ਵਾਂਗ ਹੱਸਦੇ ਹੋਏ।) ਓ ਘਰ ਆ ਗਿਆ ਲਾਲਾ... ਘਰ

ਕਰੋੜੀ ਮੱਲ : ਹਾ-ਹਾ (ਹੱਸਦਾ)। ਯਕੀਨ ਨੀ ਹੁੰਦਾ। ਸੰਤੀ ਆ ਗਿਆ ਮੈਂ...।

ਕਿਸਾਨ : ਓ; ਲਾਲਾ ਜੀ ਜੁੱਤੀਆਂ ਤਾਂ ਲੈ ਜੋ। ਨਾਲੇ ਮੇਰਾ ਕੁਝ...!

ਖਾਨ : ਨਾਂਹ ਤੇਰਾ ਕੀ ਉਏ?

ਕਿਸਾਨ : ਜਨਾਬ ਮੌਤ ਦੇ ਮੂੰਹੋਂ ਆਏ ਓ ਨਿਕਲ ਕੇ।

ਕਰੋੜੀ ਮੱਲ : ਨਾ ਸਾਲਿਆ... ਵਿਹਲੜਾ ਤੇਰਾ ਕੀ ਐ ਉਹਦੇ 'ਚ।

ਖਾਨ : ਹਾਂ,ਉਹ ਤਾਂ ਹਿੰਮਤ ਏ ਸਾਡੀ !

ਕਰੋੜੀ ਮੱਲ : ਅਕਲ... ਤੇ ਦਿਆਨਤਦਾਰੀ।

ਕਿਸਾਨ : ਕਮਾਲ ਕਰਦੇ ਓ ਜੀ।

ਖਾਨ : ਓ ਨਹੀਂ ਲਾਲਾ। ਐਂ ਨੀ ਮੋੜੀ ਦਾ ਕਿਸੇ ਨੂੰ ਖਾਲੀ। ਐ..., ਇੱਕ ਮਿੰਟ, ਪਰਸ ਕੱਢ ਫ਼ਟਾਫ਼ਟ। ਇਹ ਲੈ ਫੜ੍ਹ ਮੇਰੇ ਵੱਲੋਂ। ਅੱਜ ਤੋਂ ਸਾਰਾ ਜੰਗਲ ਤੇਰਾ..., ਵਾਹ ਤੇ ਖਾ। ਨਾ ਕਿਸੇ ਦੀ ਹਿੜਕ ਨਾ ਝਿੜਕ।

ਕਰੋੜੀ ਮੱਲ : ਲੈ ਫੜ੍ਹ। ਵਿਹਲੜ ਕਿਤੋਂ ਦੇ... ਕੰਮਚੋਰ...। ਕਿੱਥੋਂ ਪੱਲੇ ਪੈ ਗਏ।

(ਸੰਗੀਤ)

ਕਿਸਾਨ : ਪੰਜਾਹ ਪੈਸੇ! ਆਪਣੀ ਜਾਨ ਦੀ ਕੀਮਤ। (ਪਿੱਛੋਂ ਜ਼ੋਰ ਦੀ ਅਵਾਜ਼ ਦਿੰਦਾ ਹੈ।) ਸਹੀ ਐ ਖਾਨ ਬਹਾਦਰ। ਐਡੀ ਦੂਰੋਂ ਤਾਂ ਸੱਚੀਂਓ ਬੰਦਾ ਮੱਖੀ ਲਗਦੈ। ਕਦੇ ਨੇੜੇ ਹੋ ਕੇ ਦੇਖਿਓ ਖ਼ੁਦ ਨੂੰ... ਸ਼ਾਇਦ ਕੋਈ ਬੰਦਾ ਲੱਭ ਜੇ। (ਝੂਠਾ ਜਿਹਾ ਹੱਸਦਾ ਹੈ।)

ਸਮਾਪਤੀ ਦਾ ਸੰਗੀਤ

# ਜਿਸ ਪਿੰਡ ਦਾ ਕੋਈ ਨਾਮ ਨਹੀਂ

ਨਾਟਕ ਦੀ ਗਰਭ ਜੂਨ:

ਅਕਸਰ ਹਰ ਨਾਟਕ ਦੇ ਲਿਖੇ ਜਾਣ ਦੀ ਆਪਣੀ ਕਹਾਣੀ ਹੁੰਦੀ ਹੈ ਤੇ ਜੋ ਹੁੰਦੀ ਵੀ ਬਹੁਤ ਦਿਲਚਸਪ ਹੈ। ਬੇਸ਼ਕ ਮੇਰੇ ਵੀ ਸਾਰੇ ਹੀ ਨਾਟਕਾਂ ਦੇ ਪਿੱਛੇ ਅਜਿਹੀਆਂ ਰੌਚਕ ਕਹਾਣੀਆਂ ਹਨ। ਪਰ ਇਸ ਨਾਟਕ ਦੀ ਕਹਾਣੀ ਮੇਰੇ ਹਿਸਾਬ ਨਾਲ ਸਭ ਤੋਂ ਵੱਧ ਦਿਲਚਸਪ ਹੈ। ਕਿਵੇਂ ਇਸ ਨਾਟਕ ਦਾ ਮੁੱਢ ਬੱਝਿਆ ਤੇ ਫਿਰ ਉਹ ਗੁੰਮ ਗਿਆ; ਜਿਵੇਂ ਕਿ ਮੇਰੇ ਨਾਟਕਾਂ ਨਾਲ ਅਕਸਰ ਹੁੰਦਾ ਰਿਹਾ, ਤੇ ਫਿਰ ਕਿਵੇਂ ਉਹ ਪੰਜਾਬੀ ਵਿੱਚ ਆਇਆ ਤੇ ਫੇਰ ਆਪਣੇ ਮੌਜੂਦਾ ਸਰੂਪ ਵਿੱਚ: ਸੰਖੇਪ 'ਚ ਸੁਣਾਉਂਦਾ ਹਾਂ।

ਇਹ ਸੰਨ 1998 ਦੀ ਗੱਲ ਹੈ, ਮੇਰੇ ਮਿੱਤਰ ਅਰੁਣ ਦੀ ਭੈਣ ਦੀ ਸ਼ਾਦੀ ਸੀ, ਉਹ ਖ਼ੁਦ ਤਾਂ ਮੌਜੂਦ ਨਹੀਂ ਸੀ, ਰਾਣੀ ਸਾਡੀ ਸਭ ਤੋਂ ਛੋਟੀ ਭੈਣ ਸੀ, ਜੋ ਲਾਡਲੀ ਵੀ ਸੀ, ਅਰੁਣ ਦੇ ਘਰ ਮੇਰਾ ਆਉਣ-ਜਾਣ ਬਚਪਨ ਤੋਂ ਸੀ, ਸੋ ਮੈਂ ਰਾਣੀ ਨੂੰ ਵੱਡੇ ਹੁੰਦੇ ਦੇਖਿਆ। ਡੋਲ਼ੀ ਹਾਲੇ ਵਿਦਾ ਹੋਈ ਹੀ ਸੀ ਕਿ ਦਲਜਿੰਦਰ ਆ ਗਿਆ। ਮੈਨੂੰ ਉਸਦੇ ਆਉਣ ਦੀ ਉੱਕਾ ਹੀ ਉਮੀਦ ਨਹੀਂ ਸੀ; ਦਰਅਸਲ ਉਹ ਕਈ ਦਿਨਾਂ ਤੋਂ ਇੱਕ ਨਾਟਕ ਮੇਰੇ ਕੋਲੋਂ ਲਿਖਵਾਉਣਾ ਚਾਹੁੰਦਾ ਸੀ। ਪਰ ਮੇਰੇ ਰੁੱਝੇ ਹੋਏ ਹੋਣ ਕਰਕੇ ਗੱਲ ਟਲ਼ਦੀ ਆ ਰਹੀ ਸੀ। ਦਲਜਿੰਦਰ ਤਾਂ ਦਲਜਿੰਦਰ ਹੈ, ਜਿੱਦ ਕਹਿ ਲਓ ਜਾਂ ਧੁਨ ਦਾ ਦੂਜਾ ਨਾਂ । ਜਦ ਉਹ ਪਹੁੰਚਿਆ ਤਾਂ ਅਸੀਂ ਛੱਤ ਉੱਪਰ ਬੈਠ ਗਏ। ਉਸਦੇ ਕੋਲ ਅਖ਼ਬਾਰ ਦੀ ਸਿੰਗਲ ਕਾਲਮ ਖ਼ਬਰ ਦੀ ਕਟਿੰਗ ਸੀ। ਮੈਂ ਉਸਨੂੰ ਪੜ੍ਹਿਆ ਅਤੇ ਉਸਤੋਂ ਬਾਅਦ ਇਨਕਾਰ ਕਰਨ ਜਾਂ ਟਾਲ਼-ਮਟੋਲ ਦਾ ਕੋਈ ਸਵਾਲ ਹੀ ਨਹੀਂ ਸੀ ਬਚਿਆ।

ਖ਼ਬਰ ਕਸ਼ਮੀਰ ਦੇ ਇੱਕ ਪਿੰਡ ਦੀ ਸੀ, ਜਿਸ ਬਾਰੇ ਇਹ ਕਿਹਾ ਜਾਂਦਾ ਸੀ ਕਿ ਭਾਰਤੀ ਫ਼ੌਜ ਦੇ ਕਰਮੀਆਂ ਨੇ ਉੱਥੋਂ ਦੀਆਂ ਸਾਰੀਆਂ ਔਰਤਾਂ ਨਾਲ ਰੇਪ ਕੀਤਾ ਸੀ। ਘਟਨਾ ਦੇ 6 ਸਾਲ ਬਾਅਦ ਇੱਕ ਪੱਤਰਕਾਰ ਉਸ ਪਿੰਡ ਵਿੱਚ ਜਾਂਦੀ ਹੈ। ਪਰ ਉਹਨਾਂ ਛੇ ਸਾਲਾਂ ਦੌਰਾਨ ਉਸ ਪਿੰਡ ਨਾਲ ਕੀ ਹੋਇਆ-ਬੀਤਿਆ;

ਉਸਦਾ ਵਰਣਨ ਭਾਵੇਂ ਸੰਖੇਪ ਸੀ, ਪਰ ਬਹੁਤ ਹੀ ਮਾਰਮਕ ਸੀ। ਥੋੜ੍ਹੀ ਦੇਰ ਪਹਿਲੋਂ ਛੋਟੀ ਭੈਣ ਦੀ ਡੋਲ਼ੀ ਵਿਦਾ ਕੀਤੀ ਸੀ। ਉੱਤੋਂ ਅਜਿਹੀ ਖ਼ਬਰ ਨੇ ਕਾਲ਼ਜਾ ਵਿੰਨ੍ਹ ਦਿੱਤਾ ਸੀ। ਸੋ ਨਾਟਕ ਦਾ ਮੁੱਢ ਬੱਝ ਗਿਆ।

ਇਹ ਨਾਟਕ ਹਿੰਦੀ ਵਿੱਚ ਸੀ। ਜਿਸਨੂੰ ਦਲਜਿੰਦਰ ਦੀ ਨਿਰਦੇਸ਼ਨਾ 'ਚ ਐਚ.ਐਮ.ਵੀ ਕਾਲਜ, ਜਲੰਧਰ ਦੀਆਂ ਕੁੜੀਆਂ ਨੇ ਤਿਆਰ ਕੀਤਾ। ਉਸ ਤੋਂ ਬਾਅਦ ਮੈਂ ਉਹਨੂੰ ਭੁੱਲ-ਭੁਲਾਅ ਗਿਆ। ਪਰ ਨਾਟਕ ਯੂਥ ਫੈਸਟੀਵਲ ਵਿੱਚ ਬਹੁਤ ਮਕਬੂਲ ਹੋਇਆ ਸੀ, ਅਤੇ ਹੋਰ ਬਹੁਤ ਲੋਕ ਉਸਨੂੰ ਖੇਡਣ ਲੱਗੇ ਪਏ। ਉਸਦਾ ਪੰਜਾਬੀ ਰੂਪ ਸ਼ਬਦੀਸ਼ ਹੋਰਾਂ ਨੇ ਤਿਆਰ ਕੀਤਾ ਸੀ। ਉਸ ਵੇਲੇ ਮੈਨੂੰ ਪਤਾ ਨਹੀਂ ਸੀ ਕਿ ਇਸਦੀ ਕੀ ਅਹਿਮੀਅਤ ਹੈ।

ਲੱਗਭਗ ਵੀਹ ਸਾਲਾਂ ਬਾਅਦ ਜਦ ਇਸ ਨਾਟਕ ਨੂੰ ਛਪਵਾਉਣ ਦਾ ਖ਼ਿਆਲ ਮੇਰੇ ਮਨ 'ਚ ਆਇਆ ਤਾਂ ਮੈਂ ਦਲਜਿੰਦਰ ਨੂੰ ਫ਼ੋਨ ਕੀਤਾ; ਪਰ ਅਰਸਾ ਬਹੁਤ ਹੋ ਚੁੱਕਾ ਸੀ, ਸੋ ਨਾਟਕ ਨੂੰ 'ਗੁੰਮ ਹੋ ਗਿਆ' ਕਬੂਲ ਕਰ ਲਿਆ ਗਿਆ...।

ਜੇਕਰ ਸ਼ਬਦੀਸ਼ ਹੋਰਾਂ ਵੱਲੋਂ ਕੀਤਾ ਹੋਇਆ ਪੰਜਾਬੀ ਰੂਪ ਉਪਲਬਧ ਨਾ ਹੁੰਦਾ, ਤਾਂ ਇਹ ਨਾਟਕ ਕਿਤਾਬ ਦੀ ਸ਼ਕਲ ਵਿੱਚ ਪਾਠਕਾਂ ਤੱਕ ਪਹੁੰਚਣਾ ਹੀ ਨਹੀਂ ਸੀ। ਅਜਿਹੀ ਸਥਿਤੀ ਵਿੱਚ ਸ਼ਬਦੀਸ਼ ਹੋਰਾਂ ਦਾ ਉਚੇਚੇ ਤੌਰ 'ਤੇ ਸ਼ੁਕਰੀਆ ਅਦਾ ਕਰਦਾ ਹਾਂ।

ਅੱਜ ਇਸ ਨਾਟਕ ਵਿੱਚ ਰਚਨਾ, ਸਰੂਪ ਤੇ ਫ਼ਲਸਫ਼ੇ ਵੱਜੋਂ ਪਹਿਲੇ ਨਾਲੋਂ ਕਈ ਕੁਝ ਵੱਖਰਾ ਹੈ। ਹੋ ਸਕਦਾ ਹੈ ਕਿ ਜਿਨ੍ਹਾਂ ਨੇ ਉਹ ਨਾਟਕ ਵੇਖਿਆ ਹੋਵੇ, ਉਹ ਇਸਨੂੰ ਕਬੂਲ ਨਾ ਕਰ ਸਕਣ। ਪਰ ਮੈਂ ਵੀ ਇਸਨੂੰ ਜਾਣ-ਬੁੱਝ ਕੇ ਨਹੀਂ ਕੀਤਾ। ਮੌਲਿਕ ਸਕ੍ਰਿਪਟ 'ਗੁਆਚ' ਚੁੱਕੀ ਸੀ।

ਸਿਰਫ਼ ਪੰਜਾਬੀ ਅਨੁਵਾਦ ਹੀ ਉਪਲਬਦ ਸੀ ਅਤੇ ਉਸ ਉੱਤੇ ਅਨੁਵਾਦਕ ਦੀ ਛਾਪ ਵੀ ਸੀ। ਪਰ ਮੈਂ ਨਾਟਕ ਨੂੰ ਮੌਲਿਕ ਰੂਪ ਵਿੱਚ ਛਾਪਣਾ ਚਾਹੁੰਦਾ ਸਾਂ।

ਸੋ ਮੈਂ ਨਾਟਕ ਨੂੰ ਮੁੜ ਤੋਂ ਲਿਖਣ ਦਾ ਮਨ ਬਣਾ ਲਿਆ। ਇਸਦਾ ਥੋੜ੍ਹਾ ਜਿਹਾ ਹੁਲਾਰਾ ਮੈਨੂੰ ਲੱਖਾ ਲਹਿਰੀ ਵੱਲੋਂ ਵੀ ਮਿਲਿਆ, ਉਸਦੀ ਖਾਹਿਸ਼ ਸੀ ਕਿ ਮੈਂ ਇਸਦਾ ਵਿਸਥਾਰ ਕਰਾਂ।

ਸੋ ਇਹ ਇੱਕ ਤਰ੍ਹਾਂ ਨਾਲ ਮੁੜ ਰਚਨਾ ਵੀ ਸੀ ਤੇ ਨਵੀਂ ਉਸਾਰੀ ਵੀ। ਇਸ ਵਿੱਚ ਬਹੁਤ ਕੁਝ ਪੁਰਾਣਾ ਹੈ, ਤੇ ਬਹੁਤ ਕੁਝ ਉਹ ਹੈ, ਜੋ ਮੇਰੇ ਅੰਦਰ

ਆਈਆਂ ਤਬਦੀਲੀਆਂ ਨੂੰ ਦਰਸਾਉਂਦਾ ਹੈ। ਬਹੁਤ ਸਾਰੇ ਸੰਵਾਦ ਬਦਲ ਗਏ ਹਨ, ਜੋ ਮੈਨੂੰ ਹੁਣ ਅਤਿ-ਭਾਵੁਕ ਕਿਸਮ ਦੇ ਲੱਗ ਰਹੇ ਸਨ। ਅੰਮਾ ਤੇ ਸਕੀਨਾ ਦਾ ਕਿਰਦਾਰ ਹੋਰ ਡੂੰਘਾ ਹੋ ਗਿਆ ਹੈ, ਪਰ ਰਾਬੀਆ ਦੇ ਕਿਰਦਾਰ ਦੀ ਸ਼ਿੱਦਤ ਉਹੀ ਹੈ। ਬੇਤਾਲ, ਮੇਜਰ ਤੇ ਗੂੰਗੇ ਪੰਡਤ ਵਰਗੇ ਕੁਝ ਨਵੇਂ ਕਿਰਦਾਰ ਵੀ ਹੋਂਦ 'ਚ ਆਏ ਹਨ। ਮੇਰੀ ਕੋਸ਼ਿਸ਼ ਉਦੋਂ ਵੀ ਇਹੀ ਸੀ, ਤੇ ਅੱਜ ਵੀ ਹੈ ਕਿ ਇਸ ਨਾਟਕ ਨੂੰ ਕਿਸੇ ਇੱਕ ਸੂਬੇ ਜਾਂ ਪਿੰਡ ਦੀ ਕਥਾ ਤੱਕ ਸੀਮਿਤ ਨਾ ਹੋਣ ਦਿੱਤਾ ਜਾਵੇ। ਸੋ ਮੈਂ ਉਸ ਉੱਤੇ ਪੂਰਾ ਉਤਰਣ ਦੀ ਪੂਰੀ ਈਮਾਨਦਾਰੀ ਨਾਲ ਕੋਸ਼ਿਸ਼ ਕੀਤੀ ਹੈ।

ਪਾਤਰ :

ਬੇਤਾਲ

ਪੱਤਰਕਾਰ

ਸੰਪਾਦਕ

ਅੰਮਾ

ਰਾਬੀਆ

ਸਕੀਨਾ

ਸ਼ਕੀਲ

ਰਜੀਆ

ਗੂੰਗਾ ਪੰਡਤ

ਮੇਜਰ

ਇੰਸਪੈਕਟਰ

ਦੋ ਸਿਪਾਹੀ

(ਪਿੰਡ ਦੇ ਕੁਝ ਹੋਰ ਆਦਮੀ ਤੇ ਕੁਝ ਪਾਤਰ ਫ਼ੌਜੀ ਵਰਦੀ ਤੇ ਸੰਗੀਨਾਂ ਵਾਲੇ।)

(ਹਲਕੇ ਹਨੇਰੇ 'ਚ ਕਿਸੇ ਨੂੰ ਮੋਢਿਆਂ ਉੱਤੇ ਚੁੱਕੀ ਕੋਈ ਮੰਚ 'ਤੇ ਦਾਖ਼ਲ ਹੁੰਦਾ ਹੈ। ਪਹਿਲੇ ਹੀ ਕਦਮ ਤੋਂ ਉਹ ਹਫ਼ਿਆ ਹੋਇਆ ਤੁਰਦਾ ਹੈ। ਉਸਦੇ ਸਾਹਾਂ ਦੀ ਅਵਾਜ਼ ਦੇ ਨਾਲ ਸਿਰਫ਼ ਹਲਕੀ-ਹਲਕੀ ਹਮਿੰਗ ਦੀ ਅਵਾਜ਼ ਹੁੰਦੀ ਹੈ, ਡੂਮਣੇ ਦੀ ਇਹ ਅਵਾਜ਼, ਜੋ ਬਹੁਤ ਦੂਰੋਂ ਆ ਰਹੀ ਲੱਗਦੀ ਹੈ ਪਰ ਜਿਸਦੀ ਦਿਸ਼ਾ ਬਿਲਕੁਲ ਵੀ ਸਪੱਸ਼ਟ ਨਹੀਂ ਹੈ; ਉਹ ਡੂਮਣੇ ਜਾਂ ਭੌਰਿਆਂ ਦੀ ਗੂੰਜ ਵਰਗੀ ਹੈ। ਫੇਰ ਗੀਤ ਸ਼ੁਰੂ ਹੁੰਦਾ ਹੈ ਤੇ ਉਸਦੇ ਨਾਲ ਰੋਸ਼ਨੀ ਵਧਦੀ ਜਾਂਦੀ ਹੈ।)

ਗੀਤ :

ਕਥਾ ਬੇਤਾਲੀ ਲਿਆਏ ਹਾਂ,
ਬਿਕਰਮ ਭਾਵੇਂ ਹੈ ਨਾਮ ਨਹੀਂ;
ਪਾਤਰ ਭਾਵੇਂ ਜਾਣੇ-ਜਾਣੇ,
ਹੈ ਥਾਓਂ ਕੋਈ ਥਿਰ ਧਾਮ ਨਹੀਂ।

(ਤਿੰਨ ਵਾਰ ਤਾਲ ਹੁੰਦੀ ਹੈ ਤੇ ਮੰਚ ਉੱਤੇ ਪਾਤਰਾਂ ਦੀ ਤੋਰ ਤੇਜ਼ ਹੋ ਜਾਂਦੀ ਹੈ ਤੇ ਗੀਤ ਦੀ ਵੀ ਲੈਅ ਬਦਲਦੀ ਹੈ। ਵੱਖ-ਵੱਖ ਪਾਤਰ ਗੀਤ ਦੀ ਲੈਅ 'ਚ ਮੂਵ ਕਰਦੇ ਹੋਏ ਆਉਂਦੇ ਹਨ ਤੇ ਉਹਨਾਂ ਦੇ ਦੁਆਲੇ ਘੁੰਮਦੇ ਹਨ ਜਿਹੜੇ ਪਹਿਲਾਂ ਤੋਂ ਮੰਚ ਉੱਪਰ ਹਨ। ਕੁਝ ਪਾਤਰ ਸੰਗੀਨਾਂ ਤੇ ਫ਼ੌਜੀ ਬੂਟਾਂ ਵਾਲੇ ਹਨ।)

ਉਸ ਪਿੰਡ ਦੀ ਕਥਾ ਸੁਣਾਉਂਦੇ ਹਾਂ,
ਪਿੰਡੇ, ਜਿਸਦੇ ਦਾ ਨਾਮ ਨਹੀਂ;
ਜਿਹੜਾ ਕੁੱਖੋਂ ਛੁਰੀਆਂ ਜਣਦਾ ਸੀ,
ਸੀ ਮੁੱਕਦੀ ਜਿਸਦੀ ਸ਼ਾਮ ਨਹੀਂ!

ਉਹ ਪਿੰਡ ਸੀ, ਪਿੰਡਾਂ ਵਰਗਾ ਸੀ,
ਜੀ ਖ਼ਾਸ ਕੋਈ ਵੀ ਬਾਤ ਨਾ ਸੀ,
ਦਿਨ ਸੀ ਉਸਦੇ ਬੱਸ ਦਿਨਾਂ ਜਿਹੇ
ਪਿੰਡੇ ਉਤਰੀ ਜਦ ਰਾਤ ਨਾ ਸੀ।
(ਲੈਅ ਮੁੜ ਬਦਲਦੀ ਹੈ। ਹਨੇਰਾ ਵਧਦਾ ਹੈ ਤੇ ਪਾਤਰ ਮਾਈਮ ਵਿੱਚ ਕੁਝ ਮੂਵਜ਼ ਲੈਂਦੇ ਹਨ, ਪਿੱਛੇ ਹਮਿੰਗ ਹੈ।)
ਨਾ ਨਿਤਾਣਾ ਨਹੀਂ, ਪਰ ਤਾਣ ਨਹੀਂ,
ਕੋਈ ਦਾਮ ਨਹੀਂ, ਦਮ ਦਾਮ ਨਹੀਂ!
ਜੋ ਪਿੰਡੇ ਉੱਤੇ ਬੀਤੀ ਹੈ,
ਕਹਿ ਪਿੰਡ ਦੀ ਬਾਤ ਸੁਣਾਈ ਹੈ;
ਸਭ ਸੁਣਿਆ ਪੌਣ ਪੁਰਾਣਾਂ ਨੇ
ਜੋ ਮੋਹਰ ਸੰਗੀਨਾਂ ਲਾਈ ਹੈ।
(ਫ਼ੌਜੀ ਸੰਗੀਨਾਂ ਵਾਲੇ ਤੇ ਦੂਜੇ ਵੱਖੋ-ਵੱਖਰੀਆਂ ਦਿਸ਼ਾਵਾਂ ਵੱਲ ਨੂੰ ਜਾਂਦੇ ਹਨ। ਜਿਸਨੇ ਘਨੇਰੀ ਚੁੱਕਿਆ ਹੋਇਆ ਹੈ ਉਸਦਾ ਸਾਹ ਉੱਖੜਦਾ ਜਾਂਦਾ ਹੈ।)
ਪਿੰਡ ਸਾਡਾ ਪਿੰਡਾ ਅ-ਸਾਡਾ ਹੈ[1]
ਜੀਹਦਾ ਨਾਮ ਨਹੀਂ, ਬੇਨਾਮ ਨਹੀਂ।
(ਰੋਸ਼ਨੀ ਹੋ ਚੁੱਕੀ ਹੈ। ਜਿਸਨੇ ਘਨੇਰੀ ਚੁੱਕਿਆ ਹੈ ਉਹ ਸਾਹੋ-ਸਾਹ ਹੋਇਆ ਬੇਤਾਲਨੁਮਾ ਪਾਤਰ ਨੂੰ ਭੁੰਜੇ ਸੁੱਟ ਦਿੰਦਾ ਹੈ।)

ਪੱਤਰਕਾਰ : ਬੱਸ ਮੈਂ ਨਹੀਂ ਤੈਨੂੰ ਹੋਰ ਢੋਹ ਸਕਦੀ।

ਬੇਤਾਲ : (ਗੌਹ ਨਾਲ ਦੇਖਦੇ ਹੋਏ) ਚੱਲ ਉਹ ਕਥਾ ਸੁਣਾ ਫੇਰ, ਜੋ ਮੈਂ ਹੁਣੇ ਸੁਣਾਈ। ਜੇ ਸੁਣਾ ਦਿੱਤੀ ਹੂ-ਬ-ਹੂ; ਬਿਨ੍ਹਾਂ ਕੋਈ ਆਪਣੀ ਟੰਗ ਘੁਸੇੜਿਆਂ, ਤਾਂ ਤੂੰ ਮੁਕਤ... ਆਜ਼ਾਦ। ਮੈਂ ਆ ਜਾਵਾਂਗਾ ਤਾਲ ਵਿੱਚ; ਕਿਸੇ ਬਾਲ ਵਾਂਗ, ਨਹੀਂ ਤਾਂ... ਉਹੀ ਚੌਰਾਸੀ ਦਾ ਗੇੜ। ਕਦੇ ਓਸ ਟਹਿਣੀ... ਕਦੇ ਓਸ ਬੰਨੇ... ਫੁਰਰ...।

1 'ਅ-ਸਾਡਾ' ਸ਼ਬਦ ਬੇਗਾਨੇ ਦੇ ਅਰਥਾਂ 'ਚ ਗਾਇਆ ਜਾਵੇਗਾ।)

(ਇੱਕ ਪਾਸੇ ਨੂੰ ਸਰੋਤਾ ਬਣਕੇ ਬਹਿ ਜਾਂਦਾ ਹੈ। ਪੱਤਰਕਾਰ ਸੋਚਦੀ ਹੋਈ ਖੜ੍ਹੀ ਹੈ। ਰੋਸ਼ਨੀ ਸਿਰਫ਼ ਦੋਹਾਂ 'ਤੇ ਹੈ। ਕੁਝ ਹੋਰ ਪਾਤਰ ਦੋ ਕਾਲੇ ਬਕਸੇ ਮੰਚ ਦੇ ਦੂਜੇ ਪਾਸੇ ਰੱਖਕੇ ਚਲੇ ਜਾਂਦੇ ਹਨ। ਬਕਸਿਆਂ ਉੱਤੇ ਕੁਝ ਰਸਾਲੇ ਤੇ ਅਖ਼ਬਾਰ ਕਿਤਾਬਾਂ ਵਗੈਰਾ ਪਈਆਂ ਹਨ।)

ਪੱਤਰਕਾਰ : ਮੈਂ ਪੱਤਰਕਾਰ ਹਾਂ।

(ਬੇਤਾਲ ਆਪਣਾ ਹਾਸਾ ਰੋਕਦਾ ਹੈ।)

ਪੱਤਰਕਾਰ : (ਉਸ ਵੱਲ ਦੇਖਕੇ ਮੁੜ ਦਰਸ਼ਕਾਂ ਵੱਲ) ਮੁਆਫ਼ ਕਰਨਾ; ਹਾਂ ਨਹੀਂ, ਹੁੰਦੀ ਸੀ ਕਦੇ।

ਪੱਤਰਕਾਰ : ਤੁਸੀਂ ਜ਼ਰੂਰ ਪੁੱਛੋਗੇ ਕਿ ਹੁਣ ਕੀ ਹਾਂ? ...ਕੀ ਦੱਸਾਂ, ਬੱਸ ਸਮਝ ਲਓ ਕਿ ਜ਼ਰਾ ਟੇਢਾ ਮਾਮਲਾ ਹੈ। ਮੇਰੀ ਆਪਣੀ ਸਮਝ ਤੋਂ ਬਾਹਰ ਹੈ।

(ਬੇਤਾਲ ਮੁੜ ਕੇ ਹੱਸਦਾ ਹੈ। ਉਹ ਉਸ ਵੱਲ ਦੇਖ ਕੇ ਘੂਰਦੀ ਹੈ ਤਾਂ ਉਹ ਚੁੱਪ ਕਰ ਜਾਂਦਾ ਹੈ ਤੇ ਉਸਨੂੰ ਜਾਰੀ ਰਹਿਣ ਦਾ ਇਸ਼ਾਰਾ ਕਰਦਾ ਹੈ।)

ਪੱਤਰਕਾਰ : ਦਰਅਸਲ ਸਾਡੇ ਕੁਝ ਦਸਤੂਰ ਨੇ; ਜਿਨ੍ਹਾਂ ਦੇ ਸਿਰ 'ਤੇ ਸਾਡੀ ਪਛਾਣ ਬਣਦੀ ਹੈ। ਮਸਲਨ ਕੋਈ ਫ਼ਾਇਲ ਉਠਾਉਂਦੈ, ਤਾਂ ਚਪੜਾਸੀ ਹੋ ਜਾਂਦੈ। ਕੋਈ ਬੋਝ ਉਠਾਉਂਦਾ ਏ ਤਾਂ ਕੁਲੀ ਕਹਿਣ ਲੱਗਦੇ ਹਾਂ ਉਸਨੂੰ। ਤੇ ਜੇ ਕੋਈ ਕਲਮ ਚਲਾਵੇ ਤਾਂ ਲੇਖਕ... ਜਾਂ ਫੇਰ ਪੱਤਰਕਾਰ। ਜਿਵੇਂ ਮੈਂ ਕਦੇ ਹੁੰਦੀ ਸੀ, ਜੋ ਅੱਜ ਨਹੀਂ ਹਾਂ। ਹੁਣ ਮੇਰੀ ਕੋਈ ਪਛਾਣ ਨਹੀਂ ਹੈ। ਕਹਿ ਨਹੀਂ ਸਕਦੀ ਕਿ ਕੌਣ ਹਾਂ ਮੈਂ। ਸੱਚ ਦੱਸਾਂ ਤਾਂ, ਇਹ ਗੱਲ ਮੈਨੂੰ ਵੀ ਹੁਣੇ-ਹੁਣੇ ਹੀ ਸਮਝ 'ਚ ਆਈ ਐ, ਜਦੋਂ ਦੀ ਜ਼ਰਾ ਕੁ ਧਰਤੀ 'ਤੇ ਉੱਤਰੀ ਹਾਂ।

(ਆਲੇ-ਦੁਆਲੇ ਦੇਖਦੇ ਹੋਏ।) ਉੱਤਰੀ ਵੀ ਕਾਹਦੀ ਆਂ, ਬੱਸ ਸੁੱਟ ਦਿੱਤੀ ਗਈ ਹਾਂ, ਕਿਸੇ ਬੇਜਾਨ ਚੀਜ਼ ਵਾਂਗ। ਹੈਰਾਨ-ਪਰੇਸ਼ਾਨ ਆਂ ਕਿ ਕਿਵੇਂ... ਉਸ ਕੁੜੀ ਨੇ ਮੇਰੇ ਚਿਹਰੇ ਤੋਂ ਨਕਾਬ

ਲਾਹ ਮਾਰਿਐ; ਜਿਵੇਂ ਚਿਹਰਾ ਹੀ ਨਹੀਂ ਰਿਹਾ। (ਵਿਅੰਗ 'ਚ) ਚਿਹਰਾ ਵੀ ਤਾਂ ਦਰਅਸਲ ਸਿਰਾਂ ਵਾਲਿਆਂ ਦਾ ਹੁੰਦੈ। ਪਰ ਮੈਨੂੰ ਤਾਂ ਲਗਦੈ ਮੇਰੇ ਮੋਢਿਆਂ 'ਤੇ ਬੱਸ ਬੋਝ ਹੈ, ਸਿਰ ਹੈ ਨਹੀਂ। ਤੇ ਮੈਂ ਜੋ ਪਤਾ ਨਹੀਂ ਕੀ-ਕੀ ਹੋਣ ਤੇ ਕਰਨ ਦੇ ਸੁਫ਼ਨੇ ਸੰਜੋਅ ਰਹੀ ਸੀ, ਬੇਸਿਰੀ ਹੋ ਕੇ ਰਹਿ ਗਈ ਹਾਂ। ਤੇ ਬਚਿਆ...

(ਚੋਰੀ ਜਿਹੇ ਬੇਤਾਲ ਵੱਲ ਦੇਖਦੀ ਹੈ ਤੇ ਫੇਰ ਲੋਕਾਂ ਵੱਲ) ਕਹਿ ਨਹੀਂ ਸਕਦੀ ਕਿ ਸਿਰ-ਹੀਣੇ ਲੋਕਾਂ ਸਾਹਵੇਂ ਹਾਂ ਜਾਂ ਸਿਰਾਂ ਵਾਲਿਆਂ ਨੂੰ ਮੁਖ਼ਾਤਬ ਹੋ ਰਹੀ ਹਾਂ। (ਬੇਤਾਲ ਵੱਲ ਜਾਂਦੇ ਹੋਏ) ਇਹ ਸ਼ਾਇਦ ਸਾਫ਼ ਨਹੀਂ ਹੈ; ਪਰ ਉਹ ਦਿਨ ਅੱਜ ਵੀ ਮੈਨੂੰ ਸ਼ੀਸ਼ੇ ਵਾਂਗ ਸਾਫ਼ ਦਿਖਦੈ... ਪ੍ਰੈੱਸ ਕੌਂਸਲ ਦੀ ਮੀਟਿੰਗ 'ਚੋਂ ਆਈ ਸੀ, ਹਾਰੀ ਹੋਈ ਤੇ ਹਤਾਸ਼, ਪਰ ਜੋਸ਼ 'ਚ ਵੀ ਸੀ।

(ਦਰਵਾਜ਼ੇ ਦੀ ਘੰਟੀ ਵੱਜਦੀ ਹੈ। ਉਹ ਦਰਵਾਜ਼ਾ ਖੋਲ੍ਹਦੀ ਹੈ, ਬਾਹਰ ਸੰਪਾਦਕ ਖੜ੍ਹਾ ਹੈ।)

ਪੱਤਰਕਾਰ : ਤੁਸੀਂ..., ਏਸ ਵੇਲੇ... ਇੱਥੇ!

ਸੰਪਾਦਕ : ਕਿਉਂ; ਨਹੀਂ ਸੀ ਆਉਣਾ ਚਾਹੀਦਾ?

ਪੱਤਰਕਾਰ : (ਰਾਹ ਛੱਡਦੇ ਹੋਏ) ਨਹੀਂ, ਇਹ ਤਾਂ ਮੈਂ ਨਹੀਂ ਕਿਹਾ।

(ਦੋਹੇਂ ਬਕਸਿਆਂ ਉੱਤੇ ਆ ਕੇ ਬਹਿ ਜਾਂਦੇ ਹਨ। ਬੇਤਾਲ ਝੋਂਕੇ ਮਾਰਨ ਲੱਗਦਾ ਹੈ।)

ਸੰਪਾਦਕ : ਰਿਲੈਕਸ, ਮੈਂ ਤਾਂ ਬੱਸ... ਐਵੇਂ ਈ ਆ ਗਿਆ।

ਪੱਤਰਕਾਰ : (ਮੁਸਕਰਾਉਂਦੀ ਹੈ) ਐਵੇਂ ਈ? (ਰਸਾਲੇ ਵਗੈਰਾ ਚੁੱਕਦੀ ਹੋਈ।)

ਸੰਪਾਦਕ : ਨਹੀਂ ਐਵੇਂ ਈ ਤਾਂ ਨਹੀਂ; ਸੋਚਿਆ ਸ਼ਾਇਦ ਤੂੰ ਫ਼ੈਸਲਾ ਬਦਲ ਲਿਆ ਹੋਵੇ, ਜਾਂ ਬਦਲ ਲਵੇਂ।

ਪੱਤਰਕਾਰ : ਨਾਟ ਐਟ ਆਲ। ਜਾ ਰਹੀ ਹਾਂ ਮੈਂ। ਅੱਜ ਰਾਤ ਦੀ ਹੀ ਟ੍ਰੇਨ ਹੈ।

ਸੰਪਾਦਕ : ਟ੍ਰੇਨ, (ਹਾਉਕਾ) ਬਹੁਤ ਖ਼ੂਬ! (ਸੋਚਦੇ ਹੋਏ) ਫੇਰ ਤਾਂ ਚੰਗਾ ਹੀ ਹੋਇਆ...।

ਪੱਤਰਕਾਰ : ਕਿ ਤੁਸੀਂ ਆ ਗਏ; ਫੇਰ ਪਤਾ ਨਹੀਂ ਕਦੇ ਮੁਲਾਕਾਤ ਹੋਵੇ ਜਾਂ...।

ਸੰਪਾਦਕ : ਮਤਲਬ?

ਪੱਤਰਕਾਰ : ਇਹੋ ਕਹਿਣਾ ਚਾਹੁੰਦੇ ਸੀ ਨਾ ਤੁਸੀਂ? ਥੈਂਕਯੂ, ਆਉਣ ਲਈ। (ਬੈਠ ਜਾਂਦੀ ਹੈ।)

ਸੰਪਾਦਕ : ਅੰਦਾਜ਼ਾ ਵੀ ਹੈ ਤੈਨੂੰ... ਕਿੱਥੇ... ਜਾ ਕਿੱਥੇ ਰਹੀ ਏਂ ਤੂੰ?

ਪੱਤਰਕਾਰ : ਯੈੱਸ ਬਾਸ। (ਸੋਚਣ ਦਾ ਨਾਟਕ ਕਰਦੀ ਹੋਈ।) ਉਂ...; ਕੋਈ ਜਗ੍ਹਾ ਹੈ, ਜਿੱਥੇ ਦੀਆਂ ਸਾਰੀਆਂ ਔਰਤਾਂ ਨਾਲ ਬਲਾਤਕਾਰ ਹੋ ਗਿਐ, (ਸੰਜੀਦਾ ਹੁੰਦੀ ਹੋਈ।) ਤੇ ਉਹ ਵੀ ਦੇਸ਼ ਦੇ ਰਾਖਿਆਂ ਵੱਲੋਂ।

ਸੰਪਾਦਕ : ਤੂੰ ਬਹੁਤ ਇਮੋਸ਼ਨਲ ਹੋ ਰਹੀ ਏਂ, ਤੇ ਇਮੋਸ਼ਨਲ ਬੰਦਾ ਸੋਚ ਨਹੀਂ ਸਕਦਾ।

(ਆਪਣਾ ਸਮਾਨ ਪੈਕ ਕਰਨ ਲੱਗਦੀ ਹੈ।)

ਪੱਤਰਕਾਰ: ਮਹਿਸੂਸ ਤਾਂ ਕਰ ਸਕਦੈ! (ਚੁੱਪੀ)

ਪੱਤਰਕਾਰ : ਮੈਂ ਸੱਚ ਦੇਖਣਾ ਚਾਹੁੰਦੀ ਹਾਂ। ਉਹ ਸੱਚ..., ਜਿਸਨੂੰ ਤੁਹਾਡੀਆਂ ਐਨਕਾਂ ਦੇ ਸ਼ੀਸ਼ੇ... ਤੁਹਾਨੂੰ ਦੇਖਣ ਨਹੀਂ ਦਿੰਦੇ, ਅੰਨ੍ਹੀ ਹੋ ਗਈ ਹੈ ਪ੍ਰੈੱਸ ਕੌਂਸਲ... (ਅਟੈਚੀ ਬੰਦ ਕਰਦੀ ਹੈ।) ਤੇ ਸਾਰੀ ਪੱਤਰਕਾਰ ਬਰਾਦਰੀ।

ਸੰਪਾਦਕ : (ਤੜਫ਼ਕੇ) ਹਾਲਾਤ ਠੀਕ ਨਹੀਂ ਹਨ।

ਪੱਤਰਕਾਰ : ਕਦੇ ਵੀ ਨਹੀਂ ਸਨ।

ਸੰਪਾਦਕ : ਗ਼ਲਤ ਸੋਚ ਰਹੀ ਏਂ ਤੂੰ...।

ਪੱਤਰਕਾਰ : ਹਾਂ, ਅੱਖ ਦੇ ਟੀਰ ਨੂੰ ਸ਼ੀਸ਼ੇ 'ਚੋਂ ਲੱਭ ਰਹੀ ਹਾਂ। (ਉਸ ਵੱਲ ਮੁੜਕੇ।) ਤੁਹਾਨੂੰ ਪਤਾ ਬਲਾਤਕਾਰ ਦਾ ਮਤਲਬ?

ਸੰਪਾਦਕ : (ਟਾਲਣ ਦੀ ਕੋਸ਼ਿਸ਼ ਕਰਦੇ ਹੋਏ।) ਆਹ... ਅਫਕੋਰਸ..., ਡਿਕਸ਼ਨਰੀ ਮੀਨਿੰਗ ਤਾਂ... ਤੂੰ

ਪੱਤਰਕਾਰ : ਓ ਕਮ ਔਨ, ਇਹ ਮਜ਼ਾਕ ਦਾ ਵਿਸ਼ਾ ਨਹੀਂ ਹੈ। ਜ਼ਬਰਦਸਤੀ ਕੋਈ ਤੁਹਾਡੇ ਸ਼ਰੀਰ ਅੰਦਰ...; ਸ਼ਿੱਟ...

ਸੰਪਾਦਕ : ਰਿਲੈਕਸ।

ਪੱਤਰਕਾਰ : ਰਿਲੈਕਸ; ਕਿਵੇਂ ਰਿਲੈਕਸ? ਤੁਹਾਡੀ ਹੋਂਦ ਨੂੰ ਕੋਈ ਦੋਹਾਂ ਪਾਸਿਆਂ ਤੋਂ ਚੀਰ... ਫਾੜ ਰਿਹਾ ਹੋਵੇ ਤੇ ਤੁਸੀਂ ਰਿਲੈਕਸ...।

(ਚੁੱਪ)

ਸੰਪਾਦਕ : ਇਹ ਸਮਝਾਉਣ ਲਈ ਧਰਤੀ ਨੂੰ ਹਾਲੇ ਵੀਹ ਪੱਚੀ ਗੇੜੇ ਸੂਰਜ ਦੁਆਲੇ ਹੋਰ ਮਾਰਨੇ ਪੈਣੇ।

ਪੱਤਰਕਾਰ : ਓ, ਕਿੰਨੀ ਓਰਿਜਨਲ ਸੋਚ ਐ ਤੁਹਾਡੀ! ਮੇਰੀ ਖੋਪੜੀ 'ਚ ਨਹੀਂ ਆਉਣੀ। (ਚੁੱਪ) ਕਾਫ਼ੀ ਲੈਕੇ ਆਉਂਦੀ ਆਂ।

ਸੰਪਾਦਕ : ਨੋ ਥੈਂਕਸ, ਤੇਰੀ ਟਰੇਨ ਦਾ ਟਾਇਮ ਹੋ ਰਿਹਾ ਹੋਵੇਗਾ। ਬੈਸਟ ਆਫ਼ ਲੱਕ। (ਜਾਂਦੇ ਹੋਏ ਰੁਕ ਕੇ।) ਵੈਸੇ ਧੱਕਾ ਹਰ ਕੋਈ ਕਰਦੈ, ਬੱਸ ਕਿਸੇ ਕੋਲ ਤਲਵਾਰ ਹੈ ਤੇ ਕੋਈ (ਉਸ ਵੱਲ ਦੇਖਦੇ ਹੋਏ।) ਕਲਮ ਨੂੰ ਹੀ ਤਲਵਾਰ ਬਣਾ ਲੈਂਦਾ।

(ਚੁੱਪ)

ਪੱਤਰਕਾਰ : ਮਤਲਬ ਕਿ ਸੱਭ ਚੁੱਪ ਕਰ ਜਾਣ, ਤੁਹਾਡੀ ਪ੍ਰੈੱਸ ਕੌਂਸਲ ਵਾਂਗ ਮੌਨੀ ਬਾਬੇ ਬਣ ਜਾਣ। ਮੰਨ ਲੈਣ ਕਿ ਕੁੱਝ ਹੋਇਆ ਈ ਨਹੀਂ? ਸੱਭ ਝੂਠ; ਬਕਵਾਸ ਹੈ..., ਹਾਂ ਨਾਲੇ ਫ਼ੌਜੀ ਵੀ ਤਾਂ ਇਨਸਾਨ ਨੇ... ਮਰਦ ਨੇ... ਦਿਲ ਡੋਲ ਜਾਂਦੈ ਜਾਂ ਬਦਲਾ ਲੈਣਾ ਹੁੰਦੈ... ਦੁਸ਼ਮਣ ਤੋਂ। (ਉਸ ਵੱਲ ਤਨਜ਼ ਭਰੀਆਂ ਨਜ਼ਰਾਂ ਨਾਲ ਦੇਖਦੀ ਹੈ।)

ਸੰਪਾਦਕ : (ਹਾਉਕਾ) ਵਿਸ਼ ਯੂ ਲੱਕ... ਅਗੇਨ। ਲੇਟ ਹੋ ਰਹੀ ਹੋਵੇਂਗੀ। (ਚਲਾ ਜਾਂਦਾ ਹੈ।)

(ਪੱਤਰਕਾਰ ਨੂੰ ਹੱਸਦਾ ਦੇਖਕੇ ਬੇਤਾਲ ਸਿਰ ਚੁੱਕਦਾ ਹੈ।)

ਪੱਤਰਕਾਰ : ਫੀਲਿੰਗ ਜੈਲਸ, ਦਿਖਾ ਦੇਵਾਂਗੀ ਕਿ ਕਲਮ ਹਾਲੇ ਜਿਉਂਦੀ ਹੈ। ਛੇਤੀ ਹੀ ਮੁਲਾਕਾਤ ਹੋਵੇਗੀ; ਸੁਰਖ਼ੀਆਂ 'ਚ, ਹੈੱਡ ਲਾਈਨਜ਼...। ਤੇ ਉਹ ਕਰਾਰਾ ਥੱਪੜ ਹੋਵੇਗਾ ਸਾਰੀ ਪ੍ਰੈੱਸ ਕੌਂਸਲ ਦੇ ਮੂੰਹ 'ਤੇ। (ਚੁੱਪ)

(ਬੇਤਾਲ ਕੋਲ ਜਾਂਦੀ ਹੈ।)

ਪੱਤਰਕਾਰ : ...ਤੇ ਮੈਂ ਮੰਜ਼ਿਲ ਵੱਲ ਤੁਰ ਪਈ। ਨਵਾਂ ਧਮਾਕਾ ਹੋਣਾ ਸੀ ਪੱਤਰਕਾਰੀ ਦੀ ਦੁਨੀਆ ਵਿੱਚ। ਖ਼ੈਰ! ਦੋਸ਼ੀਆਂ ਨੂੰ ਮਿਲਣਾ ਜ਼ਰੂਰੀ ਸੀ। ਆਰਮੀ ਹੈੱਡ ਆਫ਼ਿਸ ਗਈ, ਪੱਲੇ ਤਾਂ ਉੱਥੋਂ ਕੀ

ਪੈਣਾ ਸੀ? ਹਰ ਨਜ਼ਰ 'ਚ ਲੁਕਵੀਂ ਜਿਹੀ ਇੱਕ ਧਮਕੀ ਸੀ, ਪਤਾ ਨਹੀਂ ਉਹ ਖਿਝ ਜਾਂ ਖ਼ੌਫ਼ ਸੀ...।

ਕੀ ਬੰਦੇ ਤੋਂ ਇਲਾਵਾ ਵੀ ਕਿਸੇ ਹੋਰ ਸਪੀਸੀ (ਪ੍ਰਾਣੀ) ਨੇ ਆਪਣੇ ਹੀ ਨਾਲ਼ਦਿਆਂ ਤੋਂ ਡਰਦਿਆਂ ਐਡਾ ਜੁਗਾੜ ਖੜ੍ਹਾ ਕੀਤਾ ਹੋਵੇ; (ਮੋਢੇ ਝਟਕਦੀ ਹੈ।) ਫ਼ੌਜਾਂ, ਛਾਉਣੀਆਂ, ਟੈਂਕ। ਇਹੋ... ਬਕਵਾਸ... ਸੋਚਦੀ ਹੋਈ ਮੈਂ ਬਾਹਰ ਆ ਗਈ।

ਮੈਂ ਪਹਿਲੀ ਵਾਰ ਰਾਜਧਾਨੀ 'ਚੋਂ ਨਿਕਲੀ ਸਾਂ, ਪਰ ਰਾਜਧਾਨੀ ਮੇਰੇ 'ਚੋਂ ਨਹੀਂ ਸੀ ਨਿਕਲੀ। ਹਰ ਕਿਸੇ ਨੂੰ ਨਜ਼ਰ ਆ ਜਾਂਦੀ, ਨਜ਼ਰ ਆਉਂਦੀ... ਜਾਂ ਪਤਾ 'ਨੀ ਬੋਅ ਆਉਂਦੀ। (ਹਾਉਕਾ) ਅਜੀਬ ਸਥਿਤੀ; ਖੁੱਲ੍ਹੇ ਆਸਮਾਨ ਵਿੱਚ ਲੱਗਦਾ ਸੀ ਦਮ ਘੁੱਟ ਰਿਹੈ। ਉੱਚੀਆਂ ਟੀਸੀਆਂ 'ਤੇ ਬਰਫ਼ ਦਿਖਦੀ... ਪਰ ਪਸੀਨਾ ਕਿਉਂ ਆ ਰਿਹਾ ਸੀ? ਹਰ ਸ਼ੈਅ ਆਪਣੇ ਤੋਂ ਹੀ ਉਲਟ ਅਰਥ ਦੇ ਰਹੀ ਸੀ।

(ਕੁਝ ਲੋਕ ਮੰਚ ਉੱਤੋਂ ਵੱਖ-ਵੱਖ ਦਿਸ਼ਾਵਾਂ 'ਚ ਜਾਂਦੇ ਹਨ, ਜਿਨ੍ਹਾਂ 'ਚ ਫ਼ੌਜੀ ਵਰਦੀ ਵਾਲੇ ਵੀ ਹਨ। ਉਹ ਰੋਕਣ ਅਤੇ ਕੁਝ ਪੁੱਛਣ ਦੀ ਕੋਸ਼ਿਸ਼ ਕਰਦੀ ਹੈ, ਪਰ ਕੋਈ ਰੁਕਦਾ ਨਹੀਂ। ਜੇ ਕੋਈ ਰੁਕਦਾ ਹੈ ਤਾਂ ਉਸਦੀ ਗੱਲ ਸੁਣਕੇ ਡਰਦਾ ਭੱਜ ਜਾਂਦਾ ਜਾਂ ਗੁੱਸੇ 'ਚ ਗਾਲ੍ਹਾਂ ਕੱਢਦਾ ਜਾਂਦਾ ਹੈ।)

ਪੱਤਰਕਾਰ : (ਉੱਚੀ।) ਕੋਈ ਟੈਕਸੀ ਵਾਲਾ ਜਾਣ ਨੂੰ ਤਿਆਰ ਨਹੀਂ ਸੀ, ਪਤਾ ਨਹੀਂ ਉਸ ਪਿੰਡ ਦੇ ਨਾਂ 'ਚ ਅਜਿਹਾ ਕੀ ਸੀ।

(ਇੱਕ ਦਾਹੜੀ ਵਾਲਾ ਪੰਡਿਤ ਆਉਂਦਾ ਹੈ, ਜਿਸਦੇ ਸਿਰ 'ਤੇ ਬੋਦੀ ਹੈ ਤੇ ਉੱਪਰ ਉਸਨੇ ਅਰਬੀ ਟੋਪੀ ਵੀ ਲਈ ਹੋਈ ਹੈ। ਉਹ ਪੱਤਰਕਾਰ ਨੂੰ ਕੁੱਝ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਪੰਡਤ ਗੂੰਗਾ ਹੋਣ ਕਰਕੇ, ਪੱਤਰਕਾਰ ਕੁੱਝ ਸਮਝ ਨਹੀਂ ਸਕਦੀ। ਪਿੱਛੋਂ ਆਜ਼ਾਨ ਦੀ ਅਵਾਜ਼ ਆਉਂਦੀ ਹੈ ਤੇ ਉਸਦੇ ਨਾਲ ਈ ਛਿੜੇ ਹੋਏ ਡੂਮਣੇ ਦੀਆਂ ਅਵਾਜ਼ਾਂ ਇਕਦਮ ਤੇਜ਼ ਹੁੰਦੀਆਂ ਹਨ। ਪੰਡਤ ਕੁਝ ਚੀਖ਼ਦਾ ਭੱਜ ਜਾਂਦਾ ਹੈ ਤੇ ਇੱਕ ਮੁੱਲਾ ਆਉਂਦਾ ਹੈ।

ਪੱਤਰਕਾਰ ਡੂਮਣੇ ਦੀਆਂ ਉਹਨਾਂ ਅਵਾਜ਼ਾਂ ਤੋਂ ਅਚੇਤ ਤੌਰ 'ਤੇ ਹੀ ਪਰੇਸ਼ਾਨ ਹੋ ਰਹੀ ਹੈ।)

ਪੱਤਰਕਾਰ : ਮੀਆਂ ਜੀ...

ਮੁੱਲਾ : ਜੀ ਮੁਹਤਰਮਾ।

(ਪਿੱਛੋਂ ਬੇਤਾਲ ਜ਼ੋਰ-ਜ਼ੋਰ ਦੀ ਹੱਸਦਾ ਹੈ।)

ਪੱਤਰਕਾਰ : ਫ਼ੇਰ ਪਤਾ ਨੀ, ਮੇਰੀ ਗੱਲ ਸੁਣਦਿਆਂ ਹੀ ਉਸਨੂੰ ਕੀ ਹੋ ਗਿਆ !

ਮੁੱਲਾ : ਲਾਹੌਲ...! (ਜਾਂਦੇ ਹੋਏ।) ਈਮਾਨ ਖ਼ਰਾਬ ਕਰੇਗੀ ਮੇਰਾ, ਇਤਨਾ ਭੀ ਹੋਸ਼ ਨਹੀਂ... ਨਮਾਜ਼ ਕਾ ਵਕਤ ਨਿਕਲ ਰਹਾ ਹੈ।

(ਪੱਤਰਕਾਰ ਹੈਰਾਨ ਪਰੇਸ਼ਾਨ ਹੋਈ ਖੜ੍ਹੀ ਹੈ। ਗੂੰਗਾ ਪੰਡਤ ਮੁੜ ਆਉਂਦਾ ਹੈ ਤੇ ਜ਼ਬਰਦਸਤੀ ਪੱਤਰਕਾਰ ਦਾ ਹੱਥ ਫੜ ਕੇ ਇੱਕ ਪਾਸੇ ਨੂੰ ਧੂੰਹਦਾ ਹੈ। ਉਹ ਘਬਰਾ ਜਾਂਦੀ ਹੈ। ਦੂਜੇ ਪਾਸਿਓਂ ਮੇਜਰ ਆਉਂਦਾ ਹੈ।)

ਪੱਤਰਕਾਰ : ਕੀ ਕਰ ਰਹੇ ਓ? ਛੱਡੋ ਮੈਨੂੰ...

(ਗੂੰਗਾ ਪੰਡਤ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਡਰਨ ਦੀ ਕੋਈ ਲੋੜ ਨਹੀਂ ਹੈ; ਪਰ ਉਸਦਾ ਡਰ ਵਧਦਾ ਹੀ ਜਾਂਦਾ ਹੈ। ਫਿਰੋਨ ਪਾਈ ਇੱਕ ਮੁੰਡਾ ਦੌੜਿਆ ਆਉਂਦਾ ਹੈ।)

ਮੁੰਡਾ : (ਛੁਡਾਉਂਦੇ ਹੋਏ।) ਨਾਨੂ ਨਾਨੂ, ਛੱਡੋ... ਕੀ ਕਰਦੇ ਓ? ਤੁਸੀਂ ਘਬਰਾਓ ਨਹੀਂ, ਇਹ ਕੁਝ ਨਹੀਂ ਕਹਿਣਗੇ ਤੁਹਾਨੂੰ।

(ਮੁੰਡਾ ਗੂੰਗੇ ਪੰਡਤ ਨੂੰ ਧੂਹ ਕੇ ਲੈ ਕੇ ਜਾਂਦਾ ਹੈ। ਉਹ ਆਪਣੇ ਸਿਰ ਤੋਂ ਟੋਪੀ ਲਾਹੁੰਦਾ ਹੈ ਤਾਂ ਉਸਦੀ ਖੁੱਲ੍ਹੀ ਬੋਦੀ ਨਜ਼ਰ ਆਉਂਦੀ ਹੈ।)

ਮੇਜਰ : (ਦੂਰੋਂ) ਮੈਡਮ।

ਪੱਤਰਕਾਰ : (ਚੌਂਕ ਕੇ) ਹੂੰ।

ਮੇਜਰ : ਆਓ ਮੈਂ ਛੱਡ ਦਿੰਨਾ ਬੱਸ ਸਟਾਪ 'ਤੇ। ਨੇੜੇ ਹੀ ਏ।

(ਮੂਵ ਲੈ ਕੇ ਦੂਜੇ ਪਾਸੇ ਜਾਂਦਾ ਹੈ ਤੇ ਪੱਤਰਕਾਰ ਵੀ ਉਸਦੇ ਪਿੱਛੇ ਜਾਂਦੀ ਹੈ। ਬੇਤਾਲ ਦੋਹਾਂ ਵੱਲ ਗੌਰ ਨਾਲ ਦੇਖਦਾ ਹੈ।)

ਪੱਤਰਕਾਰ : ਇਹ ਗੂੰਗੇ ਸੱਜਣ ਕੌਣ ਸਨ? ਸੌਰੀ... ਬਟ, ਉਹ...।

ਮੇਜਰ : ਵਿਦਿਆ ਧਰ ਪੰਡਿਤ। ਕਦੇ ਧਰੁਪਦ ਗਾਉਣ ਲਈ ਜਾਣੇ ਜਾਂਦੇ ਸਨ। (ਹਾਉਕਾ) ਫੇਰ ਸ਼ਾਕ ਲੱਗਿਆ..., ਹੁਣ ਬੋਲ ਨਹੀਂ ਸਕਦੇ। ਇੱਥੋਂ ਦੇ ਲੋਕਲ ਨਹੀਂ... ਪਰ ਕਿਤੇ ਵੀ ਪਹੁੰਚ ਜਾਂਦੇ, (ਉੱਪਰ ਥੱਲੇ ਦੇਖਦੇ ਹੋਏ।) ਸਭ ਉਹਨਾਂ ਦੀ ਭਾਸ਼ਾ ਸਮਝਦੇ ਨੇ। ਇਹਨਾਂ ਦੇ ਨਾਲ ਦੇ ਘੱਟ ਹੀ ਬਚੇ ਨੇ, ਕੁਝ ਮਾਰੇ ਗਏ ਤੇ ਬਾਕੀ ਡਰਕੇ...। (ਚੁੱਪ) ਇਸੇ ਸਪੀਕਰ 'ਚੋਂ ਕਤਲੋਗਾਰਦ ਦੇ ਸੱਦੇ ਦਿੰਦਿਆਂ ਅਵਾਜ਼ਾਂ ਆਈਆਂ ਸਨ। ਗਾਜ਼ੀ...

ਪੱਤਰਕਾਰ : (ਜਿਵੇਂ ਸਭ ਸਮਝ ਗਈ ਹੋਵੇ।) ਓ, ਆਈ ਸੀ। (ਮੇਜਰ ਦੇ ਚਿਹਰੇ 'ਤੇ ਮੁਸਕਰਾਹਟ ਆਉਂਦੀ ਹੈ, ਜਿਸਨੂੰ ਉਹ ਨੋਟ ਕਰਦੀ ਹੈ।)

ਮੇਜਰ : ਨਾਟ ਸੋ ਈਜ਼ੀ।

ਪੱਤਰਕਾਰ : ਸੌਰੀ; ਇਹ ਤਾਂ ਨਹੀਂ ਕਹਿ ਸਕਦੀ ਕਿ ਸਭ ਸਮਝ ਗਈ ਹਾਂ, ਬਟ... ਕੁਝ-ਕੁਝ

ਮੇਜਰ : (ਗੰਭੀਰ ਹੋ ਜਾਂਦਾ ਹੈ।) ਤੁਹਾਨੂੰ ਉੱਥੇ ਨਹੀਂ ਜਾਣਾ ਚਾਹੀਦਾ... (ਚੁੱਪ) ਇਸ ਲਈ ਨਹੀਂ ਕਿ ਮੈਂ ਫ਼ੌਜ 'ਚੋਂ ਹਾਂ...।

ਪੱਤਰਕਾਰ : (ਹੈਰਾਨ ਹੋ ਕੇ ਪਛਾਣਨ ਦੀ ਕੋਸ਼ਿਸ਼ ਕਰਦੀ ਹੈ।) ਓ, ਤੁਸੀਂ...!

ਮੇਜਰ : ਹੂੰ ਬਿਰਗੇਡੀਅਰ ਸਾਹਿਬ ਦੇ ਪਿੱਛੇ ਖੜ੍ਹਾ ਸੀ, ਉਦੋਂ ਵਰਦੀ ਵਿੱਚ ਸੀ।

(ਅਚਾਨਕ ਡੂਮਣੇ ਦੀਆਂ ਵਾਜ਼ਾਂ ਫੇਰ ਆਉਣ ਲੱਗਦੀਆਂ ਹਨ। ਪੱਤਰਕਾਰ ਅਚੇਤ ਹੀ ਜਿਵੇਂ ਉਨ੍ਹਾਂ ਤੋਂ ਬਚਣ ਦੀ ਕੋਸ਼ਿਸ਼ ਕਰਦੀ ਹੈ। ਰੋਸ਼ਨੀ ਮੱਧਮ ਹੁੰਦੀ ਹੈ। ਬੇਤਾਲ ਸੁੱਤਾ ਜਾਪਦਾ ਹੈ।)

ਪੱਤਰਕਾਰ : (ਜਿਵੇਂ ਨੀਂਦ 'ਚੋਂ ਜਾਗੀ ਹੋਵੇ।) ਨੋ, ਆਈ ਹੈਵ ਟੂ ਗੋ। (ਉਹਦੇ ਵੱਲ ਦੇਖਦੀ ਹੋਈ।) ਜਾਣਾ ਪਵੇਗਾ...।

(ਚੁੱਪ)

ਮੇਜਰ : ਓ.ਕੇ. ਐਜ਼ ਯੂ ਵਿਸ਼। ਜੀਪ 'ਤੇ ਛੱਡ ਦਿੰਦਾਂ..., ਬਟ..., ਫੇਰ ਤਾਂ ਗੱਲ ਈ ਖ਼ਤਮ ਹੋ ਜਾਏਗੀ। ਪਰਪਜ਼ ਡਿਫ਼ੀਟ ਹੋ ਜਾਏਗਾ ਤੁਹਾਡਾ। ਕੋਈ ਮੂੰਹ ਨਹੀਂ ਖੋਲ੍ਹੇਗਾ। (ਪੱਤਰਕਾਰ ਸਹਿਮਤੀ 'ਚ

ਸਿਰ ਹਿਲਾਉਂਦੀ ਹੈ।) ਨੋ, (ਮੁਸਕਰਾਉਂਦਾ ਹੈ।) ਨਾਟ ਸੋ ਇਜ਼ੀ; ਬੱਸ ਲੱਗਦਾ ਹੈ ਕਿ ਸਮਝ ਗਏ ਹਾਂ। (ਚੁੱਪ) ਬਾਏ।

(ਮੇਜਰ ਜਾਂਦਾ ਹੈ। ਪੱਤਰਕਾਰ ਦੇਖਦੀ ਰਹਿੰਦੀ ਹੈ। ਮਗਰੋਂ ਬੇਤਾਲ ਦੇ ਘੁਰਾੜੇ ਤੇਜ਼ ਹੁੰਦੇ ਹਨ ਤੇ ਫੇਰ ਉਹ ਅਚਾਨਕ ਉੱਠਕੇ ਉਸ ਵੱਲ ਆਉਂਦਾ ਹੈ ਤੇ ਮਲ੍ਹਕ ਜਿਹੇ ਪਿੱਛੇ ਆ ਕੇ ਖੜ੍ਹ ਜਾਂਦਾ ਹੈ।)

ਪੱਤਰਕਾਰ : ਸਭ... ਚਿਪਚਿਪਾ ਜਿਹਾ ਹੋ ਗਿਆ ਸੀ। ਕੀ ਸਚਮੁਚ... ਦੂਰ... ਹਰ ਮੋਰਚੇ 'ਤੇ ਖੜ੍ਹਾ ਸਿਪਾਹੀ ਮੇਰੇ ਅੰਦਰਲੇ ਹੀ ਲਾਲਚ ਦੀ... ਹਾਬੜੇਪਣ ਦੀ ਰਾਖੀ ਲਈ ਸੰਗੀਨ ਚੁੱਕੀ ਖੜ੍ਹਾ ਸੀ, ਘਰ-ਬਾਰ ਤੋਂ ਦੂਰ, ਜੀਵਨ ਤੋਂ ਬੇਮੁਖ। ਤੇ ਇਹ ਸ਼ਹੀਦ (ਮੂੰਹ ਕੁਸੈਲ਼ਾ ਹੋ ਜਾਂਦਾ ਹੈ। ਬੇਤਾਲ ਵੱਲ ਦੇਖਦੀ ਹੈ।) ਫੇਰ ਉਹੀ ਬਕਵਾਸ ਛਿੜ ਗਈ ਸੀ।

ਚੰਗਾ ਹੋਇਆ ਬੱਸ ਆ ਗਈ। ਫ਼ਲਸਫ਼ੇ ਦੀ ਸਾਰੀ ਚਿਪਚਿਪਾਹਟ ਉੱਥੇ ਈ ਛੱਡ ਮੈਂ ਬੱਸੇ ਚੜ੍ਹ ਗਈ। (ਚਿਹਰੇ 'ਤੇ ਡਰ। ਡੂਮਣੇ ਦੀ ਦੂਰੋਂ ਆਉਂਦੀ ਅਵਾਜ਼।) ਮੈਨੂੰ ਨਹੀਂ ਸੀ ਪਤਾ ਕਿ ਮੇਰੇ ਨਾਲ ਕੀ ਹੋਣ ਵਾਲਾ ਹੈ। ਸਾਰੀ ਬੱਸ ਜਿਵੇਂ ਮੱਖੀਆਂ ਨਾਲ ਭਰੀ ਪਈ ਸੀ... ਭੀਂ-ਭੀਂ ਕਰਦੀਆਂ ਮੱਖੀਆਂ, ਲੱਗਿਆ ਜਿਵੇਂ ਮੈਂ ਉਨ੍ਹਾਂ 'ਤੇ ਈ ਸਵਾਰ ਆਂ। (ਕੰਨਾਂ 'ਤੇ ਹੱਥ ਧਰਦੀ ਹੋਈ ਇਕੱਠੀ ਹੋਈ ਜਾਂਦੀ ਹੈ। ਰੋਸ਼ਨੀ ਮੱਧਮ ਹੋਣ ਲੱਗਦੀ ਹੈ।)

ਫ਼ੇਡ ਆਊਟ

## ਅਗਲਾ ਦ੍ਰਿਸ਼

(ਗੁਣ-ਗੁਣਾਹਟ ਦੇ ਨਾਲ ਹੌਲ਼ੀ-ਹੌਲ਼ੀ ਰੋਸ਼ਨੀ ਹੁੰਦੀ ਹੈ। ਰਾਬੀਆ ਪੈਰਾਂ 'ਚ ਮਹਾਵਰ ਰਚਾਉਂਦੀ ਹੋਈ ਗਾਉਂਦੀ ਹੈ।)

ਰਾਬੀਆ : ਰੱਜ ਰੱਜ ਕਰੀਂ ਸਿੰਗਾਰ, ਜੇ ਅੜੀਏ ਸਾਜਨ ਨੂੰ ਭਰਮਾਉਣਾ। ਤਨ ਸੇਜਾ ਕਰ ਮਨ ਦੀ ਚਾਦਰ, ਪ੍ਰੀਤਮ ਜੇ ਪਤਿਆਉਣਾ। ਕਾਗਾਂ ਦੀ ਆਈ ਡਾਰ ਨੀ 'ਵੇੜ੍ਹੇ, ਕਦ ਮਹਿਰਮ ਮਨ ਦਾ ਆਉਣਾ... (ਹਾਉਕਾ।) (ਕੁਝ ਸੋਚਣ ਲੱਗਦੀ ਹੈ।)

(ਮਗਰੋਂ 'ਰਾਬੀਆ-ਰਾਬੀਆ ਦੀਆਂ ਅਵਾਜ਼ਾਂ ਆਉਂਦੀਆਂ ਹਨ। ਉਹ ਸੁਣਕੇ ਵੀ ਜਵਾਬ ਨਹੀਂ ਦਿੰਦੀ।)

ਅੰਮਾ : (ਆਉਂਦੀ ਹੈ) ਰਾਬੀਆ।

ਰਾਬੀਆ : (ਡਰਕੇ ਤ੍ਰਭਕ ਜਾਂਦੀ ਹੈ।) ਹੋਅ;(ਫੇਰ ਅੰਮਾ ਨੂੰ ਦੇਖਕੇ ਖਿੱਝ ਜਾਂਦੀ ਹੈ।) ਓਫ; ਓ ਕੀ ਗੱਲ ਐ, ਕਿਉਂ ਸਵੇਰੇ-ਸਵੇਰੇ ਅਸਮਾਨ ਸਿਰ 'ਤੇ ਚੁੱਕ ਲਿਆ?

ਅੰਮਾ : ਤੜਕਾ ਦਿਖਦਾ ਤੈਨੂੰ; ਦੁਪਹਿਰ ਚੜ੍ਹ ਆਈ ਸਿਰ 'ਤੇ। ਕਦੋਂ ਦੀ 'ਵਾਜ਼ਾਂ ਮਾਰਦੀ ਆਂ, ਪਤਾ 'ਨੀ ਕਿੱਥੇ ਮਰ ਗਈ।

ਰਾਬੀਆ : ਵੇਖ ਲੈ, ਮਰੀ ਨਹੀਂ ਆਂ, ਤੇਰੇ ਸਾਹਮਣੇ ਖੜ੍ਹੀ ਆਂ, ਜਿਉਂਦੀ।

ਅੰਮਾ : ਜ਼ੁਬਾਨ ਸੰਭਾਲ ਕੰਬਖਤੇ। ਨੀ ਸਕੀਨਾ..., ਰੋਟੀ ਖਾ ਲੈ ਆਕੇ, ਸਵੇਰ ਦੀ ਭੁੱਖੀ ਬੈਠੀ ਐਂ, ਰਾਤ ਵੀ 'ਨੀ ਖਾਧੀ ਚੱਜ ਨਾਲ। (ਕਾਵਾਂ ਦੀਆਂ ਅਵਾਜ਼ਾਂ ਆਉਂਦੀਆਂ ਹਨ। ਰਾਬੀਆ ਮੁੜ ਸ਼ੀਸ਼ੇ ਮੂਹਰੇ ਜਾ ਬੈਠਦੀ ਹੈ ਤੇ ਗੁਣ-ਗੁਨਾਉਣ ਲੱਗਦੀ ਹੈ। ਅੰਮਾ ਉਸ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਦੇਖਦੀ ਹੈ।) ਨੀ ਤੂੰ ਫੇਰ ਬਹਿ ਗਈ ਸ਼ੀਸ਼ੇ ਮੂਹਰੇ ਸਜ ਕੇ। ਜਾ, ਕਾਗ ਉਡਾ ਜਾਕੇ, ਕਾਂ-ਕਾਂ

ਲਾਈ ਐ।

ਰਾਬੀਆ : ਆਪੇ ਤਾਂ ਕਹਿੰਦੀ ਸੀ, ਸਵੇਰੇ-ਸਵੇਰੇ ਕਾਂ ਬੋਲੇ ਤਾਂ ਸ਼ਗਨ ਹੁੰਦੈ। ਪ੍ਰਾਹੁਣਾ ਆਉਂਦਾ ਕੋਈ...

ਅੰਮਾ : ਕਿਤੋਂ ਨੀ ਆਉਣਾ ਪ੍ਰਾਹੁਣਾ ਤੇਰਾ, ਲੱਗੀ ਐ ਗੀਤ ਗਾਉਣ। ਜਾਹ ਕਾਂ ਉੜਾ ਜਾਕੇ, ਇਹੋ ਐ ਕਰਮਾਂ 'ਚ ਤੇਰੇ। ਜਾਹ ਮੇਰੀ ਧੀ।

ਰਾਬੀਆ : ਜਾਹ ਨਹੀਂ ਜਾਂਦੀ, ਕੀ ਕਰ ਲਏਂਗੀ, ਬੁਲਾ ਲੈ ਸ਼ਕੀਲ ਨੂੰ, ਕੁਟਵਾ ਲੈ ਹੱਡ ਮੇਰੇ।

ਅੰਮਾ : (ਮੋਹ ਨਾਲ ਨੇੜੇ ਹੁੰਦੀ ਹੈ।) ਰਾਬੀਆ।

ਰਾਬੀਆ : ਨਾਂਹ ਤੂੰ ਕਿਵੇਂ ਕਹਿ ਦਿੱਤਾ ਕਿ ਨਹੀਂ ਆਉਣਾ ਉਹਨੇ। ਆਉਣਾ ਕਿਵੇਂ ਨਹੀਂ, ਨਿਕਾਹ ਕੇ ਗਈ ਆਂ, ਆਊਗਾ ਕਿਵੇਂ ਨੀ।

ਅੰਮਾ : ਨਾਂਹ ਤੂੰ ਕੋਈ ਇਕੱਲੀ ਐਂ ਪਿੰਡ 'ਚ, ਨਿਕਰਮੀ।

ਰਾਬੀਆ : (ਟੁੱਟਕੇ ਪੈਂਦੀ ਹੈ।) ਤੂੰ ਨਜ਼ੂਮੀ ਐਂ ਕੋਈ, ਤੈਨੂੰ ਸਭ ਪਤੈ ਕਿ ਨਹੀਂ ਆਉਣੈ... ਉਹਨੇ।

ਅੰਮਾ : ਨਾ ਕਿੰਨੇ ਸਾਲਾਂ ਤੋਂ ਖਪਾ ਰਹੀ ਐਂ ਖ਼ੁਦ ਨੂੰ। ਹਾਰ-ਸ਼ਿੰਗਾਰ ਲਾ ਕੇ ਬਹਿ ਜਾਨੀਂ ਏਂ, ਨਾਂਹ ਉਹਨੇ ਖ਼ਬਰ ਲਈ ਕਦੇ ਜਿਉਂਦੀ ਏਂ ਕਿ ਮਰ ਗਈ? (ਡੁਸਕਣ ਲੱਗਦੀ ਹੈ।) ਨਾ ਉਹ ਆਇਆ ਤੇ ਨਾ ਉਹਨੇ ਆਉਣੈ; ਆਉਣਾ ਹੁੰਦੈ ਤਾਂ ਐਂ ਭੇਜਦਾ ਈ ਕਿਉਂ, ਬਹਾਨਾ ਲਾਕੇ... ਮੇਹਰ ਵੀ ਦੱਬ ਲਈ ਨਿਖਸਮੇ ਨੇ।

ਰਾਬੀਆ : (ਤੇਵਰ ਬਦਲਣ ਲੱਗਦੇ ਹਨ।) ਤੂੰ ਗਾਲ੍ਹ ਕੱਢੀ... ਮੇਰੇ ਖਾਵੰਦ ਨੂੰ। ਹੁਸੈਨ ਨੂੰ ਮੇਰੇ ਤੂੰ...

ਅੰਮਾ : ਨਾ ਹੋਰ ਉਹਨੂੰ ਬੀੜਾ ਪਰੋਸਾਂ! ਲਾਹਨਤ ਐ ਹੁਸੈਨ ਨਾਂ ਧਰਾਉਣ 'ਤੇ। ਜ਼ਿੰਦਗੀ ਸਾਡੀ ਕਰਬਲਾ ਕਰਕੇ ਤੇ ਆਪ ਦੌੜ ਗਿਆ... ਨਾਮੁਰਾਦ।

ਰਾਬੀਆ : ਅੰਮਾ ਨਾ..., ਮੈਂ ਕਹਿਨੀਂ ਆਂ ... ਬਾਜ ਆਜਾ, ਕੁਝ ਨਾ ਕਹੀਂ ਮੇਰੇ...।

ਅੰਮਾ : ਲਾਹਦੇ ਧੀਏ ਇਹ ਭਾਰ, ਕਿਉਂ ਬੋਝ ਚੁੱਕਿਆ, ਲਾਹ ਸੁੱਟ ਇਹ ਸ਼ਿੰਗਾਰ।

ਰਾਬੀਆ : ਮੈਂ ਸੰਘੀ ਘੁੱਟ ਦਿਆਂਗੀ ਤੇਰੀ। (ਗਲ਼ੇ ਤੋਂ ਫੜ੍ਹ ਲੈਂਦੀ ਹੈ ਤੇ ਹਿੰਸਕ ਹੋ ਜਾਂਦੀ ਹੈ।) ਨਾ ਤੂੰ ਮੇਰੇ ਸ਼ਿੰਗਾਰ ਨੂੰ ਹੱਥ ਪਾਇਆ। ਤੂੰ ਹੁੰਦੀ ਕੌਣ ਐਂ, ਕਿਉਂ ਨਾ ਕਰਾਂ ਮੈਂ ਸ਼ਿੰਗਾਰ, ਵਿਆਹੀ ਵਰੀ ਆਂ, ਮੈਂ ਸੁਹਾਗਣ... (ਅੰਮੀ ਮੁਸ਼ਕਲ ਨਾਲ ਧੱਕਾ ਦੇ ਕੇ ਖ਼ੁਦ ਨੂੰ ਛੁਡਾਉਂਦੀ ਹੈ।) ਸਕੀਨਾ ਥੋੜ੍ਹੋ ਆਂ ਮੈਂ, (ਸਕੀਨਾ ਮੰਚ 'ਤੇ ਆਉਂਦੀ ਹੈ ਤੇ ਠਠੰਬਰ ਕੇ ਰੁਕ ਜਾਂਦੀ ਹੈ।) ਜਿਹੜੀ ਬੇਗਾਨੇ ਕਬੂਤਰਾਂ ਨੂੰ। (ਰਾਬੀਆ ਨੂੰ ਫਿੱਟ ਪੈ ਜਾਂਦਾ ਹੈ। ਸਕੀਨਾ ਮੁੜ ਜਾਂਦੀ ਹੈ।)

ਅੰਮਾ : (ਉਸਨੂੰ ਸੰਭਾਲਦੇ ਹੋਏ) ਨੀ ਸਕੀਨਾ; ਵੇ ਸ਼ਕੀਲ। ਆਓ ਵੇ ਕੋਈ, ਵੇਖੋ ਕੀ ਹੋ ਗਿਆ ਇਹਨੂੰ।

ਸ਼ਕੀਲ : ਕਿਉਂ ਸੰਘ ਪਾੜੀ ਜਾਨੀਂ ਏਂ, ਕੀ ਹੋਇਆ? (ਰਾਬੀਆ ਨੂੰ ਸੰਭਾਲਦਾ ਹੈ।)

ਅੰਮਾ : ਵੇ ਤਰਸ ਖਾਓ ਭੋਰਾ ਇਸ ਮਾਸੂਮ ਜਾਨ 'ਤੇ, ਲਿਆ ਦਿਓ ਕੋਈ ਦਵਾ ਦਾਰੂ ਭੋਰਾ।

ਸ਼ਕੀਲ : (ਰਾਬੀਆ ਨੂੰ ਬਾਹਰ ਲੈ ਜਾਂਦੇ ਹੋਏ।) ਕਿਤੇ ਨੀ ਮਰਨ ਲੱਗੀ। ਸੌ ਵਾਰ ਕਿਹਾ... ਡੱਕ ਕੇ ਰੱਖੋ...।

(ਉਹ ਦੋਹੇਂ ਬਾਹਰ ਨਿਕਲ ਜਾਂਦੇ ਹਨ। ਡੂਮਣੇ ਦੀਆਂ ਅਵਾਜ਼ਾਂ ਆਉਣ ਲੱਗਦੀਆਂ ਹਨ। ਅੰਮਾ ਉੱਠਕੇ ਕਮਰਾ ਠੀਕ ਕਰਦੀ ਹੈ। ਸ਼ਕੀਲ ਮੁੜ ਆਉਂਦਾ ਹੈ।)

ਅੰਮਾ : ਸ਼ਹਿਰ ਲੈ ਜਾਓ ਇੱਕ ਵਾਰ, ਦਿਖਾ ਲਿਆਓ।

ਸ਼ਕੀਲ : ਕੁਝ 'ਨੀ ਹੋਣ ਲੱਗਾ ਇਹਨੂੰ। ਹੁਣੇ ਥੋੜ੍ਹੀ ਦੇਰ 'ਚ ਹੋ ਜਾਊ ਚੰਗੀ ਭਲੀ। ਤੂੰ ਕਿਉਂ ਪੰਗਾ ਲੈਨੀਂ ਏਂ, ਨਾਲੇ ਪਤਾ ਤੈਨੂੰ ਸਾਰਾ...।

ਅੰਮਾ : ਵੇ ਕਿਉਂ ਨਿਰਮੋਹਾ ਹੋ ਗਿਐਂ, ਭੈਣ ਏ ਤੇਰੀ, ਕੁਝ ਤਾਂ ਖ਼ਿਆਲ ਕਰ।

ਸ਼ਕੀਲ : ਕੋਈ ਭੈਣ ਨੀ ਮੇਰੀ, ਨਾ ਮੈਂ ਭਰਾ ਹਾਂ ਕਿਸੇ ਦਾ।

ਅੰਮਾ : ਸ਼ਰਮ ਕਰ ਵੇ ਭੋਰਾ।

ਸ਼ਕੀਲ : ਸ਼ਰਮ ਹੁੰਦੀ ਤਾਂ ਚਾਰ ਟੋਟੇ ਨਾ ਕਰ ਦਿੰਦਾ ਕਲਮੂੰਹੀਆਂ ਦੇ, ਕੀ

ਕਰ ਲੈਂਦਾ ਕੋਈ ਮੇਰਾ। ਜਾਂ ਆਪ ਵੀ ਪੈ ਜਾਂਦਾ ਕਿਸੇ ਖੂਹ-ਖਾਤੇ ਅੱਬੂ ਵਾਂਗ।

(ਚੁੱਪ। ਅੰਮੀ ਅਵਾਕ ਹੋਈ ਉਸਦਾ ਮੂੰਹ ਤੱਕਦੀ ਰਹਿੰਦੀ ਐ।)

ਅੰਮੀ : ਕਿਉਂ ਮਰਿਆਂ ਨੂੰ ਮਾਰਨ ਲੱਗੇ ਓਂ ਸਾਰੇ ਰਲ਼ਕੇ। (ਦੋਹੇਂ ਪਾਸੇ ਚੁੱਪ ਵਰਤ ਜਾਂਦੀ ਹੈ। ਫੇਰ ਉੱਠਕੇ ਉਸਦੇ ਕੋਲ ਜਾਂਦੀ ਹੈ।) ਸਾਡਾ ਹੋਰ ਕੌਣ ਏ ਤੇਰੇ ਬਿਨਾਂ, ਦੱਸ? ਤੇਰੇ ਹੀ ਸਿਰ 'ਤੇ ਜਿਉਂਦੀ ਆਂ, ਵਈ ਕੋਈ ਬੰਦੇ ਦਾ ਸਾਇਆ ਏ ਸਿਰ 'ਤੇ।

ਸ਼ਕੀਲ : ਰਹਿਣ ਦੇ ਬੱਸ, ਬੰਦੇ ਸਾਨੂੰ ਰਹਿਣ ਦਿੱਤਾ ਕਿਸੇ ਨੇ। ਨਾ ਆਪ ਤਾਂ ਅੱਬੂ ਤੁਰ ਗਿਆ, ਮੈਂ ਕਿੱਥੇ ਜਾਵਾਂ, ਉਹਦੇ ਤਾਂ ਦੀਦਿਆਂ 'ਚ ਲੋਅ ਵੀ ਨਹੀਂ ਸੀ ਤੇ ਮੈਂ (ਅੱਖਾਂ ਵੱਲ ਇਸ਼ਾਰਾ ਕਰਕੇ।) ਇਨ੍ਹਾਂ ਦਾ ਕੀ ਕਰਾਂ, ਸੱਭ ਨਜ਼ਰ ਆਉਂਦਾ ਇਨ੍ਹਾਂ ਨੂੰ। ਘਰੋਂ ਨਿਕਲਦਾਂ ਤਾਂ ਗਲੀਆਂ ਦੇ ਕੱਖ ਵੀ ਤਨਜ਼ ਕਰਦੇ ਦਿਖਦੇ, ਪਿੰਡੋਂ ਬਾਹਰ ਨੂੰ ਦੌੜਦਾਂ ਤਾਂ ਜੰਗਲ ਖਾਣ ਨੂੰ ਆਉਂਦੈ, ਲਗਦੈ ਫੁੱਲ ਨਹੀਂ ਲੱਗੇ ਰੁੱਖਾਂ ਨੂੰ ਸੌ-ਸੌ ਅੱਖਾਂ ਉੱਗ ਆਈਆਂ। ਅੱਗਿਓਂ-ਪਿੱਛਿਓਂ ਹਰ ਪਾਸਿਓਂ ਘੂਰਦੀਆਂ ਰਹਿੰਦਿਆਂ, ਨਹੀਂ ਸਹਾਰ ਹੁੰਦਾ...।

ਅੰਮਾ : ਬੱਸ ਕਰ!

ਸ਼ਕੀਲ : ਨਹੀਂ ਹੁੰਦਾ ਸਾਹਮਣਾ, ਘਰ ਨੂੰ ਭੱਜਦਾਂ ਤਾਂ ਮੂਹਰਿਓਂ ਇਹ ਮੱਥੇ ਲੱਗਦੀਆਂ... ਮਨਹੂਸ।

ਅੰਮਾ : ਨਾ ਕਿਉਂ ਕੋਸਦੈ ਏਂ ਉਨ੍ਹਾਂ ਨੂੰ, ਕਿਹੜੀ ਗੱਲੋਂ?

ਸ਼ਕੀਲ : (ਚੀਖ਼ਦਾ ਹੈ।) ਕੀ ਕਰਾਂ; ਬੰਬ ਬਣਕੇ ਫੱਟ ਜਾਂ ਛਾਉਣੀ 'ਚ। ਸੰਨਾਟਾ!!!

(ਸ਼ਕੀਲ ਚਲਾ ਜਾਂਦਾ ਹੈ। ਅੰਮਾ ਖੜ੍ਹੀ ਰਹਿ ਜਾਂਦੀ ਹੈ।)

ਅੰਮਾ : (ਜਿਵੇਂ ਹੋਸ਼ 'ਚ ਆਉਂਦੀ ਹੈ।) ਯਾ ਖ਼ੁਦਾ! ਵੇ ਤੂੰ ਕਿਉਂ ਜਾਨ ਕੱਢਦਾਂ ਸਾਡੀ ਜਿਉਂਦਿਆਂ ਦੀ, ਓ ਖ਼ੁਦਾ, ਕਿਆਮਤ ਆ ਜਾਏ ਏਦੂੰ ਤਾਂ ਸਿਆਪਾ ਮੁੱਕੇ। (ਸਕੀਨਾ ਰੱਸੀ ਲਈ ਆਉਂਦੀ ਹੈ।) ਨਾ ਹੁਣ ਤੂੰ ਕਿੱਧਰ ਨੂੰ ਮੂੰਹ ਚੱਕਿਆ ਨਾਮੁਰਾਦੇ।

(ਸਕੀਨਾ ਅੰਮੀ ਦੀਆਂ ਨਜ਼ਰਾਂ 'ਚ ਡਰ ਪੜ੍ਹ ਲੈਂਦੀ ਹੈ, ਪਰ

ਜ਼ਾਹਿਰ ਨਹੀਂ ਕਰਦੀ।)

ਸਕੀਨਾ : ਕਿਤੇ 'ਨੀ ਫਾਹਾ ਲੈਣ ਲੱਗੀ, ਲੰਘ ਗਿਆ ਟਾਈਮ ਉਹ। (ਖਰ੍ਹਵੀ ਆਵਾਜ਼ 'ਚ) ਬਾਲਣ ਹੈ 'ਨੀ..., ਇੱਕ ਡੰਗ ਦਾ ਵੀ।

ਅੰਮਾ : ਨਾ ਤੂੰ ਕੀਹਦਾ ਝੁੱਗਾ ਫੂਕਣਾ? ਅਸੀਂ ਤਾਂ ਪਹਿਲੋਂ ਈ ਮੱਚੇ ਆਂ... (ਮਗਰੋਂ ਰਾਬੀਆ ਦਰਵਾਜ਼ਾ ਭੰਨਦੀ ਹੋਈ ਰੌਲ਼ਾ ਪਾਉਂਦੀ ਹੈ।) ਇੱਕ ਇਹਨੂੰ ਮੌਤ 'ਨੀ ਆਉਂਦੀ, ਅੱਧਾ ਪਿੰਡ ਖਾਲੀ ਹੋ ਗਿਆ।

ਸਕੀਨਾ : ਨਾ ਉਹਨੂੰ ਕਿਉਂ ਕੋਸਦੀ ਏਂ ਨਿਕਰਮਣ ਨੂੰ? ਮੈਨੂੰ ਕਹਿ ਸਿੱਧਾ ਜੋ ਕਹਿਣਾ, ਜੀਹਦੇ ਕਰਮਾਂ ਦਾ ਭੋਗ ਭੋਗਦੀ ਏ ਉਹ, ਨਾਲੇ ਤੇਰਾ ਭਾਰ ਹਲਕਾ ਹੋਵੇ। ਸੱਚ ਆਖਦੈ ਸ਼ਕੀਲ, ਜੰਗਲ ਦੇ ਰੁੱਖ ਹੁਣ ਰੁੱਖ ਨਹੀਂ ਰਹੇ, ਅੱਖਾਂ ਹੋ ਗਏ ਨੇ। ਉਹਨੂੰ ਤਾਂ ਸਿਰਫ਼ ਘੂਰਦੇ ਈ ਨੇ, ਉਨ੍ਹਾਂ ਪਿੰਡਿਆਂ ਤੋਂ ਪੁੱਛ ਜਿਨ੍ਹਾਂ ਨੂੰ ਬੁਰਕ ਵੱਡ-ਵੱਡ ਖਾਂਦੇ, ਨਾਲੇ ਨਿਉਂਦੇ ਦਿੰਦੇ ਨੇ ਦੂਜਿਆਂ ਨੂੰ। (ਅੰਦਰੋਂ ਫੇਰ ਦਰਵਾਜ਼ਾ ਭੰਨਣ ਦੀ ਅਵਾਜ਼ ਆਉਂਦੀ ਹੈ।) ਨਾ ਇਹਨੂੰ ਕਿਉਂ ਤਾੜਿਆ ਅੰਦਰ ਤੁਸੀਂ? (ਅੰਦਰ ਵੱਲ ਜਾਂਦੀ ਹੈ।)

ਅੰਮਾ : ਖ਼ਬਰਦਾਰ ਜੇ ਬੂਹਾ ਖੋਲ੍ਹਿਆ ਉਹਦਾ। (ਖੜ੍ਹ ਹੀ ਹਫ਼ਣ ਲੱਗਦੀ ਹੈ।)

(ਡੂਮਣੇ ਦੀ ਅਵਾਜ਼ ਆਉਂਦੀ ਹੈ ਤੇ ਨਾਲ ਹੀ ਪੱਤਰਕਾਰ ਦਾਖ਼ਲ ਹੁੰਦੀ ਹੈ। ਉਸਦੇ ਨਾਲ ਬੇਤਾਲ ਵੀ ਹੈ, ਉਸਨੂੰ ਅੱਗੇ ਕਰਕੇ ਹੌਲ਼ੀ-ਹੌਲ਼ੀ ਪਿੱਛੇ ਮੁੜ ਜਾਂਦਾ ਹੈ। ਅੰਮਾ ਦਾ ਧਿਆਨ ਕਿਤੇ ਹੋਰ ਹੈ।)

ਪੱਤਰਕਾਰ : ਆਦਾਬ... ਅੰਮੀ ਜਾਨ।

ਅੰਮਾ : (ਨਰਮ ਸੁਰ 'ਚ) ਵਾਲੇਕੁਮ ਸਲਾਮ (ਚੁੱਪ)

ਪੱਤਰਕਾਰ : ਜੀ..., ਮੈਂ ਇੱਕ ਪੱਤਰਕਾਰ ਆਂ, ਅੰਮੀ ਜਾਨ।

ਅੰਮਾ : (ਇਕਦਮ ਬਦਲ ਜਾਂਦੀ ਹੈ) ਹੋਏਂਗੀ..., ਪਰ ਮੈਂ ਨਾ ਤੇਰੀ ਅੰਮੀ ਆਂ, ਨਾ ਖਾਲਾ, ਨਾ ਫੂਫੀ।

ਪੱਤਰਕਾਰ : (ਕੁਝ ਸਮਝ ਨਹੀਂ ਪਾ ਰਹੀ।) ਜੀ ਮੈਂ...

ਅੰਮਾ : ਮੇਰੇ ਕੋਲ ਪਹਿਲੋਂ ਈ ਹੈਗੀਆਂ, ਦੋ-ਦੋ... (ਸਕੀਨਾ ਆਉਂਦੀ ਹੈ ਤੇ ਬਿਨਾਂ ਪੱਤਰਕਾਰ ਵੱਲ ਦੇਖਿਆਂ ਹੀ ਬਾਹਰ ਨੂੰ ਤੁਰ ਜਾਂਦੀ ਹੈ।) ਨਾਂਹ ਵਾਪਸ ਨਾ ਆਈਂ ਮੁੜਕੇ..., ਜੇ ਹਯਾ ਸ਼ਰਮ ਕੋਈ ਹੈਗੀ ਏ ਰਤੀ ਵੀ। ਓੱਥੇ ਈ ਰਹਿਜੀਂ... ਜੰਗਲ 'ਚ, ਵੜਕੇ ਕਿਸੇ ਭੇੜੀਏ ਦੀ ਖੁੱਡ 'ਚ, ਜੇ ਕੋਈ ਸਹਾਰਦਾ ਤਾਂ...। ਮੁੜੀਂ ਨਾ... ਸਾਡੀ ਛਾਤੀ 'ਤੇ ਮੂੰਗ ਦਲਣ ਨੂੰ। (ਚੁੱਪ) ਪੱਤਰਕਾਰ ਸਹਿਮੀ ਜਿਹੀ ਖੜ੍ਹੀ ਹੈ।) ਬਹਿਜਾ ਪਾਣੀ ਲੈਕੇ ਆਉਂਦੀ ਆਂ।

ਪੱਤਰਕਾਰ : ਜੀ...। (ਸਹਿਮਤੀ 'ਚ ਸਿਰ ਹਿਲਾਉਂਦੀ ਹੈ। ਅੰਮਾ ਅੰਦਰ ਜਾਂਦੀ ਹੈ। ਪੱਤਰਕਾਰ ਬੈਠ ਜਾਂਦੀ ਹੈ ਤੇ ਚਾਰੇ ਪਾਸੇ ਦੇਖਦੀ ਹੈ ਤੇ ਫਿਰ ਪਰਸ ਖੋਲ੍ਹਕੇ ਨੋਟ-ਪੈਡ ਕੱਢਦੀ ਹੈ। ਅੰਮਾ ਨੂੰ ਦੇਖਕੇ ਖੜ੍ਹੀ ਹੋਣ ਲੱਗਦੀ ਹੈ।)

ਅੰਮਾ : ਬਹਿਜਾ ਆਰਾਮ ਨਾਲ। (ਪੱਤਰਕਾਰ ਪਾਣੀ ਪੀਂਦੀ ਹੈ ਤੇ ਅੰਮਾ ਇੱਕ ਟੱਕ ਉਸਨੂੰ ਦੇਖਦੀ ਰਹਿੰਦੀ ਹੈ।) ਮੈਂ ਸਭ ਸਮਝਦੀ ਆਂ...। (ਬੈਠ ਜਾਂਦੀ ਹੈ।)

ਪੱਤਰਕਾਰ : (ਗਿਲਾਸ ਪਾਸੇ ਰੱਖਦੇ ਹੋਏ) ਜੀ?

ਅੰਮਾ : ਅੱਠਾਂ ਸਾਲਾਂ 'ਚ ਐਨੀ ਕੁ ਸਮਝ ਤਾਂ ਆ ਈ ਜਾਂਦੀ ਏ। ਤੂੰ ਮਤਲਬ ਦੀ ਗੱਲ ਕਰ ਕੁੜੀਏ। ਨਾਤੇਦਾਰੀ ਗੰਢਣ ਦੀ ਲੋੜ 'ਨੀ।

ਪੱਤਰਕਾਰ : (ਝਿਜਕਦੀ ਹੋਈ।) ਤੁਹਾਡੀ ਨਾਰਾਜ਼ਗੀ ਦੀ ਵਜ੍ਹਾ ਮੈਂ...।

ਅੰਮਾ : ਮੈਂ ਕਿਉਂ ਨਾਰਾਜ਼ ਹੋਣੈ ਤੇਰੇ ਨਾਲ; ਤੂੰ ਹੈ ਕੌਣ? ਨਾਲੇ ਅਸੀਂ ਕੌਣ ਆਂ (ਬਹਿਕਿਆਂ ਵਾਂਗ ਕਰਦੀ ਹੈ।) ਨਾਰਾਜ਼ ਹੋਣ ਵਾਲੇ। ਸਾਡੇ ਨਾਲ ਤਾਂ ਕੁੱਲ ਆਲਮ ਈ ਨਾਰਾਜ਼ ਹੋਇਆ ਪਿਆ ਤੇ ਤੂੰ ਸਾਡੇ ਨਾਲ ਰਿਸ਼ਤਾ ਜੋੜਦੀ ਫਿਰਦੀ ਏਂ, ਇਸ ਪਿੰਡ ਨਾਲ ਨਾਤਾ ...? (ਵਿਅੰਗ 'ਚ ਹੱਸਦੀ ਹੈ) ਮੈਂ ਕਹਿਨੀ ਆਂ ਉੱਚੀ ਨਾ ਬੋਲੀਂ, ਮਜ਼ਾਕ ਨਾਲ ਵੀ ਨਹੀਂ, ਐਵੇਂ ਕਿਸੇ ਨੇ ਸੁਣ ਲਿਆ ਨਾ ਤਾਂ ਬੱਚੇ... ਅਗਲੇ ਪਿੱਛਲੇ ਵੀ ਸਾਰੇ ਹਰਾਮੀ ਹੋ ਜਾਣੇ ਤੁਹਾਡੇ। ਸਕੂਲਾਂ ਦੀ ਛੱਡ ਯਤੀਮਖ਼ਾਨਿਆਂ 'ਚ ਵੀ ਵੜਨ 'ਨੀ ਦੇਣਾਂ ਕਿਸੇ

ਨੇ। ਹਰਾਮੀਆਂ ਦੀ ਧਰਤੀ ਹੈ ਇਹ, ਪਤਾ ਤੈਨੂੰ... ਸਾਰੇ ਦਾ ਸਾਰਾ ਪਿੰਡ ਹਰਾਮੀ ਐ। (ਡੂਮਣੇ ਦੀ ਹਲਕੀ ਜਿਹੀ ਅਵਾਜ਼ ਆਉਣ ਲੱਗਦੀ ਹੈ। ਪੱਤਰਕਾਰ ਸਿਰ ਫੜ੍ਹ ਲੈਂਦੀ ਹੈ। ਅੰਮਾ ਦਾ ਜਨੂੰਨ ਵਧਦਾ ਜਾਂਦਾ ਹੈ।) ਜ਼ਨਾਨੀਆਂ ਨਹੀਂ ਛਲੇਡੀਆਂ ਨੇ ਏਥੇ, ਸਿਰਫ਼... ਇਹ ਹੈ (ਸਿਰ ਵੱਲ ਇਸ਼ਾਰਾ ਕਰਦੀ ਹੈ।) ਬੱਸ ਪੁੱਠਾ ਠੀਕਰਾ... ਜਿਹੜਾ ਭੁਲੇਖਾ ਪਾਉਂਦਾ, ਬਾਕੀ ਪਿੰਡਾ ਤਾਂ ਬੇਜਾਨ ਏ, ਲਓ ਵਰਤ ਲਓ ਜਿਵੇਂ ਮਰਜ਼ੀ।

(ਆਪਣੇ ਆਪ ਨੂੰ ਉਸ ਮੂਹਰੇ ਖੋਲ੍ਹ ਦਿੰਦੀ ਹੈ। ਪੱਤਰਕਾਰ ਬੌਂਦਲ ਜਾਂਦੀ ਹੈ, ਉਸਨੂੰ ਕੁਝ ਸਮਝ ਨਹੀਂ ਆਉਂਦਾ। ਅੰਮਾ ਫਿੱਸ ਪੈਂਦੀ ਹੈ। ਪੱਤਰਕਾਰ ਹਮਦਰਦੀ ਜਤਾਉਣ ਦੀ ਕੋਸ਼ਿਸ਼ ਕਰਦੀ ਹੈ, ਪਰ ਉਹ ਝਟਕ ਦਿੰਦੀ ਹੈ।)

ਤੂੰ ਲਿਖ, ਲਿਖ ਨਾ, ਲਿਖਦੀ ਕਿਉਂ ਨੀ; ਕੁੱਤੇ ਦੇ ਤੁਖ਼ਮ ਨੇ ਇੱਥੇ ਬੱਚੇ ਸਾਰੇ, ਹਰਾਮੀ..., ਲਿਖ। ਜ਼ਨਾਨੀਆਂ, ਕੁੜੀਆਂ... ਫਸਾ ਲੈਂਦੀਆਂ ਤੁਰੇ ਜਾਂਦੇ ਰਾਹੀਆਂ ਨੂੰ, ਬੀਨ ਵਜਾਕੇ... 'ਆਓ...! ਤੇ ਸੰਗੀਨਾਂ ਆਪਣੀਆਂ ਸਾਡੇ...। ਲਿਖ, ਲਿਖਦੀ ਕਿਉਂ ਨਹੀਂ, ਇਸੇ ਲਈ ਤਾਂ ਆਈ ਏਂ ਐਡੀ ਦੂਰੋਂ, ਨਹੀਂ?

ਪੱਤਰਕਾਰ : ਸ਼ਾਂਤ ਹੋ ਜਾਓ ਤੁਸੀਂ, ਰਿਲੈਕਸ...।

ਅੰਮਾ : ਅਸੀਂ ਜਾਣ ਗਈਆਂ, 'ਕੱਲੀ-'ਕੱਲੀ ਔਰਤ ਜਾਣ ਗਈ ਏ ਇਸ ਪਿੰਡ ਦੀ। ਫੋਕੇ ਹੌਕਿਆਂ ਦੇ ਮੁੱਲ ਤੁਲਕੇ ਰਹਿ ਗਈ ਹਯਾਤੀ ਸਾਡੀ। ਹੁਣ, ਸ਼ਬਦਾਂ ਦੇ ਪਿੱਛੇ ਸੁਣਨਾ ਤੇ ਕੈਮਰਿਆਂ ਦੇ ਪਿੱਛੇ ਦੇਖਣਾ, ਸਿੱਖ ਗਈਆਂ ਅਸੀਂ। ਕੋਈ ਫ਼ਰਕ ਨਹੀਂ ਪੈਂਦਾ, ਮਰਦ ਪੁੱਛੇ ਜਾਂ ਔਰਤ, ਦਾੜ੍ਹੀ ਵਾਲਾ, ਟੋਪੀ ਵਾਲਾ, ਜਾਂ ਮੁੰਨੀ ਹੋਈ ਮੁੰਡੀ ਵਾਲਾ। ਪੁੱਛ; ਤੂੰ ਵੀ ਪੁੱਛ, ਜੋ ਵੀ..., ਦੱਸ; ਸਾਨੂੰ ਸਾਡੇ ਬਾਰੇ ਦੱਸ, ਕਿਹੋ ਜਿਹੇ ਆਂ ਅਸੀਂ ਵੇਖਦੀ ਕੀ ਐਂ?

(ਕਿੰਨੀ ਦੇਰ ਤੱਕ ਪੱਤਰਕਾਰ ਦੇ ਮੂੰਹੋਂ ਕੁੱਝ ਨਹੀਂ ਨਿਕਲਦਾ। ਲੱਗਦਾ ਹੈ ਆਪਣੇ ਅੰਦਰਲੇ ਸ਼ਬਦਾਂ ਨਾਲ ਖੌਝਲ ਰਹੀ ਹੈ। ਅੰਮੀ ਉਸਨੂੰ ਝਿੰਜੋੜਦੀ ਹੈ।)

ਪੱਤਰਕਾਰ : (ਇਕਦਮ) ਇੰਝ ਕਿਉਂ ਸੋਚਦੇ ਓ ਤੁਸੀਂ ਆਪਣੇ ਬਾਰੇ?

ਅੰਮਾ : ਕਿਉਂ ਸੋਚਦੇ? (ਉਸਨੂੰ ਛੱਡ ਦਿੰਦੀ ਹੈ, ਤੇ ਗੌਹ ਨਾਲ ਉਸ ਵੱਲ ਦੇਖਦੀ ਹੈ, ਫੇਰ ਕੁਝ ਪਰੇਸ਼ਾਨ ਜਿਹੀ ਹੁੰਦੀ ਹੈ।) ਹੰਅ!

(ਇਸੇ ਦੌਰਾਨ ਰਾਬੀਆ ਵੀ ਆਉਂਦੀ ਹੈ, ਜਿਸਦਾ ਉਨ੍ਹਾਂ ਨੂੰ ਪਤਾ ਨਹੀਂ ਲੱਗਦਾ।)

ਪੱਤਰਕਾਰ : ਟਰੈਜਡੀ ਹੋਈ ਏ; ...ਦੁਰਘਟਨਾਵਾਂ (ਮੁਸ਼ਕਲ ਨਾਲ ਸ਼ਬਦ ਜੋੜ-ਜੋੜ ਕੇ ਬੋਲਦੀ ਹੈ।) ਹੋ ਜਾਂਦੀਆਂ, ਇਸ ਪਿੰਡ ਨਾਲ ਵੀ ਹੋਈ ਏ... ਬਹੁਤ ਮਾੜੀ। ਪਰ ਇਸ ਤਰ੍ਹਾਂ ਸੋਚਣਾ, ਆਪਣੇ ਬਾਰ... ਇਹ ਗ਼ਲਤ ਹੈ। ਜੋ ਹੋਇਆ, ਉਸਦਾ ਮਤਲਬ ਇਹ ਨਹੀਂ ਕਿ ਦੋਸ਼ੀ ਤੁਸੀਂ ਹੀ ਹੋ।

ਅੰਮਾ : ਇਹ ਸੱਭ ਕਹਿਣ ਤੇ ਲਿਖਣ ਦੀਆਂ ਗੱਲਾਂ, ਪਰ ਮਤਲਬ ਏਹੀ ਹੈ, ਇਹੋ ਦਸਤੂਰ ਹੈ। ਨਹੀਂ ਯਕੀਨ ਤਾਂ ਜਾਹ ਜੰਗਲ 'ਚ ਜਾਕੇ ਪੁੱਛ, ਸੱਭ ਸ਼ਰੀਫਜ਼ਾਦੇ ਨੇ ਉੱਥੇ, ਪੁੱਛ ਉਹਨਾਂ ਨੂੰ ਅੱਜਕਲ ਕੀ ਰੇਟ ਚਲਦੈ... ਇੱਥੇ... ਵਛੇਰੀਆਂ ਦਾ, ਪੰਸੇਰੀ ਬਾਲਣ।

ਪੱਤਰਕਾਰ : ਤੁਹਾਡਾ ਮਤਲਬ ਜੰਗਲਾਤ ਮਹਿਕਮੇ ਦੇ...

ਅੰਮਾ : ਨਹੀਂ-ਨਹੀਂ, ਤੂੰ ਉਹ ਸੱਭ ਤੂੰ ਛੱਡ, ਤੇ ਤੁਰ ਜਾ ਇਧਰ, ਇਹ ਨਾਲ ਦੇ ਪਿੰਡ... (ਚੁੱਪ)। (ਰਹੱਸ ਭਰੇ ਅੰਦਾਜ਼ 'ਚ ਉਸ ਵੱਲ ਦੇਖਦੀ ਹੈ।) ਕੁਝ ਪੁੱਛੀਂ ਨਾਂਹ, ਨਹੀਂ ਤਾਂ ਉਹ ਝੂਠ ਬੋਲਣ ਲੱਗਣਗੇ। ਬੱਸ ਸੁਣੀਂ; ਕਹਾਣੀਆਂ..., ਕਿਵੇਂ ਦਾਵਤਾਂ ਦਿੰਦੀਆਂ ਨੇ ਕੁੜੀਆਂ ਇੱਥੇ... ਆਪਣੇ ਮਾਸ ਦੀਆਂ, ਕਿੰਨੀਆਂ ਸ਼ਾਤਿਰ ਹੋ ਗਈਆਂ, ਕਿਵੇਂ ਫਾਉਂਦੀਆਂ ਭੁੱਖੇ ਬਘਿਆੜਾਂ ਨੂੰ। ਸਿਰਫ਼ ਸੁਣੀਂ, ਪੁੱਛੀਂ ਨਾ। ਸਵੇਰ-ਸਾਰ ਕਿਸੇ ਦੇ ਮੂੰਹੋਂ ਇਸ ਪਿੰਡ ਦਾ ਨਾਂ ਨਿਕਲ ਜਾਏ ਤਾਂ ਜ਼ੁਬਾਨ ਸੜ ਜਾਂਦੀ ਏ। ਮੁਸੀਬਤ ਆ ਪੈਂਦੀ ਏ ਕੋਈ ਨਾ ਕੋਈ... ਪੱਕੀ। ਰਾਤ ਕੋਈ ਇਧਰ ਨੂੰ ਮੂੰਹ ਕਰਕੇ ਨਹੀਂ ਸੌਂਦਾ। ਸੁੱਤਾ ਬੱਚਾ ਵੀ ਪਲਸੇਟਾ ਮਾਰਕੇ ਮੂੰਹ ਘੁੰਮਾ ਲਏ ਤਾਂ ਮਾਂ ਝੱਟ ਦੂਜੇ ਪਾਸੇ ਕਰ ਦਿੰਦੀ ਐ। (ਰਾਬੀਆ 'ਤੇ ਨਜ਼ਰ ਪੈਂਦੀ ਹੈ।) ਰਾਬੀਆ, ਮੇਰੀ ਬੱਚੀ, ਤੂੰ ਕਿਉਂ ਆ ਗਈ ਉੱਠਕੇ?

(ਰਾਬੀਆ ਚੁੱਪਚਾਪ ਅੱਗੇ ਵਧਦੀ ਹੈ। ਅੰਮਾ ਦੀ ਪਰੇਸ਼ਾਨੀ ਨਜ਼ਰ ਆਉਂਦੀ ਹੈ।)

ਅੰਮਾ : ਤੂੰ ਆਰਾਮ ਕਰ ਲੈਂਦੀ ਮੇਰੀ ਧੀ। (ਰਾਬੀਆ ਘੂਰਦੀ ਹੈ। ਅੰਮਾ ਫੇਰ ਉਸਨੂੰ ਆਪਣੀ ਥਾਂ ਬਿਠਾ ਦਿੰਦੀ ਹੈ।) ਚੰਗਾ; ਤੂੰ ਬੈਠ ਇੱਥੇ, ਮੈਂ ਦਵਾਈ ਲੈ ਕੇ ਆਉਨੀਂ ਆ ਤੇਰੀ। (ਪੱਤਰਕਾਰ ਨੂੰ) ਜਾਈਂ ਨਾ, (ਜਾਂਦੇ ਹੋਏ) ਕੁੱਝ ਖਾਕੇ ਜਾਈਂ, ਆਉਂਦੀ ਐ ਉਹ ਬਾਲਣ ਲੈਕੇ।

(ਪੱਤਰਕਾਰ ਉਸਨੂੰ ਜਾਂਦਿਆਂ ਦੇਖਦੀ ਰਹਿੰਦੀ ਹੈ।)

ਰਾਬੀਆ : (ਖੜ੍ਹੀ ਹੁੰਦੀ ਹੈ) ਮਾਅਸ਼ਾ ਅੱਲ੍ਹਾ! (ਪੱਤਰਕਾਰ ਤ੍ਰਭਕਦੀ ਹੈ।) ਖ਼ੂਬਸੂਰਤ ਏਂ, ਤੇ ਕੁੜੀ ਵੀ! ਨਹੀਂ? (ਉਸਨੂੰ ਛੋਹਣ ਲੱਗਦੀ ਹੈ।)

ਪੱਤਰਕਾਰ : (ਸਹਿਜੇ ਹੀ ਉਸਦਾ ਹੱਥ ਹਟਾਉਂਦੇ ਹੋਏ।) ਪਲੀਜ਼..., ਤੁਸੀਂ ਬੀਮਾਰ ਓ ਸ਼ਾਇਦ, ਬੈਠ ਜਾਓ।

ਰਾਬੀਆ : ਕਿਉਂ, ਸੱਚ 'ਨੀ ਜਾਣਨਾ ਤੂੰ, ਹੂੰ... ਨਹੀਂ? ਨਹੀਂ ਜਾਣਨਾ ਤੂੰ ਸੱਚ (ਬਾਹਾਂ ਤੋਂ ਮਜ਼ਬੂਤੀ ਨਾਲ ਫੜ੍ਹ ਲੈਂਦੀ ਹੈ।) ਬਲਾਤਕਾਰ ਦਾ...

ਪੱਤਰਕਾਰ : ਕੀ ਕਰ ਰਹੇ ਓ ਤੁਸੀਂ...

(ਉਸਨੂੰ ਸੁੱਟਣ ਦੀ ਕੋਸ਼ਿਸ਼ ਕਰਦੀ ਹੈ। ਬਲਾਤਕਾਰੀ ਵਾਂਗ ਕਪੜੇ ਉਤਾਰਣ ਦੀ ਐਕਟਿੰਗ ਕਰਦੀ ਹੈ, ਫਿਰਾਉਣ ਉਤਾਰ ਕੇ ਸੁੱਟਦੀ ਹੈ, ਬਾਹਾਂ ਚਾੜਦੀ ਹੈ। ਦੀ ਪੱਤਰਕਾਰ ਬੁਰੀ ਤਰ੍ਹਾਂ ਬੌਂਦਲ ਗਈ ਹੈ, ਉਸਨੂੰ ਸਮਝ ਨਹੀਂ ਆ ਰਹੀ ਕਿ ਆਪਣਾ ਬਚਾਅ ਕਰੇ ਜਾਂ ਕੀ ਕਰੇ। ਡੂਮਣੇ ਦੀ ਅਵਾਜ਼ ਜ਼ੋਰਾਂ 'ਤੇ ਹੈ।)

ਰਾਬੀਆ : ਇਹ ਸੱਚ ਹੁਣ ਤੇਰੇ ਖ਼ੂਨ 'ਚ ਜਾਏਗਾ। ਦੌੜੇਗਾ ਹੁਣ ਉਹ ਸੱਚ... ਤੇਰੀਆਂ ਰਗਾਂ 'ਚ; ਤੇਰੀ ਕੁੱਖ 'ਚ... ਲੱਤਾਂ ਪਸਾਰੇਗਾ।

ਅੰਮਾ : (ਪਾਣੀ ਲੈ ਕੇ ਆਉਂਦੀ ਹੈ।) ਰਾਬੀਆ, ਇਹ ਕੀ ਕਰ ਰਹੀ ਏਂ ਤੂੰ? ਛੱਡ ਇਹਨੂੰ।

ਰਾਬੀਆ : ਕਿਉਂ; ਸੱਚ ਨਹੀਂ ਜਾਣਨਾ ਇਹਨੇ? (ਦੋਹੇਂ ਮਿਲਕੇ ਰਾਬੀਆ ਨੂੰ

ਰੋਕ ਰਹੀਆਂ ਹਨ। ਪਰ ਉਸ 'ਚ ਤਾਂ ਜਿਵੇਂ ਬਲਾਅ ਦਾ ਜ਼ੋਰ ਆ ਗਿਆ ਹੈ। ਉਹ ਪੱਤਰਕਾਰ ਨੂੰ ਸੁੱਟ ਲੈਂਦੀ ਹੈ।) ਛੱਡਦੇ ਮੈਨੂੰ ਅੰਮਾ। ਇੱਕੋ ਵਾਰ ਜਾਣ ਲੈਣ ਦੇ ਨਾ ਇਹਨੂੰ, ਮੁੜ ਕਿਸੇ ਨੂੰ ਪੁੱਛਣ ਦੀ ਲੋੜ ਨੀ ਪਵੇਗੀ। ਏਡੀ ਦੂਰੋਂ ਆਈ ਏ ਇਹ... ਬਲਾਤਕਾਰ ਦਾ ਸੱਚ ਜਾਣਨ।

ਅੰਮਾ : ਹੋਸ਼ 'ਚ ਆ ਰਾਬੀਆ ਤੂੰ ਕੀ... (ਵਾਲ਼ਾਂ ਤੋਂ ਫੜਕੇ ਧੂੰਹਦੀ ਹੈ।) (ਸਕੀਨਾ ਵੀ ਬਾਹਰੋਂ ਆਉਂਦੀ ਹੈ ਤੇ ਬਾਲਣ ਸੁੱਟਕੇ ਰਾਬੀਆ ਨੂੰ ਫੜਦੀ ਹੈ ਤੇ ਉਸਦੇ ਥੱਪੜ ਮਾਰਦੀ ਹੈ। ਉਹ ਸੁੰਨ ਹੋ ਜਾਂਦੀ ਹੈ।)

ਰਾਬੀਆ : (ਉਸਦੇ ਆਪਣੇ ਕੱਪੜੇ ਕੁਝ ਥਾਵਾਂ ਤੋਂ ਫਟ ਗਏ ਹਨ। ਆਪਣੇ ਨਾਰੀ ਰੂਪ ਨੂੰ ਦੇਖਦੀ ਹੈ ਤੇ ਫ਼ੇਰ ਦੁਹੱਥੜ ਮਾਰਕੇ ਰੋਣ ਲੱਗਦੀ ਹੈ।) ਅੰਮੀਏ... ਇੱਕ ਵਾਰ ਮੈਨੂੰ ਦੁਬਾਰਾ ਜਣ ਦੇ... ਉਸ ਦੇਹ 'ਚ... ਜਿੱਥੋਂ ਮੈਂ ਇਹਨੂੰ ਦੱਸ ਸਕਾਂ ਬਲਾਤਕਾਰ ਦਾ ਸੱਚ। (ਕਲਪਦੀ ਹੈ।) ਮੈਂ ਇਹਨੂੰ ਸੱਚ ਦੱਸਣਾ... ਬਲਾਤਕਾਰ ਦਾ; ਓ ਮੌਲ਼ਾ! (ਖ਼ੁਦ ਨੂੰ ਨੋਚਦੀ ਹੈ।) ਕਿਉਂ ਇਸ ਦੇਹ ਤੋਂ ਛੁੱਟ ਨਹੀਂ ਸਕਦੀ ਮੈਂ ... ਬਸ ਇੱਕ ਘੜੀ ... ਫੇਰ ਮੈਂ ਤੈਥੋਂ ਕੁਝ 'ਨੀ ਮੰਗਾਂਗੀ, ਬੱਸ ਇੱਕ ਵਾਰ ਉਹ ਦੇਹ ਦੇ ਮੈਨੂੰ .. ਮੈਂ ਇਹਨੂੰ...। (ਸਕੀਨਾ ਉਸਨੂੰ ਗਲ਼ ਨਾ ਲਾਉਂਦੀ ਹੈ। ਉਹ ਫੁੱਟ-ਫੁੱਟ ਕੇ ਰੋ ਪੈਂਦੀ ਹੈ।) ਤੂੰ ਮੈਨੂੰ ਮਾਰਿਆ, ਸ਼ਕੀਲ ਵੀ ਮਾਰਦੈ, ਮੈਂ ਛੋਟੇ ਜਿਹੇ ਦੇ ਮੂੰਹ 'ਤੇ ਕਾਲਖ਼ ਮਲ਼ 'ਤੀ, (ਉਸ ਵੱਲ ਦੇਖਦੀ ਹੈ।) ਮੈਨੂੰ ਪਤਾ ਹੀ 'ਨੀ ਲੱਗਿਆ। ਸੱਭ ਮਾਰਦੇ ਨੇ ਮੈਨੂੰ, ਆ ਨਾ (ਪੱਤਰਕਾਰ ਨੂੰ) ਤੂੰ ਵੀ ਮਾਰ, ਪਰ... ਮੁਆਫ਼ ਕਰਦੇ ਮੈਨੂੰ, (ਸੁੰਗੜਦੀ ਜਾਂਦੀ ਹੈ।) ਮੈਂ ਨਹੀਂ ਦੱਸ ਸਕਦੀ ਤੈਨੂੰ, ਕੀ ਹੁੰਦੈ ਬਲਾਤਕਾਰ... ਨਹੀਂ ਮੈਂ ਨਹੀਂ ਦੱਸ ਸਕਦੀ... ਸਚਾਈ ...ਤੈਨੂੰ। (ਕੰਬਣ ਲੱਗਦੀ ਹੈ।)

ਸਕੀਨਾ : ਅੰਮਾ, ਅੰਦਰ ਲੈਜਾ ਇਸਨੂੰ।
(ਅੰਮਾ ਰਾਬੀਆ ਨੂੰ ਲੈ ਕੇ ਜਾਂਦੀ ਹੈ। ਉਹ ਸੁਭਕਦੀ ਹੋਈ ਜਾਂਦੀ

ਹੈ।)

ਰਾਬੀਆ : ਮੈਨੂੰ ਮਾਫ਼ ਕਰ ਦਿਓ... ਮੈਂ ਕਿਸੇ ਨੂੰ ਨਹੀਂ ਦੱਸ ਸਕਦੀ...

ਚੁੱਪ!!!

ਸਕੀਨਾ : ਦੇਖ ਲਿਆ ਤੁਸੀਂ ਕਿਹੋ-ਜਿਹੇ ਲੋਕ ਆਂ ਅਸੀਂ। ਕਾਫ਼ੀ ਮਸਾਲਾ ਹੋ ਗਿਆ ਹੋਵੇਗਾ ਹੁਣ ਤੁਹਾਡੇ ਕੋਲ਼। ਜੇ ਚਾਹੋ ਤਾਂ ਜਾ ਸਕਦੇ ਹੋ। ਤਹਿਜ਼ੀਬ ਦਾ ਤਕਾਜਾ ਏ... ਕਿ ਮੈਂ ਕਹਾਂ, ਅਫ਼ਸੋਸ ਜਤਾਵਾਂ, ਜੋ ਵੀ ਹੋਇਆ...

ਪੱਤਰਕਾਰ : ਨਹੀਂ... (ਝਿਜਕਦੇ ਹੋਏ।) ਮੈਂ ਸਮਝਦੀ ਹਾਂ...

ਸਕੀਨਾ : ਇਹ ਵਹਿਮ ਬਹੁਤ ਖ਼ਤਰਨਾਕ ਏ। ਨਾ ਸਮਝਣ ਨਾਲੋਂ ਵੀ ਜ਼ਿਆਦਾ, ਕਿਤੇ ਜ਼ਿਆਦਾ। ਇਹ ਸਮਝਣ ਨਹੀਂ ਦਿੰਦਾ, ਕਿਉਂਕਿ ਸਾਨੂੰ ਲਗਦੈ ਕਿ ਸਾਨੂੰ ਤਾਂ ਪਤਾ ਐ, ਅਸੀਂ ਸਮਝਦੇ ਆਂ, ਦੂਜਿਆਂ ਕੋਲ਼ੋਂ ਤਾਂ ਬੱਸ ਮੋਹਰ ਈ ਲਵਾਉਣੀ ਐ।
ਚੁੱਪੀ!!!

ਪੱਤਰਕਾਰ : ਮੇਰਾ ਇਹ ਮਤਲਬ ਨਹੀਂ ਸੀ ਕਿ ਮੈਂ...

ਸਕੀਨਾ : (ਉਸੇ ਬੇਲਾਗ ਭਾਵ 'ਚ) ਤੇ ਸਮਝਕੇ ਕਰੋਗੇ ਵੀ ਕੀ, ਕੀ ਕਰ ਸਕੇ ਓ...?

ਪੱਤਰਕਾਰ : ਮੱਦਦ... (ਆਪਣੀ ਹਰ ਗੱਲ ਉਸਨੂੰ ਅਧੂਰੀ ਛੱਡਣੀ ਪੈਂਦੀ ਹੈ।) ਜੇ ਹੋ ਸਕੇ?

ਸਕੀਨਾ : ਮੁਆਫ਼ ਕਰਨਾ; ਅੱਗੇ ਈ ਬਹੁਤ ਅਹਿਸਾਨ ਨੇ ਸਾਡੇ 'ਤੇ... ਮੱਦਦਗਾਰਾਂ ਦੇ, ਬਹੁਤ ਬੋਝ ਹੈ, ਜੋ ਸਾਨੂੰ ਢੋਣਾ ਪਿਆ, ਤੇ ਹੁਣ ਅਸੀਂ ਹੋਰ ਨਹੀਂ ਢੋਅ ਸਕਦੇ... (ਪਹਿਲੀ ਵਾਰ ਅਵਾਜ਼ 'ਚ ਹਲਕੀ ਜਿਹੀ ਤਲਖ਼ੀ ਆਉਂਦੀ ਹੈ।) ਤੇ ਚਾਹੁੰਦੇ ਵੀ ਨਹੀਂ। (ਸਿੱਧਾ ਪੱਤਰਕਾਰ ਨੂੰ ਮੁਖ਼ਾਤਬ ਹੋਕੇ।) ਕੀ ਹੁੰਦੈ ਬਲਾਤਕਾਰ? ਅਤੇ ਕੀ ਹੁੰਦੀ ਏ ਹਮਦਰਦੀ? (ਹਾਉਕਾ।) ਹਮਦਰਦਾਂ ਨੇ ਝੰਡੇ ਬਣਾਕੇ ਝੁਲਾਇਆ ਹੈ ਸਾਡੇ ਜਿਸਮਾਂ ਨੂੰ..., ਗ਼ਾਜ਼ੀਆਂ ਨੇ ਪੋਸਟਰ ਬਣਾਕੇ ਖੰਭਿਆਂ 'ਤੇ ਟੰਗਿਆ, ਦੁਖਤਰੇ ਇਸਲਾਮ ਜੋ ਆਂ, ਅਸੀਂ। (ਤਲਖ਼ੀ ਵਧਦੀ ਜਾਂਦੀ ਹੈ।) ਮਸਾਲਾ ਬਣ ਗਈਆਂ ਉਹਨਾਂ ਦੇ

ਤੋਪਖ਼ਾਨੇ ਦਾ। ਆਹ! ਪਿੰਡ ਦੇ ਬਜ਼ੁਰਗ..., ਸਾਡੇ ਆਪਣੇ..., ਬੁਰਕਾ ਲਹਿ ਜਾਏ ਤਾਂ ਤੂਫ਼ਾਨ ਖੜ੍ਹਾ ਹੋ ਜਾਂਦਾ ਸੀ, ਤੇ ਹੁਣ ਨੁਮਾਇਸ਼ ਬਣ ਗਈਆਂ। ਕੀ ਜਾਂਦਾ ਸੀ, ਦੁਨੀਆ ਭਰ ਦੇ ਚੈਨਲਾਂ ਦਾ ਜੇ ਅਸੀਂ ਇਸ ਅਨਜਾਣੇ ਜਿਹੇ ਪਿੰਡ 'ਚ ਮਰ-ਖੱਪ ਜਾਂਦੀਆਂ? ਕਿਉਂ ਸਾਨੂੰ ਮੂੰਹ ਛੁਪਾਉਣ ਜੋਗਾ ਵੀ ਨਹੀਂ ਛੱਡਿਆ,...ਆਪਣੀ ਮਰਜ਼ੀ ਨਾਲ? ਕਿਉਂ ਤੁਸੀਂ ਹੱਥ ਧੋ ਕੇ ਸਾਡੇ ਪਿੱਛੇ ਪਏ ਓ?

ਪੱਤਰਕਾਰ : (ਥੋੜ੍ਹਾ ਦ੍ਰਿੜ ਅੰਦਾਜ਼ ਵਿੱਚ।) ਤੁਹਾਡਾ ਮਤਲਬ ਤੁਹਾਨੂੰ ਸਭ ਨੂੰ ਆਪਣੇ ਹਾਲਾਤ ਉੱਪਰ ਛੱਡ ਦਿੱਤਾ ਜਾਏ, ਬਾਕੀ ਸਾਰੇ ਵੀ ਤਾਂ ਇਹੋ ਚਾਹੁੰਦੇ ਨੇ? ਸਜ਼ਾ ਨਹੀਂ ਦੁਆਣਾ ਚਾਹੁੰਦੇ ਮੁਜ਼ਰਮਾਂ ਨੂੰ। ਇਹ ਤਾਂ ਮੁਜ਼ਰਮਾਂ ਦੇ ਹੱਥ 'ਚ ...

ਸਕੀਨਾ : ਬੱਸ। ਰਹਿਣ ਦਿਓ, ਤੁਹਾਨੂੰ ਪਤੈ ਮੁਜ਼ਰਿਮ ਕੌਣ ਨੇ? ਰਹਿੰਦੇ ਕਿੱਥੇ ਨੇ? ਇੱਥੇ... ਘਰਾਂ ਜਾਂ ਜੰਗਲਾਂ ਵਿੱਚ ਜਾਂ ਛਾਉਣੀਆਂ ਅੰਦਰ, ਕਿੱਥੇ? (ਹਾਉਕਾ) ਮੁਆਫ਼ ਕਰਨਾ, ਮੈਂ ਤੁਹਾਨੂੰ ਕੁਝ ਨਹੀਂ ਕਹਿ ਰਹੀ। (ਚੁੱਪ)

ਪਰ... ਕੀ ਲੋੜ ਸੀ? ਇਹਨਾਂ ਜਿਸਮਾਂ ਨੂੰ ਐਨੀ ਅਹਿਮੀਅਤ ਦੇਣ ਦੀ ਕਿ ਜ਼ਿੰਦਗੀ ਹੀ ਪਿੱਛੇ ਰਹਿ ਜਾਏ... ਖੜ੍ਹ ਜਾਏ।

ਚੁੱਪ!!!

ਪੱਤਰਕਾਰ : ਤੁਹਾਡੀ ...ਟਰੈਜਡੀ ਦਾ ਇਸਤੇਮਾਲ ਹੋਇਆ, ਸੱਭ ਨੇ ਕੀਤਾ; ਨੈਸ਼ਨਲ ਮੀਡਿਆ ਤੋਂ... ਲੈ ਕੇ (ਹਾਉਕਾ) ਦਹਿਸ਼ਤਗਰਦਾਂ ਤੱਕ, ਸਭ ਮੁਜ਼ਰਿਮ ਨੇ। ਮੰਨਦੀ ਆਂ, ਪਰ ਇਹ ਗੱਲ ਕਹੇਗਾ ਕੌਣ, ਤੇ ਕਿਵੇਂ ? ਜੇ ਮੀਡਿਆ ਹੀ ਪਰਦਾਫਾਸ਼ ਨਹੀਂ ਕਰੇਗਾ ਤਾਂ...

ਸਕੀਨਾ : ਤੇ ਤੁਹਾਡਾ?

ਪੱਤਰਕਾਰ : ਜੀ? (ਰੰਗ ਉੱਡ ਜਾਂਦਾ ਹੈ।)

ਸਕੀਨਾ : ਤੁਹਾਡਾ ਪਰਦਾਫਾਸ਼ ਕੌਣ ਕਰੇਗਾ, ਮੀਡੀਏ ਦਾ? ਤੇ... ਸਾਡਾ ਵੀ। (ਚੁੱਪ) ਜਦੋਂ ਦੁਰਘਟਨਾ ਹੀ ਤੁਹਾਡੀ ਪਛਾਣ ਬਣ ਜਾਏ, (ਕੰਬ ਜਾਂਦੀ ਹੈ।) ਤਾਂ ਪਤਾ ਨਹੀਂ ਲੱਗਦਾ, ਕਦੋਂ ਅਸੀਂ ਪਾਲਣ

ਲੱਗ ਜਾਂਦੇ ਆਂ ਉਸਨੂੰ, ਆਪਣੇ ਈ ਲਹੂ ਨਾਲ। (ਚੁੱਪ) ਕਦੋਂ ਜ਼ਖ਼ਮ ਖੁਰਾਕ ਬਣ ਜਾਂਦੇ ਉਸ... 'ਮੈਂ' ਦੀ... ਪਤਾ ਈ ਨਹੀਂ ਚੱਲਦਾ। ਮੈਂ ਕੋਈ ਫ਼ਲਸਫ਼ੀ ਨਹੀਂ ਹਾਂ, ਬੱਸ ਇੰਝ ਹੁੰਦੇ ਦੇਖਿਆ। ਪਤਾ ਈ ਨਹੀਂ ਲੱਗਦਾ ਕਿ ਤੁਸੀਂ... ਲਕੀਰ ਦੇ ਕਿਸ ਪਾਸੇ ਓ, ਸ਼ਿਕਾਰੀ ਹੋ ਜਾਂ ਸ਼ਿਕਾਰ। (ਪੱਤਰਕਾਰ ਬੋਲਣ ਲੱਗਦੀ ਹੈ, ਪਰ ਉਹ ਮੌਕਾ ਨਹੀਂ ਦਿੰਦੀ।) ਤੁਸੀਂ ਕਿਸ ਪਾਸੇ ਓ?

ਪੱਤਰਕਾਰ : ਜੀ ਮੈਂ... (ਬੇਚੈਨ ਹੋ ਕੇ ਇਧਰ-ਓਧਰ ਦੇਖਦੀ ਹੈ, ਜਿਵੇਂ ਬੇਤਾਲ ਨੂੰ ਲੱਭ ਰਹੀ ਹੋਵੇ।) ਮੈਂ...

ਸਕੀਨਾ : ਮੰਨ ਲੈਂਦੀ ਆਂ ਕਿ ਤੁਸੀਂ ਇੱਥੇ ਤਿਜਾਰਤ ਲਈ ਨਹੀਂ ਆਏ, ਕੈਰੀਅਰ ਲਈ ਨਹੀਂ ਆਏ, ਤੇ ਯਕੀਨ ਕਰੋ ਕਿ... ਤੁਸੀਂ ਕੋਈ... ਅਜਿਹੇ ਪਹਿਲੇ ਸ਼ਖ਼ਸ ਵੀ ਨਹੀਂ ਹੋ।

ਪੱਤਰਕਾਰ : (ਪਸੀਨਾ ਪੂੰਝਦੀ ਹੋਈ ਉੱਠ ਖੜ੍ਹੀ ਹੁੰਦੀ ਹੈ।) ਮੁਆਫ਼ ਕਰਨਾ... ਮੇਰੀ ਤਬੀਅਤ ਜ਼ਰਾ ...! ਮੈਂ ਫੇਰ ਆਵਾਂਗੀ!

ਚੁੱਪੀ!!!

(ਬਾਹਰੋਂ ਫਾਇਰਿੰਗ ਦੀਆਂ ਅਵਾਜ਼ਾਂ ਆਉਂਦੀਆਂ ਹਨ।)

ਪੱਤਰਕਾਰ : (ਘਬਰਾਕੇ) ਇਹ ਫਾਇਰਿੰਗ।

ਸਕੀਨਾ : (ਸ਼ਾਂਤ ਹੈ, ਜਿਵੇਂ ਕੁਝ ਹੋਇਆ ਹੀ ਨਾ ਹੋਵੇ।) ਤੁਹਾਨੂੰ ਰੁਕਣਾ ਪਏਗਾ; ਪਤਾ ਨਹੀਂ ਕਿੰਨੀ ਦੇਰ (ਪੱਤਰਕਾਰ ਉਸਦਾ ਮੂੰਹ ਦੇਖਦੀ ਰਹਿ ਜਾਂਦੀ ਹੈ।) ਜਾਣ ਜਾਓਗੇ ਤੁਸੀਂ... ਹੁਣੇ, ਕਿ ਕਿਉਂ ਲੋਕੀਂ ਇਸ ਪਿੰਡ ਦਾ ਨਾਂ ਲੈਣ ਤੋਂ ਕਤਰਾਉਂਦੇ ਨੇ।

(ਇੱਕ ਪੇਂਡੂ ਹਫਿਆ ਹੋਇਆ ਆਉਂਦਾ ਹੈ। ਅੰਦਰੋਂ ਅੰਮਾ ਵੀ ਆਉਂਦੀ ਹੈ।)

ਅੰਮਾ : ਕੀ ਹੋਇਆ ਇਹ...?

ਪੇਂਡੂ : ਲੁਕ ਜਾਓ ਤੁਸੀਂ ਛੇਤੀ। ਹਾਫ਼ਿਜ਼ ਘਰੇ ਛਾਪਾ ਪਿਆ, ਸ਼ਕੀਲ ਵੀ ਫੜਿਆ ਗਿਆ, ਪਤਾ ਨਹੀਂ...

ਅੰਮਾ : ਹਾਏ ਅੱਲ੍ਹਾ! ਕੀ ਹੋਇਆ ਮੇਰੇ ਸ਼ਕੀਲ ਨੂੰ...

ਪੇਂਡੂ : ਗੱਲਾਂ ਦਾ ਟਾਈਮ 'ਨੀ... (ਦੌੜ ਜਾਂਦਾ ਹੈ)। ਪੁਲੀਸ ਇੱਧਰ ਈ

ਆ ਰਹੀ ਐ, ਛੇਤੀ ਕਰੋ...

ਅੰਮਾ : (ਉੱਚੀ) ਕੀ ਹੋਇਆ ਮੇਰੇ ਸ਼ਕੀਲ ਨੂੰ? (ਉਨ੍ਹਾਂ ਵੱਲ ਮੁੜਕੇ) ਸਕੀਨਾ, ਸੁਣਿਆ ਤੁਸੀਂ...
(ਸਕੀਨਾ ਸ਼ਾਂਤ ਖੜ੍ਹੀ ਹੈ। ਪੱਤਰਕਾਰ ਪੂਰੀ ਤਰ੍ਹਾਂ ਨਰਵਸ ਹੋ ਚੁੱਕੀ ਹੈ।)

ਅੰਮਾ : ਬੋਲਦੀ ਕਿਉਂ ਨਹੀਂ ਤੂੰ?

ਸਕੀਨਾ : ਕੁਝ ਨਹੀਂ ਮਾਂ, (ਇੱਕ ਜ਼ਹਿਰੀਲੀ ਮੁਸਕਾਨ ਚਿਹਰੇ 'ਤੇ ਫ਼ੈਲਦੀ ਹੈ।) ਮਰਦ ਬਣਨ ਦੀ ਕੋਸ਼ਿਸ਼ ਕੀਤੀ ਏ... ਉਸਨੇ ਵੀ ...ਮਰਦ।
(ਬਾਹਰੋਂ ਅਨਾਊਂਸਮੈਂਟ ਹੁੰਦੀ ਹੈ।)

ਅਨਾਊਂਸਮੈਂਟ : ਸਾਰੇ ਮਰਦ ਹੱਥ ਖੜ੍ਹੇ ਕਰਕੇ ਛੱਤਾਂ 'ਤੇ ਆ ਜਾਣ। ਕੋਈ ਘਰਾਂ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਨਾ ਕਰੇ।

ਚੁੱਪ !!!

ਸਕੀਨਾ : (ਪੱਤਰਕਾਰ ਨੂੰ, ਮੁਸਕਰਾਉਂਦੇ ਹੋਏ।) ਕਿਹਾ ਸੀ ਨਾ, ਕੋਈ ਘਟਨਾ ਨਹੀਂ ਏ ਬਲਾਤਕਾਰ, ਜੰਗਲ ਹੈ ਅਤੇ ਪਤਾ ਨਹੀਂ ਲੱਗਦਾ ਤੁਸੀਂ ਕਿਸ ਪਾਸੇ ਓ। (ਪੱਤਰਕਾਰ ਬੁੱਲਾਂ 'ਤੇ ਜੀਭ ਫੇਰਦੀ ਗਲ਼ਾ ਤਰ ਕਰਨ ਦੀ ਕੋਸ਼ਿਸ਼ ਕਰਦੀ ਹੈ।) ਨਹੀਂ ਅਸੀਂ ਨੀ ਦੁਆਣੀ ਕਿਸੇ ਨੂੰ ਸਜ਼ਾ।
(ਇੱਕ ਇੰਸਪੈਕਟਰ ਤੇ ਦੋ ਸਿਪਾਹੀ ਅੰਦਰ ਆਉਂਦੇ ਹਨ।)

ਇੰਸਪੈਕਟਰ : ਸਾਈਡ ਤੇ ਹੋ ਜਾਓ ਸੱਭ। ਕੋਈ ਭੱਜਣ ਦੀ ਕੋਸ਼ਿਸ਼ ਨਹੀਂ ਕਰੇਗਾ। ਅੰਦਰ ਜਾਓ, ਤਲਾਸ਼ੀ ਲਓ ਸਾਰੇ ਘਰ ਦੀ। ਫਰੋਲ ਮਾਰੋ... (ਸਿਪਾਹੀ ਅੰਦਰ ਜਾਂਦੇ ਹਨ।)

ਸਕੀਨਾ : ਸਜ਼ਾ ਦਾ ਇਹ ਸਿਲਸਿਲਾ...

ਪੱਤਰਕਾਰ : (ਆਪਣਾ ਆਈ-ਕਾਰਡ ਦਿਖਾਉਂਦੀ ਹੋਈ।) ਇੰਸਪੈਕਟਰ, ਆਈ ਐਮ ਜਰਨਲਿਸਟ ਫ਼ਾਮ...।

ਇੰਸਪੈਕਟਰ : ਸਾਈਡ..., ਸਾਈਡ ਤੇ ਖੜ੍ਹੇ ਰਹੋ, ਚੁੱਪਚਾਪ।
(ਅੰਦਰੋਂ ਚੀਖ਼ਾਂ ਮਾਰਦੀ ਰਾਬੀਆ ਬਾਹਰ ਆਉਂਦੀ ਹੈ ਤੇ ਅੰਮਾ ਨਾਲ ਚਿੰਬੜ ਜਾਂਦੀ ਹੈ। ਅੰਮਾ ਬੁੱਤ ਬਣੀ ਖੜ੍ਹੀ ਹੈ। ਸਿਪਾਹੀ

ਘਰ ਦੇ ਅੰਦਰੋਂ ਸਮਾਨ ਲਿਆ-ਲਿਆ ਕੇ ਉੱਥੇ ਸੁੱਟਦੇ ਹਨ। ਬਾਹਰੋਂ ਫਾਇਰਿੰਗ ਦੀ ਆਵਾਜ਼ ਆ ਰਹੀ ਹੈ।)

ਪੱਤਰਕਾਰ : ਬਟ ਹਾਓ ਕੈਨ ਯੂ ਬਿਹੇਵ ਲਾਇਕ...

ਇੰਸਪੈਕਟਰ : (ਚੀਖ਼ਕੇ) ਸ਼ਟਅਪ। ਪਤਾ ਐ ਨਾ ਖੜ੍ਹੇ ਕਿੱਥੇ ਹੋ ਤੁਸੀਂ, ਇੰਨੀਆਂ ਸਸਤੀਆਂ ਨਹੀਂ ਸਾਡੇ ਬੰਦਿਆਂ ਦੀਆਂ ਜਾਨਾਂ। ਚੁੱਪਚਾਪ ਖੜ੍ਹੇ ਰਹੋ, ਨਹੀਂ ਸਾਨੂੰ ਕੋਈ ਐਕਸ਼ਨ ਲੈਣਾ ਪਵੇਗਾ, ਤੁਰੰਤ। (ਗੌਰ ਨਾਲ ਉਸ ਵੱਲ ਦੇਖਦਾ ਹੈ ਤੇ ਵਿਅੰਗ ਨਾਲ ਹੱਸਦਾ ਹੈ। ਪੱਤਰਕਾਰ ਨੂੰ ਪਹਿਲੀ ਵਾਰ ਆਪਣੇ ਔਰਤ ਹੋਣ ਦਾ ਅਹਿਸਾਸ ਹੁੰਦਾ ਹੈ। ਉਹ ਡਰ ਜਾਂਦੀ ਹੈ ਤੇ ਅਚੇਤ ਹੀ ਨਾਲ ਖੜ੍ਹੀ ਸਕੀਨਾ ਦਾ ਹੱਥ ਫੜਣ ਦੀ ਕੋਸ਼ਿਸ਼ ਕਰਦੀ ਹੈ।) ਗੌਰਮੈਂਟ ਸੁੱਤੀ ਨਹੀਂ ਮਿਸ... (ਬਾਹਰ ਫਾਇਰਿੰਗ ਤੇਜ਼ ਹੁੰਦੀ ਹੈ। ਕੁਝ ਬੰਦਿਆਂ ਦੀਆਂ ਅਵਾਜ਼ਾਂ ਵੀ ਆਉਂਦੀਆਂ ਹਨ। ਇੰਸਪੈਕਟਰ ਬਾਹਰ ਵੱਲ ਨੂੰ ਭੱਜਦਾ ਹੈ।)

ਸੰਨਾਟਾ!!!

(ਡੂਮਣੇ ਦੀ ਅਵਾਜ਼ ਤੇਜ਼ ਹੁੰਦੀ ਹੈ। ਰੋਸ਼ਨੀ ਮੱਧਮ ਹੁੰਦੀ ਜਾਂਦੀ ਹੈ।)

ਫ਼ੇਡ ਅਊਟ

(ਮੁੜ ਰੋਸ਼ਨੀ ਹੁੰਦੀ ਹੈ। ਬੇਤਾਲ ਤੇ ਪੱਤਰਕਾਰ ਇੱਕ ਸਪਾਟ 'ਚ ਖੜੇ ਹਨ।)

ਬੇਤਾਲ : (ਗੌਰ ਨਾਲ ਉਸ ਵੱਲ ਦੇਖਦੇ ਹੋਏ।) ਫੇਰ, ਸੁਣਾ... ਕੀ ਜਾਣਿਆ ਤੂੰ?

ਪੱਤਰਕਾਰ : ਮੈਂ ਜਾਣਿਆ, ਕਿ ਮੈਂ ਨਹੀਂ ਜਾਣ ਸਕਦੀ ਕਿ ਕੀ ਹੁੰਦੈ ਬਲਾਤਕਾਰ। (ਉਸਦੀਆਂ ਅੱਖਾਂ 'ਚ ਦੇਖਦੀ ਹੈ।) ਪਰ ਇਹ ਸੱਚ ਮੈਂ... ਉੱਥੇ ਜਾਏ ਬਗ਼ੈਰ ਨਹੀਂ ਸੀ ਦੇਖ ਸਕਦੀ।

ਬੇਤਾਲ : (ਖੀ ਖੀ ਕਰਕੇ ਹੱਸ ਪੈਂਦਾ ਹੈ। ਉਸਦੀ ਘੂਰੀ ਦੇਖ ਕੇ ਚੁੱਪ ਕਰ ਜਾਂਦਾ ਹੈ।) ਹੂੰ।

ਪੱਤਰਕਾਰ : ਉਹ ਸਿਲਸਿਲਾ ਤਾਂ ਉਵੇਂ ਦਾ ਉਵੇਂ ਜਾਰੀ ਸੀ, ਜਾਣ-ਪਛਾਣ ਸੀ ਮੇਰੀ, ਕਿਵੇਂ ਨਾ ਕਿਵੇਂ ਨਿਕਲ ਆਈ, ਪਤਾ ਨਹੀਂ ਇਹ ਵੀ ਵਹਿਮ ਹੋਏ ਮੇਰਾ।

ਬੇਤਾਲ : (ਆਪਣਾ ਹਾਸਾ ਰੋਕਦਾ ਹੈ।) ਨਹੀਂ; ਤੂੰ... ਹਾਂ... (ਬੋਲਣ ਦਾ ਇਸ਼ਾਰਾ ਕਰਦਾ ਹੈ।)

ਪੱਤਰਕਾਰ : ਛਿੜੇ ਹੋਏ ਡੂਮਣੇ ਵਰਗੀ ਉਸਦੀ ਅਵਾਜ਼ ਉਵੇਂ ਈ ਅੰਦਰ-ਬਾਹਰ ਗੂੰਜਦੀ ਐ, ਪਤਾ ਨਹੀਂ ਆਉਂਦੀ... ਕਿਸ ਪਾਸਿਓਂ ਐ? ਨਾ ਉਸਦੇ ਹੱਥ ਨੇ, ਨਾ ਸਿਰ-ਪੈਰ; ਪਰ ਉਸਨੇ ਜਕੜ ਰੱਖਿਆ ਮੈਨੂੰ: 'ਕਿਸ ਪਾਸੇ ਐਂ ਤੂੰ... ਲਕੀਰ ਦੇ, ਇਸ ਪਾਰ ਜਾਂ ਉਸ ਪਾਰ, ਸ਼ਿਕਾਰੀ ਏਂ ਜਾਂ ਸ਼ਿਕਾਰ?'

(ਬੇਤਾਲ ਠਹਾਕਾ ਮਾਰਦਾ ਹੋਇਆ ਨੱਸ ਜਾਂਦਾ ਹੈ। ਰੋਸ਼ਨੀ ਇਕਦਮ ਮੱਧਮ ਪੈ ਜਾਂਦੀ ਹੈ। ਸਾਰੇ ਪਾਤਰ ਪਹਿਲੇ ਦ੍ਰਿਸ਼ ਵਾਂਗ ਮੁੜ ਮੰਚ

’ਤੇ ਆਉਂਦੇ ਹਨ। ਕਿਸੇ ਦੀ ਕੋਈ ਪਛਾਣ ਨਹੀਂ ਹੋ ਪਾਉਂਦੀ। ਪੱਤਰਕਾਰ ’ਵਾਜ਼ਾਂ ਮਾਰਦੀ ਹੋਈ ਉਸਦੇ ਪਿੱਛੇ ਦੌੜਦੀ ਹੈ। ਉਹ ਹੱਸਦਾ ਹੋਇਆ ਕਦੇ ਇੱਕ ਪਾਤਰ ਪਿੱਛੇ ਲੁਕਦਾ ਹੈ ਕਦੇ ਦੂਸਰੇ ਦੇ।)

ਪੱਤਰਕਾਰ : ਇਹ ਗ਼ਲਤ ਹੈ; ਸਰਾਸਰ ਜ਼ਿਆਦਤੀ, ਤੂੰ ਇੰਜ ਨਹੀਂ ਕਰ ਸਕਦਾ। ਤੈਨੂੰ ਦੱਸਣਾ ਪਵੇਗਾ... ਕਿਸ ਪਾਸੇ ਹਾਂ ਮੈਂ? (ਬੇਤਾਲ ਹੋਰ ਵੀ ਉੱਚੀ ਹੱਸਦਾ ਹੈ।) ਜਾਣਦੇ ਹੋਏ ਵੀ ਜੇ ਤੂੰ ਸੱਚ ਨਹੀਂ ਦੱਸੇਂਗਾ... ਤਾਂ ਤੇਰਾ ਸਿਰ ਫਟ ਜਾਏਗਾ, ਸੌ ਟੁਕੜੇ ਹੋ ਜਾਣਗੇ ਇਸਦੇ।


ਬੇਤਾਲ : (ਜ਼ੋਰਦਾਰ ਹਾਸਾ।) ਮੇਰੇ ਮੁਕੱਦਰਾਂ ’ਚ ਮੌਤ ਨਹੀਂ। ਧੂੰਨੀ ਵਿੱਚ ਅੰਮ੍ਰਿਤ ਹੈ ਮੇਰੇ, ਸਿਰ ਮੁੜ ਉਗਾ ਲਵੇਗਾ... ਹੱਥ-ਪੈਰ ਤੇ ਨਹੁੰਦਰਾਂ ਵੀ।

(ਪੱਤਰਕਾਰ ਬੇਤਾਲ ਨੂੰ ਫੜ ਲੈਂਦੀ ਹੈ, ਸਾਰੇ ਪਾਤਰ ਬਾਹਰ ਨਿਕਲ ਜਾਂਦੇ ਹਨ। ਦੋਹੇਂ ਗੁੱਥਮ-ਗੁੱਥਾ ਹੁੰਦੇ ਹਨ।)

ਬੇਤਾਲ : ਛੱਡਦੇ ਮੈਨੂੰ, ਛੱਡ ਦੇ...; ਮੇਰੇ ਕੋਲ ਜਵਾਬ ਨਹੀਂ ਤੇਰੇ ਸਵਾਲ ਦਾ। ਮੈਂ ਨਹੀਂ ਜਾਣਦਾ... ਮੇਰੀ ਧੂੰਨੀ ਕਿੱਥੇ ਹੈ, ਨਹੀਂ ਪਤਾ ਮੈਨੂੰ... ਮੇਰੀ ਧੂੰਨੀ...

(ਬੇਤਾਲ ਦੀਆਂ ਸਿਸਕੀਆਂ ਉਭਰਦੀਆਂ ਹਨ, ਉਹ ਡੁਸਕਣ ਲੱਗਦਾ ਹੈ। ਪੱਤਰਕਾਰ ਦੀ ਪਕੜ ਢਿੱਲੀ ਹੋਣ ਲੱਗਦੀ ਹੈ, ਉਹ ਸ਼ਾਂਤ ਹੁੰਦੀ ਜਾ ਰਹੀ ਹੈ। ਡੂਮਣੇ ਦੀ ਅਵਾਜ਼ ਸ਼ਾਂਤ ਹੋਣ ਲੱਗਦੀ ਹੈ। ਰੋਸ਼ਨੀ ਅਲੋਪ ਹੋ ਜਾਂਦੀ ਹੈ।)

ਫ਼ੇਡ ਆਊਟ




Autumn Art

Play

ISBN 1989310008-7

9781989310083

Autumnartpublishers@gmail.com

145/-